ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 30 | 31 July 2019 to 06 August 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਭਾਰਤ 'ਚ ਭਗਵੇਂ ਅੱਤਵਾਦੀਆਂ ਦੀ ਦਹਿਸ਼ਤ

- **ਸੁਪਰੀਮ ਕੋਰਟ ਵਲੋਂ ਹਜੂਮੀ ਹਿੰਸਾ ਬਾਰੇ ਹਦਾਇਤਾਂ ਲਾਗੂ ਨਾ ਕਰਨ 'ਤੇ ਕੇਂਦਰ ਅਤੇ ਸੂਬਿਆਂ ਨੂੰ ਨੋਟਿਸ**

**ਨਵੀਂ ਦਿੱਲੀ/ਏਟੀ ਨਿਊਜ਼ :** 17ਵੀਆਂ ਲੋਕ ਸਭਾ ਚੋਣਾਂ ਵਿੱਚ ਇੱਕ ਵਾਰ ਫੇਰ ਭਾਜਪਾ ਦੇ ਸੱਤ੍ਹਾ ਵਿੱਚ ਆਉਣ ਨਾਲ਼ ਭਾਰਤ ਦੇ ਕਿਰਤੀ ਲੋਕਾਂ, ਦਲਿਤਾਂ, ਧਾਰਮਿਕ ਘੱਟ ਗਿਣਤੀਆਂ ਅਤੇ ਭਾਰਤ ਦੇ ਹਾਕਮਾਂ ਵੱਲੋਂ ਦੱਬੀਆਂ-ਕੁਚਲੀਆਂ, ਗ਼ੁਲਾਮ ਬਣਾਈਆਂ ਗਈਆਂ ਕੌਮੀਅਤਾਂ ਲਈ ਖ਼ਤਰੇ ਦੀ ਘੰਟੀ ਵੱਜ ਰਹੀ ਹੈ। ਕਸ਼ਮੀਰ ਵਿਚੋਂ ਧਾਰਾ 370 ਹਟਾਉਣ ਲਈ ਵੀ ਭਗਵਾਂ ਲਾਣਾ ਵਾਰ-ਵਾਰ ਧਮਕੀਆਂ ਦੇ ਰਿਹਾ ਹੈ। ਭਾਜਪਾ ਦੇ ਸੱਤਾ ਵਿੱਚ ਆਉਂਦਿਆਂ ਹੀ ਰਾਸ਼ਟਰੀ ਸਵੈਸੇਵਕ ਸੰਘ ਦੇ ਗੁੰਡੇ ਗਰੋਹਾਂ ਨੇ ਦਲਿਤਾਂ ਅਤੇ ਧਾਰਮਿਕ ਘੱਟ ਗਿਣਤੀਆਂ, ਖ਼ਾਸਕਰ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਸੋਸ਼ਲ ਮੀਡੀਆ 'ਤੇ ਇਸ ਤਰਾਂ ਦੇ ਵੀਡੀਓ ਹਰ ਰੋਜ਼ ਸਾਹਮਣੇ ਆ ਰਹੇ ਹਨ ਜਿਸ ਵਿੱਚ ਫਾਸੀਵਾਦੀ ਗਰੋਹ ਮੁਸਲਮਾਨਾਂ ਨੂੰ ਘੇਰ ਕੇ ਉਨ੍ਹਾਂ ਨੂੰ 'ਜੈ ਸ਼੍ਰੀ ਰਾਮ' ਕਹਿਣ ਲਈ ਮਜਬੂਰ ਕਰ ਰਹੇ ਹਨ, ਉਨ੍ਹਾਂ ਨਾਲ਼ ਕੁੱਟ-ਮਾਰ ਕਰ ਰਹੇ ਹਨ ਅਤੇ ਕਤਲ ਕਰ ਰਹੇ ਹਨ। ਮੋਦੀ ਦੇ ਪ੍ਰਧਾਨ ਮੰਤਰੀ ਅਹੁਦੇ 'ਤੇ ਸਹੁੰ ਚੁੱਕਣ ਦੌਰਾਨ ਜੋ ਘਟਨਾ ਹੋਈ ਉਸ ਦੀ ਝਲਕ ਵੇਖੋ ਅਤੇ ਸੋਚੋ ਕਿ ਹਾਲੇ ਤਾਂ ਇਹ ਸ਼ੁਰੂਆਤ ਹੈ। ਬੇਗੂਸਰਾਏ ਜ਼ਿਲ੍ਹੇ ਵਿੱਚ ਇੱਕ ਨੌਜਵਾਨ ਮੁਹੰਮਦ ਕਾਸਿਮ ਜੋ ਸਰਫ਼ ਵੇਚਣ ਵਾਲ਼ਾ ਸੇਲਜ਼ਮੈਨ ਹੈ, ਆਪਣੀ ਮੋਟਰਸਾਈਕਲ 'ਤੇ ਕੰਮ 'ਤੇ ਜਾ ਰਿਹਾ ਸੀ ਤਾਂ ਪਿੰਡ ਦੇ ਰਾਜੀਵ ਯਾਦਵ ਨੇ ਉਸ ਨੂੰ ਰੋਕ ਕੇ ਉਸ ਦਾ ਨਾਮ ਪੁੱਛਿਆ ਅਤੇ ਜਦੋਂ ਉਸ ਨੇ ਆਪਣਾ ਨਾਮ ਕਾਸਿਮ ਦੱਸਿਆ ਤਾਂ ਉਸ ਉੱਤੇ ਗੋਲੀਆਂ ਚਲਾ ਦਿੱਤੀਆਂ ਅਤੇ ਕਿਹਾ ਕਿ ਪਾਕਿਸਤਾਨ ਚਲੇ ਜਾਓ। ਯਾਦਵ ਖ਼ਿਲਾਫ਼ ਪੁਲਸ ਨੇ ਰਿਪੋਰਟ ਤਾਂ ਦਰਜ ਕਰ ਲਈ ਪਰ ਉਸ ਨੂੰ ਹਾਲੇ ਤੱਕ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਘੱਟ ਗਿਣਤੀਆਂ ਦਾ ਭਰੋਸਾ ਜਿੱਤਣ ਬਾਰੇ ਮੋਦੀ ਦੇ ਭਾਸ਼ਣ ਤੋਂ ਤੁਰੰਤ ਬਾਅਦ ਹਰਿਆਣੇ ਦੇ ਗੁਰੂਗ੍ਰਾਮ ਵਿੱਚ 25 ਸਾਲ ਦੇ ਮੁਹੰਮਦ ਬਰਕਤ ਨੂੰ ਇੱਕ ਭਗਵੇਂ ਗੁੰਡਾ ਗਿਰੋਹ ਵੱਲੋਂ ਘੇਰ ਲਿਆ ਗਿਆ ਅਤੇ ਉਸ ਨੂੰ ਗਾਲਾਂ ਦਿੰਦੇ ਹੋਏ ਰਵਾਇਤੀ ਟੋਪੀ ਲਾਉਣ ਨੂੰ ਕਿਹਾ ਗਿਆ। 'ਦਾ ਹਿੰਦੂ' ਦੀ ਰਿਪੋਰਟ ਅਨੁਸਾਰ ਬੰਦਿਆਂ ਦੇ ਗਰੋਹ ਨੇ ਬਰਕਤ ਨੂੰ ਗਾਲਾਂ ਕੱਢੀਆਂ ਤੇ ਕਿਹਾ ਕਿ ਉਸ ਖੇਤਰ ਵਿੱਚ ਮੁਸਲਮਾਨ ਟੋਪੀ ਪਹਿਨਣ ਦੀ ਇਜਾਜ਼ਤ ਨਹੀਂ ਹੈ। ਬਰਕਤ ਨੇ ਦੱਸਿਆ ਕਿ ਉਹ ਨਮਾਜ਼ ਤੋਂ

ਬਾਕੀ ਸਫ਼ਾ 32 'ਤੇ



### ਭਾਜਪਾ ਲਾਗੂ ਕਰ ਰਹੀ ਹੈ ਆਰਐਸਐਸ ਦਾ ਏਜੰਡਾ

ਭਾਰਤ ਵਿੱਚ ਹਿੰਦੂਵਾਦੀ ਫਾਸੀਵਾਦੀਆਂ ਦੇ ਜਥੇਬੰਦ ਹੋਣ ਦਾ ਇਤਿਹਾਸ ਸੰਨ 1925 ਤੋਂ ਸ਼ੁਰੂ ਹੁੰਦਾ ਹੈ ਜਦ ਕੇਸ਼ਵ ਬਲਿਰਾਮ ਹੇਡਗੇਵਾਰ ਨੇ ਰਾਸ਼ਟਰੀ ਸਵੈਸੇਵਕ ਸੰਘ ਦੀ ਸਥਾਪਨਾ ਕੀਤੀ ਸੀ। ਉਸ ਦੇ ਨੇੜਲੇ ਸਹਿਯੋਗੀ ਮੁੰਜੇ ਨੇ ਸੌਂਨ 1931 ਵਿੱਚ ਇਟਲੀ ਜਾ ਕੇ ਮੁਸੋਲਿਨੀ ਨਾਲ਼ ਮੁਲਾਕਾਤ ਕੀਤੀ ਅਤੇ ਉਸੇ ਸਮੇਂ ਤੋਂ ਆਰਐਸਐਸ ਨੇ ਫਾਸੀਵਾਦੀ ਜਥੇਬੰਦਕ ਢਾਂਚੇ ਦੇ ਤੌਰ-ਤਰੀਕੇ ਅਪਣਾ ਕੇ ਕੰਮ ਕਰਨਾ ਸ਼ੁਰੂ ਕੀਤਾ। ਚੌਥੇ ਦਹਾਕੇ ਦੇ ਅੰਤ ਤੱਕ ਇਹਨਾਂ ਭਾਰਤੀ ਫਾਸੀਵਾਦੀਆਂ ਨੇ ਬੰਬਈ ਸਥਿਤ ਇਤਾਲਵੀ ਕੌਂਸਲੇਟ ਵਿੱਚ ਮੌਜੂਦ ਫਾਸੀਵਾਦੀਆਂ ਨਾਲ਼ ਵੀ ਨੇੜਲਾ ਸੰਪਰਕ ਕਾਇਮ ਕਰ ਲਿਆ ਸੀ। ਲਗਭਗ ਇਸੇ ਸਮੇਂ ਹਿੰਦੂ ਮਹਾਂ ਸਭਾ ਨਾਲ਼ ਜੁੜੇ ਇੱਕ ਹੋਰ ਧਾਰਮਿਕ ਕੱਟੜਪੰਥੀ ਵਿਨਾਇਕ ਦਾਮੋਦਰ ਸਾਵਰਕਰ ਨੇ ਜਰਮਨੀ ਦੇ ਨਾਜ਼ੀਆਂ ਨਾਲ਼ ਸੰਪਰਕ ਕਰ ਲਿਆ ਸੀ। ਸਾਵਰਕਰ ਦੇ ਵੱਡੇ ਭਰਾ ਆਰਐਸਐਸ

ਬਾਕੀ ਸਫ਼ਾ 32 'ਤੇ

## ਅਮਰੀਕੀ ਨਾਗਰਿਕਤਾ ਲੈਣੀ ਹੋ ਜਾਵੇਗੀ ਔਖੀ

### *ਟਰੰਪ ਪ੍ਰਸ਼ਾਸਨ ਵੱਲੋਂ ਟੈਸਟ ਦੀ ਨਵੇਂ ਸਿਰੇ ਤੋਂ ਵਿਉਂਤਬੰਦੀ*

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ :** ਯੂਐਸ ਸਿਟੀਜ਼ਨਸ਼ਿਪ ਤੇ ਇੰਮੀਗ੍ਰੇਸ਼ਨ ਸਰਵਿਸਜ਼ ਨੇ ਅਮਰੀਕੀ ਨਾਗਰਿਕਤਾ ਲੈਣ ਸਬੰਧੀ ਟੈਸਟ ਦੀ ਨਵੇਂ ਸਿਰੇ ਤੋਂ ਵਿਉਂਤਬੰਦੀ ਕਰਨ ਦਾ ਐਲਾਨ ਕੀਤਾ ਹੈ ਜਿਸ ਨਾਲ ਅਮਰੀਕੀ ਨਾਗਰਿਕਤਾ ਲੈਣੀ ਔਖੀ ਹੋ ਜਾਵੇਗੀ। ਅਮਰੀਕੀ ਨਾਗਰਿਕਤਾ ਲੈਣ ਲਈ ਇਹ ਟੈਸਟ ਪਾਸ ਕਰਨਾ ਲਾਜ਼ਮੀ ਹੋਵੇਗਾ। ਦਸੰਬਰ 2020 ਜਾਂ 2021 ਦੇ ਸ਼ੁਰੂ ਵਿਚ ਟੈਸਟ ਲਾਗੂ ਕਰਨ ਤੋਂ ਪਹਿਲਾਂ ਇਸ ਦਾ ਵੱਡੀ ਪੱਧਰ 'ਤੇ ਅਧਿਐਨ ਕੀਤਾ ਜਾਵੇਗਾ। ਇਸ ਦੀਆਂ ਬਰੀਕੀਆਂ ਨੂੰ ਚੰਗੀ ਤਰ੍ਹਾਂ ਘੋਖਿਆ ਜਾਵੇਗਾ। ਪ੍ਰਵਾਸੀ ਅਧਿਕਾਰਾਂ ਸਬੰਧੀ ਕਾਰਕੁੰਨਾਂ ਨੇ ਇਸ ਉਪਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਅਜਿਹਾ ਹੋਣ ਨਾਲ ਬਹੁਤ ਸਾਰੇ ਪ੍ਰਵਾਸੀ ਅਮਰੀਕੀ ਨਾਗਰਿਕਤਾ ਲੈਣ ਤੋਂ ਵਾਂਝੇ ਹੋ ਜਾਣਗੇ। ਏਸ਼ੀਅਨ ਪੈਸੇਫਿਕ ਪੌਲਸੀ

ਬਾਕੀ ਸਫ਼ਾ 32 'ਤੇ

# ਡੇਰਾ ਸਿਰਸਾ ਦੇ ਹੱਕ 'ਚ ਭੁਗਤੀ ਸੀਬੀਆਈ




**ਮੋਹਾਲੀ/ਏਟੀ ਨਿਊਜ਼ :** ਪੰਜਾਬ ਵਿਚ ਹੋਈਆਂ ਬੇਅਦਬੀ ਮਾਮਲੇ ਦੀਆਂ ਘਟਨਾਵਾਂ ਵਿਚ ਸੀਬੀਆਈ. ਵਲੋਂ ਮਰਹੂਮ ਮੁਲਜ਼ਮ ਮਹਿੰਦਰਪਾਲ ਸਿੰਘ ਬਿੱਟੂ, ਸ਼ਕਤੀ ਸਿੰਘ ਤੇ ਸੁਖਜਿੰਦਰ ਸਿੰਘ ਸਨੀ ਨੂੰ ਕਲੀਨ ਚਿੱਟ ਦੇ ਦਿੱਤੀ ਗਈ ਹੈ। ਸੀਬੀਆਈ. ਦੇ ਵਿਸ਼ੇਸ਼ ਜੁਡੀਸ਼ੀਅਲ ਮੈਜਿਸਟ੍ਰੇਟ ਜੀ. ਐੱਸ. ਸੇਖੋਂ ਦੀ ਅਦਾਲਤ ਵਿਚ ਪੇਸ਼ ਕਲੋਜ਼ਰ ਰਿਪੋਰਟ ਵਿਚ ਸੀਬੀਆਈ. ਦਾ ਕਹਿਣਾ ਹੈ ਕਿ ਬਿੱਟੂ, ਸ਼ਕਤੀ ਸਿੰਘ ਅਤੇ ਸੁਖਜਿੰਦਰ ਸਿੰਘ ਸਨੀ ਦਾ ਪੋਲੀਗ੍ਰਾਫ਼ ਟੈਸਟ, ਵੋਆਇਸ ਟੈਸਟ, ਲਿਖਾਈ ਦਾ ਟੈਸਟ, ਫਿੰਗਰ ਪ੍ਰਿੰਟ ਦੀ ਜਾਂਚ ਵਿਚ ਉਨ੍ਹਾਂ ਖ਼ਿਲਾਫ਼ ਕੋਈ ਵੀ ਸਬੂਤ ਸਾਹਮਣੇ ਨਹੀਂ ਆਇਆ। ਸੀ. ਬੀ. ਆਈ. ਵਲੋਂ ਇਸ ਮਾਮਲੇ ਵਿਚ 18 ਵਿਅਕਤੀਆਂ ਦਾ ਫੋਰੈਂਸਿਕ ਸਾਈਕੋਲੀਜੀਕਲ ਟੈਸਟ ਕਰਵਾਇਆ ਗਿਆ, ਪ੍ਰੰਤੂ ਤਿੰਨੇ ਮੁਲਜ਼ਮਾਂ ਖ਼ਿਲਾਫ਼ ਕੋਈ ਵੀ ਸਬੂਤ ਸਾਹਮਣੇ ਨਹੀਂ ਆਇਆ।

ਸੀਬੀਆਈ ਵਲੋਂ ਇਸ ਕੇਸ ਦੇ ਸ਼ਿਕਾਇਤਕਰਤਾ ਗੋਰਾ ਸਿੰਘ ਗ੍ਰੰਥੀ, ਉਸ ਦੀ ਪਤਨੀ ਸਵਰਨਜੀਤ ਕੌਰ, ਜਸਵਿੰਦਰ ਸਿੰਘ, ਗੁਰਮੁਖ ਸਿੰਘ ਤੇ ਅਮਨਦੀਪ ਸਿੰਘ ਦਾ ਪੋਲੀਗ੍ਰਾਫ਼ ਟੈਸਟ ਕਰਵਾਇਆ, ਪ੍ਰੰਤੂ ਉਕਤ ਟੈਸਟ ਵਿਚ ਬਿੱਟੂ ਸਮੇਤ ਤਿੰਨੇ ਮੁਲਜ਼ਮਾਂ ਖ਼ਿਲਾਫ਼ ਸਬੂਤ ਨਾ ਮਿਲੇ। ਇਸੇ ਤਰ੍ਹਾਂ ਫ਼ੋਨ ਡੰਪ ਡਾਟਾ ਲੈ ਕੇ ਸ਼ੱਕੀ ਵਿਅਕਤੀਆਂ ਕੋਲੋਂ ਪੁੱਛਗਿੱਛ ਕੀਤੀ ਗਈ, ਪਰ ਕੋਈ ਵੀ ਅਜਿਹਾ ਸਬੂਤ ਸਾਹਮਣੇ ਨਹੀਂ ਆਇਆ ਕਿ ਬਿੱਟੂ ਸਮੇਤ ਤਿੰਨਾਂ ਨੂੰ ਕਸੂਰਵਾਰ ਠਹਿਰਾਇਆ ਜਾ ਸਕੇ। ਸੀ. ਬੀ. ਆਈ. ਮੁਤਾਬਿਕ ਪੰਜਾਬ ਵਿਚ 53 ਬੇਅਦਬੀ ਵਾਲੇ ਮਾਮਲੇ ਸਾਹਮਣੇ ਆਏ ਸਨ, ਜਿਨ੍ਹਾਂ ਵਿਚੋਂ ਪੰਜਾਬ ਪੁਲਿਸ ਨੇ 19 ਮਾਮਲੇ ਹੱਲ ਕਰ ਲਏ

ਬਾਕੀ ਸਫ਼ਾ 24 'ਤੇ

# ਗੁਰੂ ਨਗਰੀ 'ਚ ਅੰਤਰਰਾਸ਼ਟਰੀ ਨਗਰ ਕੀਰਤਨ ਦੀ ਧੂਮ

### ਨਨਕਾਣਾ ਸਾਹਿਬ ਪੁੱਜੇ ਸਿੱਖ ਜਥੇ ਦਾ ਫੁੱਲਾਂ ਦੀ ਵਰਖਾ ਨਾਲ ਸਵਾਗਤ

**ਨਨਕਾਣਾ ਸਾਹਿਬ (ਪਾਕਿਸਤਾਨ)/ਏਟੀ ਨਿਊਜ਼ :** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਤੋਂ ਆਰੰਭ ਹੋਣ ਵਾਲੇ ਨਗਰ ਕੀਰਤਨ 'ਚ ਸ਼ਾਮਲ ਹੋਣ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਰਵਾਨਾ ਹੋਇਆ ਜਥਾ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ) ਪੁੱਜ ਗਿਆ। ਜਥੇ ਵਿਚ ਲਗਪਗ ਪੰਜ ਸੌ ਸਿੱਖ ਸ਼ਰਧਾਲੂ ਸ਼ਾਮਲ ਸਨ, ਜਿਨ੍ਹਾਂ ਨੂੰ ਪਹਿਲੀ ਵਾਰ ਕਰਤਾਰਪੁਰ ਲਾਂਘਾ ਟੱਪਣ ਦਾ ਸੁਭਾਗ ਪ੍ਰਾਪਤ ਹੋਇਆ।



ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਸਿੱਖ ਸ਼ਰਧਾਲੂਆਂ ਦਾ ਸ੍ਰੀ ਨਨਕਾਣਾ ਸਾਹਿਬ ਦੇ ਡਿਪਟੀ ਕਮਿਸ਼ਨਰ ਰਾਜਾ ਮਨਸੂਰ ਅਹਿਮਦ ਸਮੇਤ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦਿਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਤੋਂ ਪਹਿਲਾਂ ਅਟਾਰੀ ਸਰਹੱਦ ਤੋਂ ਪਾਕਿਸਤਾਨ 'ਚ ਪੈਂਦੇ ਵਾਹਗਾ ਵਿਖੇ ਪਹੁੰਚਣ 'ਤੇ ਭਾਈ ਲੌਂਗੋਵਾਲ, ਜਥੇਦਾਰ ਗਿਆਨੀ ਹਰਪ੍ਰੀਤ ਸਿੰਘ,

ਬਾਕੀ ਸਫ਼ਾ 32 'ਤੇ















# ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਅਪੀਲ

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ, ਜੋ ਆਉਣ ਵਾਲੇ ਦਿਨਾਂ ਵਿਚ ਹੋਣ ਜਾ ਰਹੀਆਂ ਹਨ, ਉਸ ਲਈ ਆਪ ਜੀ ਦੀ ਵੋਟ ਬਣਨੀ ਅਤੇ ਵੋਟ ਪਾਉਣੀ ਬਹੁਤ ਜ਼ਰੂਰੀ ਹੈ। ਅਗਰ ਆਪ ਜੀ ਦੇ ਪਰਿਵਾਰ ਵਿਚ ਕਿਸੇ ਮੈਂਬਰ ਦੀ ਹਾਲੇ ਤੱਕ ਵੋਟ ਨਹੀਂ ਬਣੀ, ਤਾਂ ਜ਼ਰੂਰ ਬਣਾਉ ਜੀ। ਜੇਕਰ ਆਪ ਜੀ ਦੇ ਪਰਿਵਾਰ ਦਾ ਮੈਂਬਰ, ਰਿਸ਼ਤੇਦਾਰ, ਦੋਸਤ-ਮਿੱਤਰ ਜਾਂ ਕੋਈ ਹੋਰ ਸਾਕ-ਸੰਬੰਧੀ, ਸੈਂਟਾ ਕਲਾਰਾ, ਸੈਨ ਮੈਟੀਉ, ਸੈਂਟਾ ਕਰੂਜ਼, ਮੋਨਟਰੇਅ, ਸੈਨ ਬਨੀਤੋ ਅਤੇ ਕਾਂਟਰਾ ਕੋਸਟਾ ਕਾਊਂਟੀਆਂ ਵਿਚ ਰਹਿੰਦਾ ਹੈ, ਤਾਂ ਉਸ ਦੀ ਵੋਟ ਵੀ ਜ਼ਰੂਰ ਬਣਾਉ ਜੀ। ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗੇ ਜੀ।



ਡਾ. ਤਰਲੋਚਨ ਸਿੰਘ ਨਾਹਲ | ਬਲਬੀਰ ਸਿੰਘ ਢਿੱਲੋਂ | ਜਸਪਾਲ ਸੈਣੀ | ਭੁਪਿੰਦਰ ਸਿੰਘ ਚੀਮਾ | ਬਲਵਿੰਦਰ ਸਿੰਘ ਲੰਗੜੋਆ | ਹਰਪ੍ਰੀਤ ਸਿੰਘ | ਹਰਪ੍ਰੀਤ ਸਿੰਘ ਗਿੱਲ | ਓਂਕਾਰ ਸਿੰਘ ਨਾਹਲ | ਭਾਈ ਗੁਰਮੇਲ ਸਿੰਘ ਖਾਲਸ | ਨੀਟੂ ਸਿੰਘ ਕਾਹਲੋਂ | ਹਰਬਖਸ਼ ਸਿੰਘ ਰਾਉਕੇ



ਸਰਬਜੋਤ ਸਿੰਘ ਸਵੱਦੀ | ਉਪਜਿੰਦਰ ਸਿੰਘ | ਪ੍ਰੀਤ ਸਿੰਘ ਰੰਧਾਵਾ | ਜਗਜੀਤ ਸਿੰਘ ਮੰਡ | ਬਲਕਾਰ ਸਿੰਘ | ਵਿਕਰਮ ਸਿੰਘ | ਕਸ਼ਮੀਰ ਸਿੰਘ ਸੀਵੀਆ | ਸੁਖਵਿੰਦਰ ਸਿੰਘ ਮਾਨ | ਇੰਦਰਜੀਤ ਸਿੰਘ ਬਿਦ | ਜਰਨੈਲ ਸਿੰਘ ਰਾਜਾ | ਮਨਪ੍ਰੀਤ ਸਿੰਘ ਬਦੇਸ਼ਾ



ਸੁਰਿੰਦਰ ਸਿੰਘ ਮਾਹਲ | ਹਰਦੁਮਨ ਸਿੰਘ ਬਿਲਾ ਸੰਘੇੜਾ | ਸੁਖਵਿੰਦਰ ਸਿੰਘ ਗਰੇਵਾਲ | ਇਕਬਾਲ ਸਿੰਘ ਮਾਨ | ਮਹਿੰਦਰ ਸਿੰਘ ਮਾਨ | ਤਰਸੇਮ ਸਿੰਘ ਅਟਵਾਲ | ਪ੍ਰਿਤਪਾਲ ਸਿੰਘ ਗਿਰਨ | ਬੱਗਾ ਸਿੰਘ ਰੰਧਾਵਾ | ਅਵਤਾਰ ਸਿੰਘ ਖੇਲਾ | ਜਗਜੀਤ ਸਿੰਘ ਕੰਗ | ਗੁਰਿੰਦਰ ਸਿੰਘ ਢਿੱਲੋਂ



ਜੋਗਿੰਦਰ ਸਿੰਘ ਮਾਨ | ਰਣਜੀਤ ਸਿੰਘ ਅਖਾੜਾ | ਜਸਵੰਤ ਸਿੰਘ ਹੋਠੀ | ਜਰਨੈਲ ਸਿੰਘ ਰਾਏ | ਸ਼ਿਵਰਾਜ ਸਿੰਘ ਸੰਧੂ | ਸਤਪਾਲ ਸਿੰਘ ਸਿੱਧੂ | ਗੁਰਦੇਵ ਸਿੰਘ ਕਲਸੀ | ਹਰਪਾਲ ਸਿੰਘ ਚਾਹਲ | ਗੁਰਦੇਵ ਸਿੰਘ ਬੰਗਾ | ਕਮਲਜੀਤ ਸਿੰਘ ਚੀਮਾ | ਹਰਕੇਵਲ ਸਿੰਘ ਸੰਧੂ



ਸੰਦੀਪ ਸਿੰਘ ਸੰਧੂ | ਜੰਗ ਸਿੰਘ ਬਦੇਸ਼ਾ | ਪਰਮਜੀਤ ਸਿੰਘ ਗਿਰਨ | ਜੈਸੀ ਸਿੰਘ | ਅਵਤਾਰ ਸਿੰਘ ਗਿਰਨ | ਸੁਖਦੀਪ ਸਿੰਘ ਵੜੈਚ | ਹਰਦਿਆਲ ਸਿੰਘ ਗਰੇਵਾਲ | ਭੁਪਿੰਦਰ ਸਿੰਘ ਗਿੱਲ | ਅਮਰਜੀਤ ਸਿੰਘ ਦਿਓਲ | ਹਰਜਿੰਦਰ ਸਿੰਘ ਸੈਣੀ | ਬਘੇਲ ਸਿੰਘ ਜੱਸਵਾਲ | ਕੈਪਟਨ ਦਰਸ਼ਨ ਸਿੰਘ



ਗੁਰਮੀਤ ਸਿੰਘ ਸੈਣੀ | ਗੁਰਸੇਵਕ ਸਿੰਘ ਭੰਗੂ | ਗੁਰਜੀਤ ਸਿੰਘ ਗਿੱਲ | ਗੁਰਮੀਤ ਸਿੰਘ ਸਿੱਧੂ | ਜੇ.ਪੀ. ਸਿੰਘ | ਬਲਜੀਤ ਸਿੰਘ | ਰਣਜੀਤ ਸਿੰਘ ਨਾਗਰਾ | ਸੰਦੀਪ ਸਿੰਘ ਸੰਧੂ | ਇੰਦਰਜੀਤ ਸਿੰਘ | ਪਰਮਿੰਦਰ ਸਿੰਘ ਸਹੋਤਾ | ਰਵਿੰਦਰ ਸਿੰਘ ਮਿਨਹਾਸ | ਸੁਖਵਿੰਦਰ ਸਿੰਘ ਸੰਧੂ

Designed By Punjab Mail USA

ਵੱਲੋਂ

## ਸਾਧ ਸੰਗਤ ਸਲੇਟ

408-449-1639



ਡਾ. ਪ੍ਰਿਤਪਾਲ ਸਿੰਘ (ਕੋਆਰਡੀਨੇਟਰ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ) ਤੇ ਸਰਦਾਰਨੀ ਮਨਜੀਤ ਕੌਰ ਦੇ ਸਪੁੱਤਰ ਪੁਲੀਸ ਅਫ਼ਸਰ ਜਸਕੀਰਤ ਸਿੰਘ ਦਾ ਸ਼ੁਭ ਆਨੰਦ ਕਾਰਜ ਸ. ਪ੍ਰਿਤਪਾਲ ਸਿੰਘ ਖਾਲਸਾ ਤੇ ਸਰਦਾਰਨੀ ਪਰਵੀਨ ਕੌਰ ਖਾਲਸਾ ਦੀ ਧੀ ਬੀਬੀ ਅੰਮ੍ਰਿਤਾ ਕੌਰ ਨਾਲ ਗੁਰਦੁਆਰਾ ਸਾਹਿਬ ਗਲੈਨ ਰਾਕ ਨਿਊਜਰਸੀ ਵਿਚ ਪੂਰਨ ਗੁਰ-ਮਰਿਆਦਾ ਨਾਲ ਸੰਪੂਰਨ ਹੋਇਆ। ਇਸ ਵਿਚ ਅਮਰੀਕਾ, ਪਾਕਿਸਤਾਨ, ਕੈਨੇਡਾ, ਇੰਗਲੈਂਡ, ਆਸਟਰੇਲੀਆ ਅਤੇ ਪੰਜਾਬ ਤੋਂ ਰਿਸ਼ਤੇਦਾਰ, ਦੋਸਤ, ਅਮਰੀਕੀ ਕਾਂਗਰਸਮੈਨ, ਅਮਰੀਕੀ ਸਰਕਾਰੀ ਅਧਿਕਾਰੀ ਤੇ ਸੀਨੀਅਰ ਪੁਲੀਸ ਅਫ਼ਸਰ ਸ਼ਾਮਲ ਹੋਏ।



Legal Document Preparation
- Wills & Trusts ਵਸੀਅਤਾਂ
- Divorce ਤਲਾਕ
- Power of Attorney ਮੁਖਤਿਆਰਨਾਮਾ
- Affidavits ਐਫੀਡੇਵਿਟ
- Grant Deeds ਗਰਾਂਟ ਡੀਡਜ਼
- Notary ਨੋਟਰੀ
Not an Attorney
Call Sarvinder
dolly@worryfreelegaldocs.com
www.worryfreelegaldocs.com
510-648-5554
35672 Terrace Drive, Fremont, CA 94536 and
39803 Paseo Padre Pkwy, Ste A, Fremont, CA 94538
Paralegal and Regd. & Bonded LDA# 154, Alameda County



BERKSHIRE HATHAWAY Home Services
Elite Real Estate
Cell : 916-695-0035 Office : 916-681-5112
realtorgurdip@gmail.com • www.bhhser.com
ਘਰ ਖ਼ਰੀਦਣ-ਵੇਚਣ ਲਈ ਅਤੇ ਆਪਣੇ ਘਰ ਬੈਠੇ ਹੀ ਨੋਟਰੀ ਸੇਵਾਵਾਂ ਲੈਣ ਲਈ ਕਾਲ ਕਰੋ
Gurdip Kaur
M.A. B.Ed.
PLEASE CALL GURDIP KAUR
916-695-0035
Cal BRE# 02032641
7412 Elsie Ave. Sacramento 95828
A member of the franchise system of BHH Affiliates. LLC





GLOBAL ALLIANZ
LAW FIRM LLP
US IMMIGRATION MADE EASY
ਕਾਨੂੰਨੀ ਸੇਵਾਵਾਂ
- ਫੈਮਲੀ ਇੰਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੋਲੀਟੀਕਲ ਅਸਾਈਲਮ
Atul Kapoor
CEO
Neat Allen Sawyer
Attorney at Law
US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188
INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010

ਭੂਆ ਗੁਰਮੀਤ ਕੌਰ ਛੀਨਾ ਦੀ ਅਗਵਾਈ ਹੇਠ ਸੈਨਹੋਜ਼ੇ ਹੈਰੀਟੇਜ ਕਲੱਬ, ਜੀ.ਬੀ. ਐਂਟਰਟੇਨਮੈਂਟ, ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ, ਪੰਜਾਬ ਲੋਕ ਰੰਗ, ਗੁਰੂ ਬ੍ਰਦਰਜ਼ ਅਤੇ ਲੱਕੀ ਪੂਨੀਆਂ ਦੇ ਸਹਿਯੋਗ ਨਾਲ

# ਮਿਲਪੀਟਸ ਵਿਖੇ ਕਰਵਾਏ ਗਏ ਤੀਆਂ ਦੇ ਪ੍ਰੋਗਰਾਮ 'ਝਾਂਜਰ ਦੀ ਛਣਕਾਰ' ਦੀਆਂ ਕੁਝ ਯਾਦਗਾਰੀ ਤਸਵੀਰਾਂ

























## ਸਿਮਰਨਜੀਤ ਸਿੰਘ ਮਾਨ ਵਲੋਂ ਨਿਊਯਾਰਕ ਵਿਖੇ ਹੋ ਰਹੀ ਮੀਟਿੰਗ ਰੱਦ ਕਰਨ ਲਈ ਪੱਤਰ

**ਸ਼ਿਕਾਗੋ/ਮੱਖਣ ਸਿੰਘ ਕਲੇਰ :**

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਇਕ ਪੱਤਰ ਲਿਖ ਕੇ 11 ਅਗਸਤ ਨੂੰ ਨਿਊਯਾਰਕ ਵਿਖੇ ਪਾਰਟੀ ਦੇ ਨਾਂ ਉਤੇ ਹੋ ਰਹੀ ਮੀਟਿੰਗ ਨੂੰ ਰੱਦ ਕਰਨ ਦੀ ਬੇਨਤੀ ਕੀਤੀ ਹੈ। ਪ੍ਰੈਸ ਨੂੰ ਜਾਰੀ ਪੱਤਰ ਵਿਚ ਸ. ਮਾਨ ਨੇ ਲਿਖਿਆ ਹੈ ਕਿ ਜਦੋਂ ਤੱਕ ਸਾਰੇ ਅਹੁਦੇਦਾਰਾਂ ਅਤੇ ਵਰਕਰ ਸਹਿਬਾਨਾਂ ਦਾ ਆਪਸੀ ਤਾਲਮੇਲ ਅਤੇ ਏਕਤਾ ਨਹੀਂ ਹੋ ਜਾਂਦੀ, ਉਦੋਂ ਤੱਕ ਅਜਿਹੀਆਂ ਮੀਟਿੰਗਾਂ ਨਾਲ ਪਾਰਟੀ ਦਾ ਸਮਾਂ ਅਤੇ ਧਨ ਬਰਬਾਦ ਹੁੰਦਾ ਹੈ ਅਤੇ ਸਿੱਖ ਕੌਮ ਦਾ ਵੀ ਨੁਕਸਾਨ ਹੁੰਦਾ ਹੈ। ਉਨ੍ਹਾਂ ਨੇ ਪੱਤਰ ਵਿਚ ਇਹ ਵੀ ਜ਼ਿਕਰ ਕੀਤਾ ਹੈ ਕਿ ਪਾਰਟੀ ਦੇ ਸ਼ਨਾਖ਼ਤੀ ਕਾਰਡ ਸਿਰਫ਼ ਮੁੱਖ ਦਫ਼ਤਰ ਕਿਲਾ ਸ. ਹਰਨਾਮ ਸਿੰਘ ਤੋਂ ਬਿਨਾਂ ਕੋਈ ਵੀ ਯੂਨਿਟ ਜਾਰੀ ਨਹੀਂ ਕਰ ਸਕਦੀ। ਉਨ੍ਹਾਂ ਨੇ ਦੇਸ਼ ਵਿਦੇਸ਼ ਵਿਚ ਕੰਮ ਕਰ ਰਹੇ ਪਾਰਟੀ ਦੇ ਜਥੇਦਾਰ ਅਤੇ ਅਹੁਦੇਦਾਰ ਸਹਿਬਾਨਾਂ ਨੂੰ ਪਾਰਟੀ ਦੇ ਚੰਗੇਰੇ ਭਵਿੱਖ ਲਈ ਠੋਸ ਪ੍ਰੋਗਰਾਮ ਤਹਿਤ ਕੰਮ ਕਰਨ ਦੀ ਵੀ ਬੇਨਤੀ ਕੀਤੀ।



## ਪੰਜਾਬੀ ਨੌਜਵਾਨ ਭੇਦਭਰੀ ਹਾਲਤ 'ਚ ਗੁੰਮ

**ਨਿਊਯਾਰਕ/ਰਾਜ ਗੋਗਨਾ :**

ਨਿਊਯਾਰਕ ਦੇ ਰਿਚਮੰਡ ਹਿੱਲ ਦੇ ਇਲਾਕੇ ਵਿਚ ਰਹਿੰਦੇ ਇਕ ਪੰਜਾਬੀ ਨੌਜਵਾਨ ਦੇ ਭੇਦਭਰੀ ਹਾਲਤ 'ਚ ਗੁੰਮ ਹੋ ਜਾਣ ਦੀ ਸੂਚਨਾ ਮਿਲੀ ਹੈ। ਉਸ ਦੇ ਪਰਿਵਾਰ ਲਈ ਇਹ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਪਰਿਵਾਰਿਕ ਮੈਂਬਰਾਂ ਅਨੁਸਾਰ ਲਾਪਤਾ ਨੌਜਵਾਨ ਨਿਰਮਲ ਸਿੰਘ ਦੀ ਉਮਰ ਬੱਤੀ ਸਾਲ ਦੇ ਕਰੀਬ ਹੈ ਤੇ ਉਹ ਲੰਘੀ 20 ਜੁਲਾਈ ਤੋਂ ਲਾਪਤਾ ਹੈ, ਜਿਸ ਦਾ ਅਜੇ ਤਕ ਕੋਈ ਵੀ ਥਹੁ ਪਤਾ ਨਹੀਂ ਲੱਗਾ। ਇਸ ਬਾਰੇ ਕਿਸੇ ਨੂੰ ਵੀ ਕੋਈ ਜਾਣਕਾਰੀ ਹੋਵੇ ਤਾਂ ਉਹ ਜਸਪਾਲ ਸਿੰਘ ਨਾਲ ਫ਼ੋਨ ਨੰਬਰ 917-294-2290 ਤੇ ਸੰਪਰਕ ਕਰੇ।



# ਬਾਬ ਢਿੱਲੋਂ ਐਂਡ ਕੰਪਨੀ ਦੀ ਵੋਟਰ ਲਿਸਟ ਵਿਚ ਵੱਡੀ ਧਾਂਦਲੀ ਹੋਣ ਦਾ ਖਦਸ਼ਾ : ਭਾਈ ਸਰਬਜੋਤ ਸਿੰਘ ਸਵੱਦੀ









**ਸੈਨਹੋਜ਼ੇ/ਏਟੀ ਨਿਊਜ਼ :**

ਅਖ਼ਬਾਰਾਂ ਦੇ ਨਾਮ ਬਿਆਨ ਜਾਰੀ ਕਰਦਿਆਂ ਭਾਈ ਸਰਬਜੋਤ ਸਿੰਘ ਸਵੱਦੀ ਨੇ ਕਿਹਾ ਹੈ ਕਿ ਬਾਬ ਢਿੱਲੋਂ ਐਂਡ ਕੰਪਨੀ ਨੇ ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀ ਵੋਟਰ ਲਿਸਟ ਨੂੰ ਤਿੰਨ ਭਾਗਾਂ ਵਿੱਚ ਵੰਡਿਆਂ ਹੋਇਆ ਹੈ । ਖੱਟਾ ਰੰਗ, ਲਾਲ ਰੰਗ ਅਤੇ ਹਰਾ ਰੰਗ। ਹਰੇ ਰੰਗ ਵਿਚ ਬਾਬ ਢਿੱਲੋਂ ਐਂਡ ਕੰਪਨੀ ਦੇ ਪੱਕੇ ਹਮਾਇਤੀ ਆਉਂਦੇ ਹਨ, ਖੱਟੇ ਰੰਗ ਵਿਚ ਉਹ ਵੋਟਰ ਰੱਖੇ ਗਏ ਹਨ ਜੋ ਸਾਂਝੇ ਜਿਹੇ ਹਨ ਅਤੇ ਲਾਲ ਰੰਗ ਵਿਚ ਉਹ ਆਉਂਦੇ ਹਨ, ਜੋ ਬਾਬ ਢਿੱਲੋਂ ਐਂਡ ਕੰਪਨੀ ਦੇ ਪੱਕੇ ਵਿਰੋਧੀ ਹਨ । ਰੰਗਾਂ ਵਾਲੀ ਵੋਟਰ ਲਿਸਟ ਦੀ ਨਿਸ਼ਾਨਦੇਹੀ ਗੁਰਦੁਆਰਾ ਸਾਹਿਬ ਦੇ ਕਾਨਫਰੰਸ ਰੂਮ ਵਿਚ ਕਰਵਾਈ ਜਾਂਦੀ ਹੈ।

ਉਨ੍ਹਾਂ ਦੱਸਿਆ ਕਿ ਬਾਬ ਢਿੱਲੋਂ ਐਂਡ ਕੰਪਨੀ ਵੱਲੋਂ ਪਿਛਲੇ ਦਿਨੀਂ ਘਰਾਂ ਵਿਚ ਚਿੱਠੀਆਂ ਪਾਈਆਂ ਗਈਆਂ ਹਨ, ਉਨਾਂ ਵਿਚ ਸਭ ਦੇ ਵੋਟਰ ਨੰਬਰ ਬਦਲ ਦਿੱਤੇ ਗਏ ਹਨ । ਇਹ ਚਿੱਠੀਆਂ ਬਹੁਤੇ ਘਰਾਂ ਵਿਚ ਨਹੀਂ ਮਿਲੀਆਂ। ਸ਼ਾਇਦ ਇਹ ਚਿੱਠੀਆਂ ਵੀ ਰੰਗਾਂ ਦੇ ਅਧਾਰਤ ਵੋਟਰ ਲਿਸਟ ਅਨੁਸਾਰ ਹੀ ਪਾਈਆਂ ਗਈਆਂ ਹੋਣ ?

ਭਾਈ ਸਰਬਜੋਤ ਸਿੰਘ ਸਵੱਦੀ ਨੇ ਕਿਹਾ ਹੈ ਕਿ ਮਿਸਾਲ ਵਜੋਂ ਮੇਰਾ ਜਾਣੀ ਸਰਬਜੋਤ ਸਿੰਘ ਸਵੱਦੀ ਦਾ ਅਸਲ ਵੋਟ ਨੰਬਰ 14 ਹੈ ਤੇ ਵੋਟ ਸਾਲ 2008 ਵਿਚ ਬਣੀ ਹੋਈ ਹੈ। ਮੇਰੀ ਸਿੰਘਣੀ ਸਰਬਜੀਤ ਕੌਰ ਦਾ ਵੋਟ ਨੰਬਰ 38 ਹੈ। ਮੇਰੀ ਮਾਤਾ ਗੁਰਮੇਲ ਕੌਰ ਦਾ ਵੋਟ ਨੰਬਰ 2448 ਹੈ। ਇਸ ਦੀ ਤਸਦੀਕ ਕਿਰਪਾਲ ਸਿੰਘ ਅਟਵਾਲ ਇਕ ਫ਼ੋਨ ਮੈਸੇਜ ਦੁਆਰਾ ਐਤਵਾਰ 12 ਮਈ 2019 , 5:31 ਸ਼ਾਮ ਨੂੰ ਕਰ ਚੁੱਕਾ ਹੈ ਜੋ ਮੈਂ ਪੋਸਟ ਨਾਲ ਨੱਥੀ ਕੀਤਾ ਹੋਇਆ ਹੈ।

ਹੁਣ ਜੋ ਸਾਡੇ ਘਰ ਬਾਬ ਢਿੱਲੋਂ ਐਂਡ ਕੰਪਨੀ ਨੇ ਚਿੱਠੀ ਭੇਜੀ ਹੈ, ਉਸ ਵਿਚ ਸਾਡਾ ਵੋਟ ਨੰਬਰ ਬਦਲ ਦਿੱਤਾ ਗਿਆ ਹੈ ।

ਮੇਰਾ ਸਰਬਜੋਤ ਸਿੰਘ ਸਵੱਦੀ ਦਾ ਵੋਟ ਨੰਬਰ 2680, ਸਰਬਜੀਤ ਕੌਰ ਦਾ 2681 ਤੇ ਗੁਰਮੇਲ ਕੌਰ ਦਾ 2682 ਕਰ ਦਿੱਤਾ ਗਿਆ ਹੈ।

ਇਹ ਇਕ ਵੱਡੀ ਧਾਂਦਲੀ ਹੈ। ਇਹ ਵੋਟਰ ਨੂੰ ਵੋਟ ਪਾਉਣ ਸਮੇਂ ਖੱਜਲ ਖ਼ੁਆਰ ਅਤੇ ਵੋਟ ਪਾਉਣ ਤੋਂ ਵਾਂਝਾ ਕਰਨ ਦੀ ਇੱਕ ਵੱਡੀ ਸਾਜ਼ਿਸ਼ ਹੈ।

ਇਸੇ ਤਰਾਂ ਬਾਬ ਢਿੱਲੋਂ ਐਂਡ ਕੰਪਨੀ ਵੱਲੋਂ ਘਰਾਂ ਵਿੱਚ ਪਾਈਆਂ ਗਈਆਂ ਚਿੱਠੀਆਂ ਮੁਤਾਬਕ , ਜਿਸ ਨੇ ਸਾਲ 2015 ਵਿਚ ਵੋਟ ਪਾਈ ਹੈ, ਉਹ 22 ਸਤੰਬਰ 2019 ਨੂੰ ਵੋਟ ਪਾਉਣ ਲਈ ਯੋਗ ਹਨ

ਪਰ ਲੰਘੇ ਐਤਵਾਰ ਗੁਰਬਚਨ ਸਿੰਘ ਨਾਮ ਦੇ ਇਕ ਵਿਅਕਤੀ ਵੱਲੋਂ ਆਪਣੀ ਵੋਟ ਚੈੱਕ ਕਰਵਾਈ ਤਾਂ ਉਸ ਦੀ ਵੋਟ ਦੀ ਮਿਆਦ ਪੁੱਗ ਚੁੱਕੀ ਸੀ।

ਬਾਬ ਢਿੱਲੋਂ ਐਂਡ ਕੰਪਨੀ ਵੱਲੋਂ ਬਣਾਈ ਗਈ ਕਥਿਤ ਇਲੈਕਸ਼ਨ ਕਮੇਟੀ ਨੇ ਉਸ (ਗੁਰਬਚਨ ਸਿੰਘ) ਤੋਂ ਪੰਜ ਡਾਲਰ ਲੈ ਕੇ ਵੋਟ ਰੀਨਿਊ ਕਰਵਾਉਣ ਲਈ ਕਿਹਾ ਤਾਂ ਉਸ ਨੇ ਵੋਟ ਰੀਨਿਊ ਕਰਵਾਈ ਜੋ ਰਸੀਦ ਪੋਸਟ ਨਾਲ ਨੱਥੀ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਬਾਬ ਢਿੱਲੋਂ ਐਂਡ ਕੰਪਨੀ ਆਪਣੀ ਦਿਸ ਰਹੀ ਸ਼ਰਮਨਾਕ ਹਾਰ ਤੋਂ ਬੁਖਲਾ ਚੁੱਕੀ ਹੈ ਅਤੇ ਵੋਟਰ ਲਿਸਟ ਵਿਚ ਧਾਂਦਲੀ ਜ਼ਰੀਏ ਹੱਥ ਪੈਰ ਮਾਰ ਰਹੀ ਹੈ ।

ਬਾਬ ਢਿੱਲੋਂ ਐਂਡ ਕੰਪਨੀ ਵੱਲੋਂ ਰੰਗਾਂ ਦੇ ਅਧਾਰਤ ਬਣਾਈ ਗਈ ਵੋਟਰ ਲਿਸਟ, ਘਰਾਂ, ਰੈਸਟੋਰੈਂਟਾ ਅਤੇ ਅਪਾਰਟਮੈਂਟਾ ਵਿਚ ਜਾ ਕੇ ਬਣਾਈਆਂ ਗਈਆਂ ਵੋਟਾਂ, ਹਰ ਵੋਟ ਨਾਲ ਸਬੰਧਤ ਕੱਟੀ ਗਈ ਰਸੀਦ ਬੁੱਕ, ਹਾਰਡ ਕਾਪੀ ਅਤੇ ਵੋਟਰ ਲਿਸਟ ਸਬੰਧੀ ਸਮੁੱਚੇ ਰਿਕਾਰਡ ਦਾ ਕੇਸ ਮਾਣਯੋਗ ਅਦਾਲਤ ਦੇ ਵਿਚਾਰ ਅਧੀਨ ਹੈ।

ਇਕ ਵੱਖਰੇ ਨੋਟ ਵਿਚ ਭਾਈ ਸਰਬਜੋਤ ਸਿੰਘ ਸਵੱਦੀ ਨੇ ਕਿਹਾ ਹੈ ਕਿ ਇਹ ਸੁਨੇਹਾ ਸਪੱਸ਼ਟ ਹੈ ਕਿ ਬਾਬ ਢਿੱਲੋਂ ਐਂਡ ਕੰਪਨੀ ਨੂੰ ਇਨ੍ਹਾਂ ਚੋਣਾਂ ਵਿਚ ਕਿਸੇ ਵੀ ਕਿਸਮ ਦੀ ਮਨਮਾਨੀ ਨਹੀਂ ਕਰਨ ਦਿੱਤੀ ਜਾਵੇਗੀ। ਇਸ ਲਈ ਸਾਨੂੰ ਸੰਗਤ ਦੇ ਸਹਿਯੋਗ ਦੀ ਜ਼ਰੂਰਤ ਹੈ।

ੴ ਸਤਿਗੁਰ ਪ੍ਰਸਾਦਿ ॥

ਸ਼੍ਰੋਮਣੀ ਅਕਾਲੀ ਦਲ
SHIROMANI AKALI DAL
PRESIDENT : S. SIMRANJIT SINGH MANN

ਮੁੱਖ ਦਫਤਰ
ਕਿਲ੍ਹਾ ਸ: ਹਰਨਾਮ ਸਿੰਘ
ਜ਼ਿਲ੍ਹਾ ਫਤਹਿਗੜ੍ਹ ਸਾਹਿਬ
ਪਿੰਨ ਕੋਡ-140406
ਪੰਜਾਬ (ਇੰਡੀਆ)
ਟੈਲੀਫੈਕਸ : 0091-1763-233764

HEAD OFFICE
QUILLA S.HARNAM SINGH
DISTT. FATEHGARH SAHIB
PIN CODE 140406
PANJAB (INDIA)
TELEFAX : 0091-1763-233764

6539/ਸਅਦ/ਅ/2019 — 27 ਜੁਲਾਈ 2019

ਸਤਿਕਾਰ ਯੋਗ ਜਥੇਦਾਰ ਸਾਹਿਬਾਨ ਜੀ,

ਵਾਹਿਗੁਰੂ ਜੀ ਕਾ ਖ਼ਾਲਸਾ,
ਵਾਹਿਗੁਰੂ ਜੀ ਕੀ ਫਤਹਿ॥

ਕੱਲ੍ਹ ਮੈਂ ਆਪਣੇ ਨਿੱਜੀ ਸਕੱਤਰ ਗੁਰਜੰਟ ਸਿੰਘ ਕੱਟੂ ਰਾਹੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀਆਂ ਵਿਦੇਸ਼ਾਂ ਵਿਚ ਕੰਮ ਕਰ ਰਹੀਆ ਯੂਨਿਟਾਂ ਬਾਰੇ ਇਕ ਈਮੇਲ ਰਾਹੀ ਪੱਤਰ ਭੇਜਿਆ ਸੀ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਮੁੱਖ ਦਫਤਰ ਕਿਲ੍ਹਾ ਸ. ਹਰਨਾਮ ਸਿੰਘ ਤੋਂ ਬਿਨ੍ਹਾਂ ਕੋਈ ਵੀ ਯੂਨਿਟ ਇਹ ਅਧਿਕਾਰ ਨਹੀਂ ਰੱਖਦੀ ਕਿ ਉਹ ਆਈ.ਡੀਜ਼ ਜਾਰੀ ਕਰ ਸਕੇ । ਇਹ ਵੀ ਬੇਨਤੀ ਕੀਤੀ ਸੀ ਕਿ ਇੰਡੀਆ ਵਿਚ ਲੰਮੇਂ ਸਮੇਂ ਤੋਂ ਸਿੱਖ ਕੌਮ ਤੇ ਹੋ ਰਹੇ ਜਬਰ-ਜੁਲਮ, ਵਿਤਕਰੇ, ਬੇਇਨਸਾਫੀਆਂ ਅਤੇ ਧੱਕੇਸਾਹੀਆ ਖਿਲਾਫ ਵਿਦੇਸ਼ਾਂ ਵਿਚਲੀਆ ਸਾਰੀਆਂ ਯੂਨਿਟਾਂ ਇਕ ਜੁੱਟਤਾ ਨਾਲ lobbing ਕਰਕੇ ਆਪਣੀਆ-ਆਪਣੀਆ ਰਾਜਧਾਨੀਆਂ ਅਤੇ ਸਫਾਰਤਖਾਨਿਆ ਤੱਕ ਪਹੁੰਚ ਕੀਤੀ ਜਾਵੇ ।

ਮੈਂ ਹੁਣ ਆਪ ਜੀ ਨੂੰ ਨਿਮਰਤਾ ਸਹਿਤ ਅਪੀਲ ਕਰਨੀ ਚਾਹੁੰਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਕ ਵਿਚਾਰਧਾਰਾ ਦਾ ਨਾਮ ਹੈ । ਇਸਦੀ ਨੀਤੀ ਸਿੱਖ ਕੌਮ ਦੀ ਆਜ਼ਾਦੀ ਲਈ ਬੜੀ ਸਪੱਸਟ ਹੈ । ਇਸ ਜਥੇਬੰਦੀ ਵਿਚ ਇਕ ਪਾਰਟੀ ਹੁੰਦਿਆ ਦੋ-ਦੋ, ਅਲੱਗ-ਅਲੱਗ ਪ੍ਰੋਗਰਾਮ ਹੋਣੇ ਪਾਰਟੀ ਵਿਚ ਪੈਦਾ ਹੋ ਰਹੀ ਅਨੁਸ਼ਾਸਨਹੀਣਤਾ ਦਾ ਸਬੂਤ ਹੈ । ਮੇਰੀ ਬੇਨਤੀ ਹੈ ਕਿ 11 ਅਗਸਤ ਨੂੰ ਨਿਊਯਾਰਕ ਵਿਖੇ ਹੋ ਰਹੀ ਮੀਟਿੰਗ ਉਦੋਂ ਤੱਕ ਰੱਦ ਕੀਤੀ ਜਾਵੇ ਜਦੋਂ ਤੱਕ ਸਾਰੇ ਅਹੁਦੇਦਾਰਾਂ ਅਤੇ ਵਰਕਰ ਸਾਹਿਬਾਨਾਂ ਦਾ ਆਪਸੀ ਤਾਲਮੇਲ ਅਤੇ ਏਕਤਾ ਨਹੀਂ ਹੋ ਜਾਂਦੀ । ਆਪੋ-ਧਾਪੀ ਵਿਚ ਜਿਥੇ ਪਾਰਟੀ ਦਾ ਸਮਾਂ ਅਤੇ ਧਨ ਬਰਬਾਦ ਹੁੰਦਾ ਹੈ ਉਥੇ ਸਿੱਖ ਕੌਮ ਦਾ ਵੀ ਬਹੁਤ ਵੱਡਾ ਨੁਕਸਾਨ ਹੁੰਦਾ ਹੈ । ਮੈਂ ਹੁਣ ਇਹ ਕਹਿਣਾ ਚਾਹੁੰਦਾ ਹਾਂ ਕਿ ਪਾਰਟੀ ਦੇ ਕੰਨਵੀਨਰ ਸਾਹਿਬਾਨ, ਸਾਰੇ ਅਹੁਦੇਦਾਰਾਂ ਅਤੇ ਪ੍ਰਮੁੱਖ ਆਗੂਆਂ ਦੀ ਤੁਰੰਤ ਮੀਟਿੰਗ ਬੁਲਾਕੇ ਪਾਰਟੀ ਅਤੇ ਕੌਮ ਦੇ ਚੰਗੇਰੇ ਭਵਿੱਖ ਲਈ ਕੋਈ ਠੋਸ ਪ੍ਰੋਗਰਾਮ ਦੇਣ ਜਿਸ ਨਾਲ ਸਿੱਖ ਕੌਮ ਬੁਲੰਦੀਆ ਵੱਲ ਜਾ ਸਕੇ ।

ਗੁਰੂਘਰ ਤੇ ਪੰਥ ਦਾ ਦਾਸ,
ਸਿਮਰਨਜੀਤ ਸਿੰਘ ਮਾਨ,
27-VII-19 ਪ੍ਰਧਾਨ,
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)।

ਇਸ਼ਤਿਹਾਰ

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਨਨਕਾਣਾ ਸਾਹਿਬ ਵੱਲ ਜਾਂਦੇ ਰਾਹਾਂ ਦੇ ਸਾਈਨ ਬੋਰਡ ਹਿੰਦੀ 'ਚ ਲੱਗੇ

## *ਤਾਹਿਰ ਸੰਧੂ ਨੇ ਇਸ ਮੁੱਦੇ ਨੂੰ ਸੋਸ਼ਲ ਮੀਡੀਆ 'ਤੇ ਚੁੱਕਿਆ*

**ਲਾਹੌਰ/ਏਟੀ ਨਿਊਜ਼ :**
ਗੁਰੂ ਨਾਨਕ ਸਾਹਿਬ ਦੀ ਜਨਮ ਭੂਮੀ ਨਨਕਾਣਾ ਸਾਹਿਬ ਜਾਣ ਵਾਲੇ ਯਾਤਰੀਆਂ ਦੀ ਸਹੂਲਤ ਲਈ ਨਵੇਂ ਹਾਈਵੇਅ ਬਣਾਉਣ ਦਾ ਕੰਮ ਚੱਲ ਰਿਹਾ ਹੈ। ਹਾਈਵੇਅ 'ਤੇ ਯਾਤਰੀਆਂ ਨੂੰ ਰਾਹ ਵਿਖਾਉਣ ਲਈ ਜਿਹੜੇ ਸਾਈਨ ਬੋਰਡ ਲਗਾਏ ਗਏ, ਉਹ ਅੰਗ੍ਰੇਜ਼ੀ, ਉਰਦੂ ਅਤੇ ਹਿੰਦੀ ਵਿੱਚ ਲੱਗੇ ਹੋਏ ਹਨ। ਸ਼ਾਇਦ ਲਿਖਣ ਵਾਲਿਆਂ ਨੂੰ ਪਤਾ ਹੀ ਨਹੀਂ ਸੀ ਕਿ ਸਿੱਖ ਯਾਤਰੀਆਂ ਦੀ ਜ਼ਬਾਨ ਹਿੰਦੀ ਨਹੀਂ, ਸਗੋਂ ਪੰਜਾਬੀ ਹੈ, ਜਿਹੜੀ ਕਿ ਗੁਰਮੁਖੀ ਲਿੱਪੀ ਵਿੱਚ ਲਿਖੀ ਜਾਂਦੀ ਹੈ। ਲਾਹੌਰ ਦੇ ਇੱਕ ਵਕੀਲ ਤਾਹਿਰ ਸੰਧੂ ਨੇ ਇਸ ਮੁੱਦੇ ਨੂੰ ਸੋਸ਼ਲ ਮੀਡੀਆ 'ਤੇ ਚੁੱਕਿਆ ਜਿਸ 'ਤੇ ਕਾਫ਼ੀ ਲੋਕਾਂ ਨੇ, ਜਿਨ੍ਹਾਂ ਵਿੱਚ ਸਿੱਖ ਭਾਈਚਾਰੇ ਦੇ ਲੋਕ ਵੀ ਸ਼ਾਮਲ ਸਨ, ਇਸ ਗੱਲ ਦੀ ਤਾਈਦ ਕੀਤੀ ਅਤੇ ਆਪਣੇ ਗੁੱਸੇ ਦਾ ਵੀ ਇਜ਼ਹਾਰ ਕੀਤਾ।

ਤਾਹਿਰ ਸੰਧੂ ਲਹਿੰਦੇ ਪੰਜਾਬ ਵਿੱਚ ਪੰਜਾਬੀ ਜ਼ਬਾਨ ਨੂੰ ਉਤਸ਼ਾਹਿਤ ਕਰਨ ਲਈ ਕਾਫ਼ੀ ਕੰਮ ਕਰ ਰਹੇ ਹਨ। ਉਨ੍ਹਾਂ ਸੋਸ਼ਲ ਮੀਡੀਆ 'ਤੇ ਸਰਕਾਰ ਤੋਂ ਮੰਗ ਕੀਤੀ ਕਿ ਸਾਰੀ ਦੁਨੀਆਂ ਤੋਂ ਨਨਕਾਣਾ ਸਾਹਿਬ ਆਉਣ ਵਾਲੇ ਸਿੱਖ ਯਾਤਰੀਆਂ ਦੀ ਸਹੂਲਤ ਲਈ ਫੌਰੀ ਤੌਰ 'ਤੇ ਇਹ ਸਾਈਨ ਬੋਰਡ ਗੁਰਮੁਖੀ ਵਿਚ ਲਗਾਉਣੇ ਚਾਹੀਦੇ ਹਨ। ਸੋਸ਼ਲ ਮੀਡੀਆ 'ਤੇ ਖ਼ਬਰ ਫੈਲਣ ਤੋਂ ਬਾਅਦ ਸਰਕਾਰ ਵਲੋਂ ਸਾਈਨ ਬੋਰਡ ਹਟਾਉਣੇ ਸ਼ੁਰੂ ਕਰ ਦਿੱਤੇ ਗਏ ਹਨ। ਨਨਕਾਣਾ ਸਾਹਿਬ ਵਿੱਚ ਰਹਿਣ ਵਾਲੇ ਅਤੇ ਯਾਤਰੀਆਂ ਦੀ ਸੇਵਾ ਕਰਨ ਵਾਲੇ ਭੁਪਿੰਦਰ ਸਿੰਘ ਲਵਲੀ ਨੇ ਦੱਸਿਆ ਕਿ ਇਹ ਗੱਲ ਬਿਲਕੁਲ ਗ਼ਲਤ ਹੈ ਕਿ ਜੀਟੀ ਰੋਡ 'ਤੇ ਲੱਗੇ ਪੁਰਾਣੇ ਸਾਈਨ ਬੋਰਡ ਹਟਾ ਦਿੱਤੇ ਗਏ ਹਨ। ਭੁਪਿੰਦਰ ਸਿੰਘ ਲਵਲੀ ਦਾ ਕਹਿਣਾ ਹੈ ਕਿ ਇਸ ਤੋਂ ਪਹਿਲਾਂ ਕਿ ਇਹ ਗੱਲ ਵਧ ਜਾਵੇ ਅਤੇ ਲੋਕ ਇਸ ਨੂੰ ਹੋਰ ਗ਼ਲਤ ਰੰਗ ਦੇਣ, ਛੇਤੀ ਤੋਂ ਛੇਤੀ ਇਹ ਸਾਈਨ ਬੋਰਡ ਤਬਦੀਲ ਕਰ ਦੇਣੇ ਚਾਹੀਦੇ ਹਨ। ਪੰਜਾਬ ਦੀ ਅਸੈਂਬਲੀ ਵਿੱਚ ਮਨਿਸਟਰੀ ਆਫ਼ ਹਿਊਮਨ ਰਾਈਟਸ ਦੇ ਪਾਰਲੀਮੈਂਟਰੀ ਸੈਕਟਰੀ ਮਹਿੰਦਰ ਪਾਲ ਸਿੰਘ ਨੇ ਕਿਹਾ ਕਿ ਉਹ ਕਿਸੇ ਕੰਮ ਲਈ ਕੁਏਟਾ ਗਏ ਹੋਏ ਸਨ ਤੇ ਉੱਥੇ ਉਨ੍ਹਾਂ ਨੂੰ ਇਸ ਬਾਰੇ ਜਾਣਕਾਰੀ ਮਿਲੀ। ਮਹਿੰਦਰ ਸਿੰਘ ਪਾਲ ਨੇ ਫੌਰੀ ਤੌਰ 'ਤੇ ਸਬੰਧਤ ਮਹਿਕਮੇ ਦੇ ਅਫਸਰਾਂ ਨਾਲ ਰਾਬਤਾ ਕਾਇਮ ਕੀਤਾ ਜਿਸ ਤੋਂ ਬਾਅਦ ਉਨ੍ਹਾਂ ਨੂੰ ਪਤਾ ਲੱਗਿਆ ਕਿ ਗ਼ਲਤੀ ਜਾਣਬੁੱਝ ਕੇ ਨਹੀਂ ਕੀਤੀ ਗਈ, ਸਗੋਂ ਇਹ ਸਬੰਧਿਤ ਲੋਕਾਂ ਦੀ ਨਾਸਮਝੀ ਕਾਰਨ ਹੋਇਆ ਹੈ। ਉਨ੍ਹਾਂ ਨੇ ਵਾਅਦਾ ਕੀਤਾ ਹੈ ਕਿ ਇਹ 14 ਅਗਸਤ ਤੋਂ ਪਹਿਲਾਂ-ਪਹਿਲਾਂ ਹਿੰਦੀ ਵਾਲੇ ਸਾਈਨ ਬੋਰਡਾਂ ਦੀ ਥਾਂ ਪੰਜਾਬੀ ਵਾਲੇ ਸਾਈਨ ਬੋਰਡ ਲਗਾ ਦਿੱਤੇ ਜਾਣਗੇ।

# ਪੰਜਾਬ ਵਿਧਾਨ ਸਭਾ ਨੂੰ ਫੂਲਕਾ ਨੇ ਪੱਕੇ ਤੌਰ 'ਤੇ ਛੱਡਿਆ

**ਚੰਡੀਗੜ੍ਹ/ਏਟੀ ਨਿਊਜ਼ :**
ਆਮ ਆਦਮੀ ਪਾਰਟੀ ਤੋਂ ਅਸਤੀਫ਼ਾ ਦੇ ਚੁੱਕੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਪਦਮਸ੍ਰੀ ਹਰਵਿੰਦਰ ਸਿੰਘ ਫੂਲਕਾ ਨੇ ਪੰਜਾਬ ਵਿਧਾਨ ਸਭਾ ਨੂੰ ਪੱਕੇ ਤੌਰ 'ਤੇ ਅਲਵਿਦਾ ਕਹਿਣ ਦਾ ਮਨ ਬਣਾ ਲਿਆ ਹੈ। ਉਹ 2 ਅਗਸਤ ਤੋਂ ਸ਼ੁਰੂ ਹੋ ਰਹੇ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿਚ ਹਾਜ਼ਰ ਨਹੀਂ ਰਹਿਣਗੇ। ਦੱਸਣਯੋਗ ਹੈ ਕਿ 'ਆਪ' ਦੇ ਦਾਖਾ ਤੋਂ ਵਿਧਾਇਕ ਫੂਲਕਾ ਨੇ ਕਈ



ਮਹੀਨੇ ਪਹਿਲਾਂ ਵਿਧਾਨ ਸਭਾ ਦੇ ਸਪੀਕਰ ਰਾਣਾ ਕੇਪੀ ਸਿੰਘ ਨੂੰ ਅਸਤੀਫ਼ਾ ਦੇ ਦਿੱਤਾ ਸੀ ਜੋ ਹਾਲੇ ਤਕ ਪ੍ਰਵਾਨ ਨਹੀਂ ਕੀਤਾ ਗਿਆ ਹੈ। ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬੇਅਦਬੀ ਅਤੇ ਬਰਗਾੜੀ ਕਾਂਡ ਦੇ ਮੁੱਖ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦਾ ਵਾਅਦਾ ਨਾ ਨਿਭਾਏ ਜਾਣ ਦੇ ਰੋਸ ਵਜੋਂ ਅਸਤੀਫ਼ਾ ਦਿੱਤਾ ਸੀ। ਉਨ੍ਹਾਂ ਪਹਿਲਾਂ 'ਆਪ' ਤੋਂ ਇਹ ਕਹਿ ਕੇ ਅਸਤੀਫ਼ਾ ਦਿੱਤਾ ਸੀ ਕਿ ਉਹ ਜਿਹੜੇ ਮਕਸਦ ਲਈ ਸਿਆਸਤ ਵਿਚ ਆਏ ਸਨ, ਇਸ ਪਾਰਟੀ ਵਿਚ ਉਹ ਟੀਚੇ ਪੂਰੇ ਕਰਨੇ ਸੰਭਵ ਨਹੀਂ ਲਗਦੇ ਹਨ।

ਫੂਲਕਾ ਨੇ ਖ਼ੁਲਾਸਾ ਕੀਤਾ ਕਿ ਹੁਣ ਉਨ੍ਹਾਂ ਪੱਕੇ ਤੌਰ 'ਤੇ ਪੰਜਾਬ ਵਿਧਾਨ ਸਭਾ ਨੂੰ ਅਲਵਿਦਾ ਕਹਿਣ ਦਾ ਫ਼ੈਸਲਾ ਲੈ ਲਿਆ ਹੈ। ਉਨ੍ਹਾਂ ਕਿਹਾ ਕਿ ਉਹ ਵਿਧਾਨ ਸਭਾ ਦੇ ਸਪੀਕਰ ਨੂੰ ਬੇਨਤੀ ਕਰਨਗੇ ਕਿ 2 ਅਗਸਤ ਤੋਂ ਪਹਿਲਾਂ ਉਨ੍ਹਾਂ ਦਾ ਅਸਤੀਫ਼ਾ ਪ੍ਰਵਾਨ ਕੀਤਾ ਜਾਵੇ। ਉਨ੍ਹਾਂ ਕਿਹਾ,"ਪਹਿਲਾਂ ਸਪੀਕਰ ਨੇ ਕਿਹਾ ਸੀ ਕਿ ਨਿਰਧਾਰਤ ਸ਼ਬਦਾਵਲੀ ਨਾ ਹੋਣ ਕਾਰਨ ਅਸਤੀਫ਼ਾ ਸਵੀਕਾਰ ਨਹੀਂ ਹੋਇਆ ਹੈ। ਹੁਣ ਜੇ ਸਪੀਕਰ ਕਹਿਣਗੇ ਤਾਂ ਉਹ ਮੁੜ ਨਿਰਧਾਰਤ ਸ਼ਬਦਾਵਲੀ ਵਿਚ ਵੀ ਅਸਤੀਫ਼ਾ ਭੇਜ ਦੇਣਗੇ।"

# ਬਿਆਸ ਦਰਿਆ 'ਤੇ ਰਾਧਾ ਸਵਾਮੀਆਂ ਵਲੋਂ ਕਬਜ਼ੇ ਦੇ ਮਾਮਲੇ 'ਚ ਹਾਈ ਕੋਰਟ ਨੇ ਪੰਜਾਬ ਸਰਕਾਰ ਤੋਂ ਰਿਪੋਰਟ ਮੰਗੀ

ਚੰਡੀਗੜ੍ਹ/ਏਟੀ ਨਿਊਜ਼ : ਡੇਰਾ ਬਿਆਸ ਵੱਲੋਂ ਬੰਨ੍ਹ ਬਣਾ ਕੇ ਬਿਆਸ ਦਰਿਆ ਦੇ ਪਾਣੀ ਦਾ ਵਹਾਅ ਮੋੜਨ ਦੇ ਮਾਮਲੇ ਵਿਚ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਤਿੰਨ ਮਹੀਨਿਆਂ ਅੰਦਰ ਜਾਂਚ ਕਰ ਕੇ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ। ਲੋਕ ਇਨਸਾਫ ਸੁਸਾਇਟੀ ਤੇ ਕੁਝ ਕਿਸਾਨਾਂ ਨੇ ਕਿਹਾ ਕਿ ਉਨ੍ਹਾਂ ਹਾਈ ਕੋਰਟ ਦੇ ਹੁਕਮਾਂ ਦੀ ਕਾਪੀ ਪੰਜਾਬ ਸਰਕਾਰ ਦੇ ਚੀਫ ਸਕੱਤਰ ਨੂੰ ਸੌਂਪ ਦਿੱਤੀ ਹੈ। ਸੁਸਾਇਟੀ ਦੇ ਪ੍ਰਧਾਨ ਬਲਦੇਵ ਸਿੰਘ ਸਿਰਸਾ ਨੇ ਦੱਸਿਆ ਕਿ ਡੇਰਾ ਬਿਆਸ ਵੱਲੋਂ 2004-05 ਵਰ੍ਹੇ ਵਿਚ ਇੱਕ ਬੰਨ੍ਹ ਬਣਾ ਕੇ ਨਾਲ ਲਗਦੇ ਬਿਆਸ ਦਰਿਆ ਦਾ ਕੁਦਰਤੀ ਵਹਾਅ ਮੋੜ ਕੇ ਢਿੱਲਵਾਂ ਪਿੰਡ ਵਾਲੇ ਪਾਸੇ ਕਰ ਦਿੱਤਾ ਸੀ, ਜਿਸ ਨਾਲ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਪਾਣੀ ਦੀ ਮਾਰ ਹੇਠ ਆ ਗਈ ਸੀ। ਸਿਰਸਾ ਨੇ ਦੱਸਿਆ ਕਿ ਇਸ ਬਾਰੇ ਕੋਰਟ ਦੇ ਆਦੇਸ਼ਾਂ ਦੀ ਕਾਪੀ ਉਨ੍ਹਾਂ ਪੰਜਾਬ ਸਰਕਾਰ ਦੇ ਚੀਫ ਸਕੱਤਰ ਦੇ ਦਫ਼ਤਰ ਵਿਚ ਪਹੁੰਚਾ ਦਿੱਤੀ ਹੈ। ਦੂਜੇ ਪਾਸੇ ਇਸ ਮਾਮਲੇ ਸਬੰਧੀ ਡੇਰਾ ਰਾਧਾ ਸਵਾਮੀ ਬਿਆਸ ਦੇ ਜ਼ਮੀਨ ਸਬੰਧੀ ਮਾਮਲਿਆਂ ਦੇ ਇੰਚਾਰਜ ਤੋਂ ਡੇਰੇ ਦਾ ਪੱਖ ਲੈਣ ਦੀ ਕੋਸ਼ਿਸ ਕੀਤੀ ਗਈ ਤਾਂ ਉਨ੍ਹਾਂ ਨੇ ਇਸ ਬਾਰੇ ਡੇਰੇ ਦੇ ਸਕੱਤਰ ਨਾਲ ਸੰਪਰਕ ਕਰਨ ਦੀ ਗੱਲ ਕਹਿ ਕੇ ਟਾਲਾ ਵੱਟ ਲਿਆ।

# ਪੰਜਾਬ ਦੇ ਮੁੱਦਿਆਂ ਨੂੰ ਲੈ ਕੇ ਛੇ ਪੰਥਕ ਜਥੇਬੰਦੀਆਂ ਛੇੜਨਗੀਆਂ ਸਾਂਝਾ ਸੰਘਰਸ਼

**ਚੰਡੀਗੜ੍ਹ/ਏਟੀ ਨਿਊਜ਼ :**
ਪੰਜਾਬ ਦੀਆਂ ਛੇ ਸਿੱਖ ਜਥੇਬੰਦੀਆਂ ਅਤੇ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਨੂੰ ਛੱਡ ਕੇ ਬਾਕੀ ਵਿਰੋਧੀ ਧਿਰਾਂ ਪੰਜਾਬ ਦੇ ਮੁੱਦਿਆਂ 'ਤੇ ਇਕੱਠੀਆਂ ਹੋ ਗਈਆਂ ਹਨ। ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਜਸਕਰਨ ਸਿੰਘ ਕਾਹਨਸਿੰਘ ਵਾਲਾ, ਗੁਰਸੇਵਕ ਸਿੰਘ ਜਵਾਹਰਕੇ, ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਗੁਰਦੀਪ ਸਿੰਘ ਬਠਿੰਡਾ ਤੇ ਗੁਰਨਾਮ ਸਿੰਘ ਸਿੱਧੂ, ਦਲ ਖਾਲਸਾ ਦੇ ਪ੍ਰਧਾਨ ਐਡਵੋਕੇਟ ਹਰਪਾਲ ਸਿੰਘ ਚੀਮਾ ਦੇ ਕੰਵਰਪਾਲ ਸਿੰਘ, ਬਸਪਾ ਦੇ ਸਕੱਤਰ ਰਾਜਾ ਰਜਿੰਦਰ ਸਿੰਘ ਨਨਹੇੜੀਆਂ, ਅਕਾਲੀ ਦਲ ਟਕਸਾਲੀ ਦੇ ਆਗੂ ਜਗਤਾਰ ਸਿੰਘ ਘੜੂੰਆਂ, ਬਹੁਜਨ ਮੁਕਤੀ ਮੋਰਚੇ ਦੇ ਪ੍ਰਧਾਨ ਕੁਲਦੀਪ ਸਿੰਘ ਈਸ਼ਾਪੁਰ ਅਤੇ ਐੱਸਐੱਫਐੱਸ ਦੇ ਆਗੂ ਹਰਮਨਜੀਤ ਸਿੰਘ ਅਤੇ ਮਨੁੱਖੀ ਅਧਿਕਾਰਾਂ ਦੇ ਵਕੀਲ ਆਰਐੱਸ ਬੈਂਸ ਨੇ ਮੀਟਿੰਗ ਕਰਕੇ ਸੂਬੇ ਦੇ ਅਹਿਮ ਮੁੱਦਿਆਂ ਉਪਰ ਸਾਂਝਾ ਸੰਘਰਸ਼ ਛੇੜਣ ਦਾ ਐਲਾਨ ਕੀਤਾ ਹੈ। ਇਸ ਦੇ ਪਹਿਲੇ ਪੜਾਅ ਵਿੱਚ 15 ਅਗਸਤ ਨੂੰ ਆਜ਼ਾਦੀ ਦਿਵਸ ਨੂੰ ਕਾਲੇ ਦਿਵਸ ਵਜੋਂ ਮਨਾਉਣ ਅਤੇ ਇਸ ਦਿਨ ਪੰਜਾਬ ਭਰ ਵਿਚ ਕਾਲੀਆਂ ਝੰਡੀਆਂ ਨਾਲ ਪ੍ਰਦਰਸ਼ਨ ਕਰਨ ਦਾ ਫੈਸਲਾ ਲਿਆ ਹੈ। ਇਨ੍ਹਾਂ ਛੇ ਧਿਰਾਂ ਨੇ ਪਹਿਲੇ ਪੜਾਅ ਵਿੱਚ ਸੂਬੇ ਦੇ ਚਾਰ ਅਹਿਮ ਮੁੱਦਿਆਂ ਉਪਰ ਸੰਘਰਸ਼ ਛੇੜਨ ਦਾ ਫੈਸਲਾ ਲਿਆ ਹੈ, ਜਿਨ੍ਹਾਂ ਵਿਚ ਸਤਲੁਜ ਯਮਨਾ ਲਿੰਕ ਨਹਿਰ ਦੀ ਮੁੜ ਉਸਾਰੀ ਕਰਨ ਦੀਆਂ ਚਾਲਾਂ, ਸਿੱਖ ਨੌਜਵਾਨ ਦੇ ਕਾਤਲ 4 ਪੁਲੀਸ ਮੁਲਾਜ਼ਮਾਂ ਦੀ ਸਜ਼ਾ ਮੁਆਫ਼ ਕਰਨ, ਕੇਂਦਰੀ ਜਾਂਚ ਬਿਊਰੋ ਵੱਲੋਂ ਬੇਅਦਬੀ ਕਾਂਡ ਦੇ ਮਾਮਲੇ ਸਬੰਧੀ ਅਦਾਲਤ ਵਿਚ ਪੇਸ਼ ਕੀਤੀ ਕਲੋਜ਼ਰ ਰਿਪੋਰਟ ਅਤੇ ਐੱਨਆਈਏ ਨੂੰ ਖਾੜਕੂ ਗਤੀਵਿਧੀਆਂ ਠੱਲ੍ਹਣ ਦੀ ਆੜ ਵਿੱਚ ਦਿੱਤੇ ਜਾ ਰਹੇ ਅਥਾਹ ਅਧਿਕਾਰਾਂ ਦੇ ਮੁੱਦੇ ਸ਼ਾਮਲ ਹਨ।



# ਮੋਡੈਸਟੋ ਗੁਰਦੁਆਰਾ ਸਾਹਿਬ 'ਚ ਅਣਪਛਾਤੇ ਲੋਕਾਂ ਵਲੋਂ ਨਸਲੀ ਹਮਲਾ, ਗ੍ਰੰਥੀ ਸਿੰਘ ਦੇ ਕਮਰੇ ਦੇ ਸ਼ੀਸ਼ੇ ਤੋੜੇ





**ਹੂਗਸਨ/ਹੁਸਨ ਲੜੋਆ ਬੰਗਾ) :** ਕੈਲੀਫੋਰਨੀਆ ਦੇ ਮੋਡੈਸਟੋ ਲਾਗੇ ਸ਼ਹਿਰ ਹੂਗਸਨ ਦੇ ਗੁਰਦੁਆਰਾ ਸਾਹਿਬ ਵਿਚ ਗ੍ਰੰਥੀਆਂ ਵਾਲੀ ਰਿਹਾਇਸ਼ 'ਚ ਅਣਪਛਾਤੇ ਲੋਕਾਂ ਵਲੋਂ ਨਸਲੀ ਹਮਲਾ ਕੀਤਾ ਗਿਆ। ਮਿਲੀ ਜਾਣਕਾਰੀ ਮੁਤਾਬਕ ਕੁਝ ਅਣਪਛਾਤੇ ਲੋਕਾਂ ਵਲੋਂ ਕਮਰੇ ਦਾ ਸ਼ੀਸ਼ਾ ਤੋੜ ਕੇ ਭਾਈ ਅਮਰਜੀਤ ਸਿੰਘ ਦੀ ਗਰਦਨ 'ਤੇ ਮੁੱਕਾ ਮਾਰਿਆ ਗਿਆ। ਉਸ ਸਮੇਂ ਭਾਈ ਅਮਰਜੀਤ ਅਪਣੇ ਕਮਰੇ ਵਿਚੋਂ ਬਾਹਰ ਨਿਕਲਣ ਦੀ ਕੋਸ਼ਿਸ ਕਰ ਰਿਹਾ ਸੀ, ਜਿਸ ਵੇਲੇ ਹਮਲਾ ਕੀਤਾ ਗਿਆ। ਪੁਲੀਸ ਦੇ ਬੁਲਾਰੇ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਭਾਈ ਅਮਰਜੀਤ ਸਿੰਘ ਨੂੰ ਗਲੇ 'ਤੇ ਮਾਰਿਆ ਗਿਆ ਸੀ। ਇਹ ਗੁਰਦੁਆਰਾ ਸਾਹਿਬ ਹੈਚ ਰੋਡ 'ਤੇ ਸਥਿਤ ਹੈ। ਹੂਗਸਨ ਸ਼ਹਿਰ ਦੇ ਸਿੱਖ ਭਾਈਚਾਰੇ ਦੇ ਲੋਕ ਇਸ ਘਟਨਾ ਤੋਂ ਉਦਾਸ ਹਨ। ਇਸ ਮੌਕੇ ਭਾਈ ਅਮਰਜੀਤ ਸਿੰਘ ਨੇ ਵੀ ਇਹੀ ਕਿਹਾ ਕਿ ਕਿਸੇ ਨੇ ਸਾਡੇ ਘਰ ਵਿਚ ਖਿੜਕੀਆਂ ਭੰਨ ਤੋੜ ਕੀਤੀ, ਜੋ ਕਿ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਦੇ ਪਾਰ ਹੈ। ਉਸ ਤੋਂ ਬਾਅਦ ਉਸ ਨੂੰ ਕੁੱਟਿਆ ਗਿਆ। ਹਮਲਾ ਕਰਨ ਤੋਂ ਬਾਅਦ, ਕਿਸੇ ਨੇ ਉੱਚੀ ਆਵਾਜ਼ ਵਿਚ ਕਿਹਾ, "ਵਾਪਸ ਜਾਓ, ਆਪਣੇ ਦੇਸ਼ ਵਾਪਸ ਜਾਓ"। ਉਨਾਂ ਕਿਹਾ ਕਿ ਹਮਲਾ ਕਰਨ ਵਾਲੇ ਗੋਰੀ ਨਸਲ ਦੇ ਲਗਦੇ ਸਨ। ਕਾਂਗਰਸਮੈਨ ਜੋਸ਼ ਹਾਰਡਰ, ਮਡੈਸਟੋ ਨੇ ਇਕ ਬਿਆਨ ਜਾਰੀ ਕੀਤਾ ਜਿਸ 'ਚ ਹਮਲੇ ਦੀ ਨਿੰਦਾ ਕੀਤੀ ਗਈ। ਉਨ੍ਹਾਂ ਕਿਹਾ ਕਿ "ਮੈਂ ਇਸ ਬੁਰੇ ਸਮੇਂ ਵਿਚ ਸਿੱਖ ਭਾਈਚਾਰੇ ਨਾਲ ਖੜਾ ਹਾਂ ਤੇ ਹਰੇਕ ਅਮਰੀਕਨ ਵਿਸ਼ਵਾਸ ਨਾਲ ਤੇ ਕਿਸੇ ਦੀ ਵੀ ਪਰਵਾਹ ਕੀਤੇ ਬਿਨਾਂ ਆਪਣੇ ਧਰਮ ਨੂੰ ਆਜ਼ਾਦੀ ਨਾਲ ਅਤੇ ਹਿੰਸਾ ਦੇ ਡਰ ਤੋਂ ਵਗੈਰ ਮੰਨ ਸਕਦਾ ਹੈ।" ਹਾਰਡਰ ਨੇ ਕਿਹਾ, "ਇਹ ਘਿਨਾਉਣਾ ਹਮਲਾ ਹੈ ਅਤੇ ਸਾਨੂੰ ਜ਼ਿੰਮੇਵਾਰ ਵਿਅਕਤੀ ਨੂੰ ਲੱਭਣਾ ਚਾਹੀਦਾ ਹੈ।" ਸਟੇਨੀਸਲੌਸ ਕਾਉਂਟੀ ਸ਼ੈਰਿਫ਼ ਵਿਭਾਗ ਦੇ ਡਿਪਟੀਜ਼ ਨੇ ਕਿਹਾ ਕਿ ਇਸ ਨੂੰ ਨਫਰਤੀ ਅਪਰਾਧ ਮੰਨਣਾ ਜਲਦੀ ਹੋਵੇਗਾ। ਉਨ੍ਹਾਂ ਕਿਹਾ ਕਿ ਜਾਂਚ ਕਰਤਾ ਇਨਾਂ ਦੋਸ਼ਾਂ ਨੂੰ ਗੰਭੀਰਤਾ ਨਾਲ ਲੈ ਰਹੇ ਹਨ। ਡਿਪਟੀ ਨੇ ਗੁਰਦੁਆਰਾ ਸਾਹਿਬ ਦੇ ਆਲੇ ਦੁਆਲੇ ਗਸ਼ਤ ਵਧਾ ਦਿੱਤੀ ਹੈ ਤੇ ਜਾਂਚ ਚੱਲ ਰਹੀ ਹੈ। ਸ਼ੈਰਿਫ਼ ਦੇ ਦਫਤਰ ਨੇ ਕੋਈ ਹੋਰ ਵੇਰਵੇ ਜਾਰੀ ਨਹੀਂ ਕੀਤੇ।

## ਬਾਬਾ ਨਿਧਾਨ ਸਿੰਘ ਅਤੇ ਭਗਤ ਪੂਰਨ ਸਿੰਘ ਦੀ ਯਾਦ ਵਿਚ ਸਮਾਗਮ

### *ਡਾ. ਪਰਮਜੀਤ ਸਿੰਘ ਸਰੋਆ ਦਾ ਵਿਸ਼ੇਸ਼ ਸਨਮਾਨ*



**ਨਿਊਯਾਰਕ/ਹੁਸਨ ਲੜੋਆ ਬੰਗਾ):** ਬਾਬਾ ਨਿਧਾਨ ਸਿੰਘ ਹਜ਼ੂਰ ਸਾਹਿਬ ਅਤੇ ਪਿੰਗਲਵਾੜਾ ਦੇ ਬਾਨੀ ਭਗਤ ਪੂਰਨ ਸਿੰਘ ਦੀ ਯਾਦ ਵਿਚ ਸਲਾਨਾ ਸਮਾਗਮ 28 ਜੁਲਾਈ ਨੂੰ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਸਿੱਖ ਸੈਂਟਰ ਪਲੇਨਵਿਊ ਨਿਊਯਾਰਕ ਵਿਚ ਹੋਇਆ। ਸਮਾਗਮ ਬਾਰੇ ਜਾਣਕਾਰੀ ਦਿੰਦਿਆਂ ਸ. ਸੁਰਿੰਦਰ ਸਿੰਘ ਮਿਨਹਾਸ ਨੇ ਦੱਸਿਆ ਕਿ ਉਪਰੋਕਤ ਸ਼ਖ਼ਸੀਅਤਾਂ ਵੱਲੋਂ ਸਿੱਖੀ ਪ੍ਰਚਾਰ ਪ੍ਰਸਾਰ ਵਿਚ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਇਨ੍ਹਾਂ ਸ਼ਖ਼ਸੀਅਤਾਂ ਵੱਲੋਂ ਸਥਾਪਤ ਸੰਸਥਾਵਾਂ ਹਜ਼ੂਰ ਸਾਹਿਬ ਅਤੇ ਅੰਮ੍ਰਿਤਸਰ ਵਿਖੇ ਅੱਜ ਵੀ ਯੋਗਦਾਨ ਪਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ 28 ਜੁਲਾਈ ਨੂੰ ਸਵੇਰੇ 9:00 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨੀ ਜਥੇ ਭਾਈ ਜਗਦੀਪ ਸਿੰਘ ਜੀ ਬੰਗਲਾ ਸਾਹਿਬ ਵਾਲਿਆਂ ਵੱਲੋਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਗਿਆ। ਕਥਾਵਾਚਕ ਭਾਈ ਰਣਜੀਤ ਸਿੰਘ ਅਤੇ ਭਾਈ ਅਮਰਜੀਤ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਸਿੱਖ ਸੈਂਟਰ ਨੇ ਬਾਬਾ ਨਿਧਾਨ ਸਿੰਘ ਅਤੇ ਭਗਤ ਪੂਰਨ ਸਿੰਘ ਜੀ ਦੇ ਜੀਵਨ 'ਤੇ ਚਾਨਣਾ ਪਾਇਆ। ਸ. ਮਿਨਹਾਸ ਨੇ ਦੱਸਿਆ ਕਿ ਇਸ ਵਾਰ ਬਾਬਾ ਨਿਧਾਨ ਸਿੰਘ ਜੀ ਇੰਟਰਨੈਸ਼ਨਲ ਸੁਸਾਇਟੀ ਦੇ ਚੇਅਰਮੈਨ ਡਾ. ਪਰਮਜੀਤ ਸਿੰਘ ਸਰੋਆ ਨੂੰ ਉਨ੍ਹਾਂ ਦੀਆਂ ਬਾਬਾ ਨਿਧਾਨ ਸਿੰਘ ਜੀ ਨੂੰ ਅਕਾਦਮਿਕ ਖੇਤਰ ਵਿਚ ਪ੍ਰਚਾਰਨ ਬਦਲੇ ਵਿਸ਼ੇਸ਼ ਯਾਦਗਾਰੀ ਚਿੰਨ ਨਾਲ ਸਨਮਾਨਿਆ ਗਿਆ। ਡਾ. ਸਰੋਆ ਬਾਬਾ ਨਿਧਾਨ ਸਿੰਘ ਜੀ ਦੇ ਜੀਵਨ ਬਾਰੇ ਵਿਚਾਰ ਵੀ ਸਾਂਝੇ ਕੀਤੇ। ਇਸ ਮੌਕੇ ਮੌਕੇ ਕਲਾ ਦੇ ਖੇਤਰ ਵਿਚ ਵਿਸ਼ਵ ਪੱਧਰੀ ਨਾਮਣਾ ਖੱਟਣ ਵਾਲੇ ਸ. ਹਰਜੀਤ ਸਿੰਘ ਸੰਧੂ ਦੀ ਕਿਤਾਬ 'ਪੋਟੇ ਬੋਲ ਪਏ' ਵੀ ਰਿਲੀਜ਼ ਕੀਤੀ ਗਈ। ਸ. ਮਿਨਹਾਸ ਨੇ ਦੱਸਿਆ ਕਿ ਸੰਗਤਾਂ ਸਮਾਗਮ ਵਿਚ ਹੁੰਮ-ਹੁੰਮਾ ਕੇ ਪਹੁੰਚੀਆਂ।

## ਅਣਪਛਾਤੇ ਵਲੋਂ ਤਿੰਨ ਲੋਕਾਂ ਦੀ ਗੋਲੀਆਂ ਮਾਰ ਕੇ ਹੱਤਿਆ, 15 ਜ਼ਖ਼ਮੀ



**ਗਿਲਰੋਏ (ਕੈਲੀਫੋਰਨੀਆ)/ਹੁਸਨ ਲੜੋਆ ਬੰਗਾ :** ਉਤਰੀ ਕੈਲੀਫੋਰਨੀਆ ਦੇ ਸ਼ਹਿਰ ਗਿਲਰੋਏ ਵਿਚ ਸਾਲਾਨਾ ਲਸਹਨ ਭੋਜਨ ਉਤਸਵ ਦੌਰਾਨ ਇਕ ਅਣਪਛਾਤੇ ਸਿਰਫਿਰੇ ਵਲੋਂ 3 ਲੋਕਾਂ ਨੂੰ ਰਾਇਫਲ ਨਾਲ ਗੋਲੀਆਂ ਮਾਰ ਕੇ ਮਾਰ ਦਿੱਤਾ ਅਤੇ ਘੱਟੋ ਘੱਟ 15 ਹੋਰ ਜ਼ਖ਼ਮੀ ਹੋ ਗਏ। ਹਮਲਾਵਰ ਮੈਟਲ ਡਿਟੈਕਟਰਾਂ ਤੇ ਮਜ਼ਬੂਤ ਸੁਰੱਖਿਆ ਤੋਂ ਬਚ ਕੇ ਤਾਰ ਦੀ ਵਾੜ ਕੱਟ ਕੇ, ਰਾਈਫਲ ਸਮੇਤ ਇਸ ਸਮਾਗਮ ਵਿਚ ਦਾਖਲ ਹੋਇਆ ਤੇ ਅੰਨੇਵਾਹ ਲੋਕਾਂ 'ਤੇ ਗੋਲੀ ਚਲਾ ਦਿੱਤੀ। ਇਸ ਦੌਰਾਨ ਪੁਲਸ ਨੇ ਵੀ ਬੰਦੂਕਧਾਰੀ ਦਾ ਮੁਕਾਬਲਾ ਕੀਤਾ ਤੇ ਉਸ ਨੂੰ ਵੀ ਮਾਰ ਦਿੱਤਾ। ਇਹ ਘਟਨਾ ਸੈਨਫਰਾਂਸਿਸਕੋ ਦੇ 80 ਮੀਲ (176 ਕਿਲੋਮੀਟਰ) ਦੱਖਣ-ਪੂਰਬ ਵੱਲ 50,000 ਦੇ ਕਰੀਬ ਆਬਾਦੀ ਵਾਲੇ ਸ਼ਹਿਰ ਗਿਲਰੋਏ ਵਿਚ ਉਸ ਸਮੇਂ ਵਾਪਰੀ ਜਦੋਂ ਸਮਾਗਮ 'ਚ ਲੋਕ ਨੱਚ ਗਾ ਰਹੇ ਸਨ ਅਤੇ ਲਸਹਨ ਤੋਂ ਬਣੇ ਵੱਖ-ਵੱਖ ਤਰ੍ਹਾਂ ਦੇ ਲਜੀਜ਼ ਭੋਜਨ ਦਾ ਲੁਤਫ ਲੈ ਰਹੇ ਸਨ। ਇਸ ਸਮਾਗਮ ਤੋਂ ਬਣਦੀ ਲੱਖਾਂ ਡਾਲਰ ਦੀ ਕਮਾਈ ਸਥਾਨਕ ਚੈਰਿਟੀ ਨੂੰ ਦਿੱਤੀ ਜਾਂਦੀ ਹੈ ਤੇ ਹੁਣ ਤਕ ਇਹ 11 ਮਿਲੀਅਨ ਦੇ ਚੁੱਕੇ ਹਨ। ਇਹ ਉਤਸਵ ਕਰੀਬ 39 ਸਾਲ ਪਹਿਲਾਂ ਸ਼ੁਰੂ ਹੋਇਆ ਸੀ। ਫੈਸਟੀਵਲ ਵਿਚ ਖਾਣਾ ਪਕਾਉਣ ਦੇ ਮੁਕਾਬਲੇ ਅਤੇ ਗੀਤ-ਸੰਗੀਤ ਸ਼ਾਮਲ ਹੁੰਦਾ ਹੈ। ਇਸ ਵਿਚ 100,000 ਤੋਂ ਵੱਧ ਲੋਕ ਸ਼ਾਮਿਲ ਹੁੰਦੇ ਹਨ। ਐਤਵਾਰ ਨੂੰ ਪ੍ਰੋਗਰਾਮ ਦਾ ਆਖਰੀ ਦਿਨ ਸੀ, ਤਾਂ ਇਹ ਗੋਲੀਬਾਰੀ ਉਦੋਂ ਸ਼ੁਰੂ ਹੋਈ, ਜਦੋਂ ਬੈਂਡ ਟਿਨਮੈਨ ਆਪਣਾ ਪ੍ਰੋਗਰਾਮ ਸ਼ੁਰੂ ਕਰਨ ਜਾ ਰਿਹਾ ਸੀ। ਗਾਇਕ ਜੈਕ ਵੈਨ ਬ੍ਰੀਨ ਨੇ ਦੱਸਿਆ ਕਿ ਉਸ ਨੇ ਇਕ ਆਦਮੀ ਨੂੰ ਦੇਖਿਆ, ਜਿਸ ਨੇ ਹਰੇ ਰੰਗ ਦੀ ਕਮੀਜ਼ ਪਹਿਨੀ ਹੋਈ ਸੀ ਤੇ ਉਸ ਦੇ ਗਲ਼ੇ ਦੇ ਆਲੇ-ਦੁਆਲੇ ਰੁਮਾਲ ਲਪੇਟਿਆ ਹੋਇਆ ਸੀ। ਉਸ ਕੋਲ ਇਕ ਅਸਾਲਟ ਰਾਈਫਲ ਵੀ ਸੀ।ਇਸ ਘਟਨਾ 'ਚ ਜ਼ਖਮੀ ਹੋਏ ਲੋਕਾਂ ਨੂੰ ਵੱਖ-ਵੱਖ ਹਸਪਤਾਲਾਂ 'ਚ ਲਿਜਾਇਆ ਗਿਆ। ਇਨ੍ਹਾਂ ਦਾ ਮੈਡੀਕਲ ਸੈਂਟਰ 'ਚ ਇਲਾਜ ਕੀਤਾ ਜਾ ਰਿਹਾ ਹੈ ਤੇ ਗੰਭੀਰ ਜ਼ਖਮੀ ਪੰਜ ਜਣੇ ਸੈਂਟਾ ਕਲਾਰਾ ਵੈਲੀ ਦੇ ਮੈਡੀਕਲ ਸੈਂਟਰ ਵਿਚ ਭੇਜੇ ਗਏ ਹਨ। ਇਸ ਘਟਨਾ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਲੋਕਾਂ ਨੂੰ ਸਾਵਧਾਨ ਅਤੇ ਸੁਰੱਖਿਅਤ ਰਹਿਣ ਲਈ ਕਿਹਾ ਹੈ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



Allstate. You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਗਿੱਧੇ, ਭੰਗੜੇ ਤੇ ਜੈਜ਼ੀ ਬੀ ਦੇ ਗੀਤਾਂ ਨਾਲ ਖ਼ੂਬ ਛਣਕੀ 'ਝਾਂਜਰ ਦੀ ਛਣਕਾਰ'

## *ਭੂਆ ਗੁਰਮੀਤ ਕੌਰ ਛੀਨਾ ਦੀ ਅਗਵਾਈ ਹੇਠ ਨਿਵੇਕਲਾ ਸੀ 'ਤੀਆਂ ਦਾ ਤਿਓਹਾਰ'*











**ਮਿਲਪੀਟਸ/ਏਟੀ ਨਿਊਜ਼ ;**
ਇੱਥੇ ਇੰਡੀਅਨ ਕਮਿਊਨਿਟੀ ਸੈਂਟਰ ਵਿਖੇ ਸੈਨਹੋਜ਼ੇ ਹੈਰੀਟੇਜ ਕਲੱਬ, ਜੀ.ਬੀ. ਐਂਟਰਟੇਨਮੈਂਟ, ਇੱਕੀ ਇੰਟਰਨੈਸ਼ਨਲ, ਪੰਜਾਬ ਲੋਕ ਰੰਗ, ਗੁਰੂ ਬ੍ਰਦਰਜ਼ ਅਤੇ ਲੱਕੀ ਪੂਨੀਆਂ ਦੇ ਸਹਿਯੋਗ ਨਾਲ ਕੈਲੀਫੋਰਨੀਆ ਵਿਚ ਤੀਆਂ ਦੇ ਤਿਓਹਾਰ ਮਨਾਉਣ ਵਿਚ ਮੋਢੀ ਕਰਕੇ ਜਾਣੀ ਜਾਂਦੀ ਭੂਆ ਗੁਰਮੀਤ ਕੌਰ ਛੀਨਾ ਦੀ ਅਗਵਾਈ ਹੇਠ 'ਝਾਂਜਰ ਦੀ ਛਣਕਾਰ' ਵਿਸ਼ੇਸ਼ ਪ੍ਰੋਗਰਾਮ ਤੀਆਂ ਨੂੰ ਸਮਰਪਿਤ ਹੋ ਕੇ ਮਨਾਇਆ ਗਿਆ। ਇਸ ਦੌਰਾਨ ਸਾਢੇ 7 ਸੌ ਦੇ ਕਰੀਬ ਰੰਗ ਬਰੰਗੇ ਪਹਿਰਾਵਿਆਂ ਵਿਚ ਹਰ ਉਮਰ ਦੀਆਂ ਕੁੜੀਆਂ, ਮੁਟਿਆਰਾਂ ਤੇ ਔਰਤਾਂ ਪੁੱਜੀਆਂ। ਪਾਲਿਕਾ ਬਜ਼ਾਰ ਵਰਗਾ ਖਰੀਦੋ ਫਰੋਖਤ ਦਾ ਬਾਜ਼ਾਰ ਸਜਿਆ। ਮਨਪਸੰਦ ਦੇ ਗੋਲਗੱਪੇ ਵੀ ਖ਼ੂਬ ਖਾਧੇ ਗਏ ਅਤੇ ਟਿੱਕੀ ਛੋਲੇ ਵੀ। ਕਰੀਬ ਛੇ ਘੰਟੇ ਚੱਲੇ ਪ੍ਰੋਗਰਾਮ ਵਿਚ ਹਰ ਪਲ ਚਾਅ, ਨੱਚਣ, ਟੱਪਣ, ਗਾਉਣ ਅਤੇ ਚਿਹਰਿਆਂ ਤੇ ਰੌਣਕਾਂ ਬਣਾਈ ਰੱਖਣ ਵਾਲਾ ਬਣਿਆ। ਛੋਟੀਆਂ ਬੱਚੀਆਂ ਦੇ 'ਫੁੱਲ ਕਲੀਆਂ' ਦੇ ਗਿੱਧੇ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਹੋਈ। ਮਹਿਕ ਸੰਧੂ ਤੇ ਯੋਗਤਾ ਦਾ ਭੰਗੜਾ, ਪੰਜਾਬੀ ਧੜਕਣ ਅਕੈਡਮੀ ਦੀਆਂ ਛੋਟੀਆਂ ਬੱਚੀਆਂ ਦੀ ਬਹੁਤ ਪਿਆਰੀ ਪੇਸ਼ਕਾਰੀ ਤੋਂ ਸਿਵਾ ਡਿੰਪਲ ਬੈਂਸ ਦੀ ਅਗਵਾਈ ਹੇਠ ਪੇਸ਼ ਗਿੱਧਾ ਤੇ ਡਾਂਸ ਆਈਟਮਾਂ ਬੇਹੱਦ ਸਲਾਹੀਆਂ ਗਈਆਂ। 'ਰੂਹ ਐਂਡ ਰਾਜੀਤ' ਦੀ ਪੇਸ਼ਕਾਰੀ ਕੁਲਵੰਤ ਕੌਰ ਚਾਹਲ ਦਾ 'ਚਰਖਾ ਚੰਨਣ' ਦਾ ਤੋਂ ਬਾਅਦ, ਪੰਜਾਬ ਦੇ ਰਵਾਇਤੀ ਲੋਕ ਨਾਚਾਂ ਤੋਂ ਸਿਵਾ ਗੀਤ ਸੰਗੀਤ ਦਾ ਭਰ ਵਗਦਾ ਦਰਿਆ ਸੁਤੰਤਰ ਜ਼ਿੰਦਗੀ ਦੀ ਮੌਜ ਮਾਣ ਰਹੀਆਂ ਔਰਤਾਂ ਨੂੰ ਭਰਵਾਂ ਮਨੋਰੰਜਨ ਦੇ ਕੇ ਗਿਆ। ਰੂਬੀ ਨਾਜ਼ ਦੀ ਰਹਿਨੁਮਾਈ ਹੇਠ ਪੰਜਾਬਣਾਂ ਦੇ ਪਹਿਰਾਵੇ ਦਾ ਮੁਕਾਬਲਾ ਚੰਗੇ ਸੁੰਦਰਤਾ ਮੁਕਾਬਲੇ ਵਰਗਾ ਸੀ ਜਿਸ ਨਾਲ ਭਰਪੂਰ ਮਨੋਰੰਜਨ ਅਤੇ ਹਾਸਾ ਠੱਠਾ ਹੁੰਦਾ ਰਿਹਾ। ਝੁਮਕੇ, ਪੰਜਾਬੀ ਜੁੱਤੀ ਅਤੇ ਸੂਟ ਇਨਾਮ 'ਚ ਦਿੱਤੇ ਗਏ। ਕੁਝ ਰੈਫਲ ਪ੍ਰਾਈਜ਼ ਕੱਢੇ ਗਏ ਜੋ ਖਿੱਚ ਦਾ ਕੇਂਦਰ ਬਣੇ ਰਹੇ। ਖਾਸ ਤੌਰ 'ਤੇ ਡਾਇਮੰਡ ਰਿੰਗ ਪ੍ਰਤੀ ਬੇਹੱਦ ਆਕਰਸ਼ਣ ਸੀ। ਪ੍ਰੋਗਰਾਮ ਦੀ ਪ੍ਰਮੁੱਖ ਪੇਸ਼ਕਾਰੀ ਭੰਗੜਾ ਕਿੰਗ ਤੇ ਗਾਇਕ ਜੈਜ਼ੀ ਬੀ. ਦੇ ਨਾਮ ਸੀ। 'ਲੈ ਕੇ ਕਲਗੀਧਰ ਤੋਂ ਥਾਪੜਾ', 'ਹੋਇਆ ਕੀ ਜੇ ਧੀ ਜੰਮ ਪਈ', 'ਨਾਗ ਸਾਂਭ ਲੈ ਜ਼ੁਲਫਾਂ ਦੇ', ਵਰਗੇ ਅਨੇਕਾਂ ਦਰਜ਼ਨਾਂ ਹਿੱਟ ਗੀਤਾਂ ਨਾਲ ਉਨ੍ਹਾਂ ਪੰਜਾਬ ਚੇਤੇ ਕਰਵਾ ਦਿੱਤਾ। ਬੁਲੰਦ ਆਵਾਜ਼ ਦੇ ਮਾਲਕ ਸੱਤੀ ਪਾਬਲਾ ਨੇ 'ਮੁੰਡਿਓ ਆ ਗਈ ਓਏ ਸਿਰ ਤੇ ਗਾਗਰ ਰੱਖੀ' ਤੋਂ ਲੈ ਕੇ ਲਾਈਵ ਬੋਲੀਆਂ ਨਾਲ ਇਸ ਤੀਆਂ ਦੇ ਤਿਓਹਾਰ ਨੂੰ ਹੋਰ ਵੀ ਰੰਗਲਾ ਬਣਾ ਦਿੱਤਾ। ਹਰਦੁੱਮਣ ਸਿੰਘ ਬਿੱਲਾ ਸੰਘੇੜਾ, ਅਟਾਰਨੀ ਮਹਿੰਦਰ ਸਿੰਘ ਮਾਨ, ਇੰਦਰਜੀਤ ਸਿੰਘ ਥਿੰਦ, ਰਾਜ ਭਨੋਟ, ਐੱਸ.ਅਸ਼ੋਕ. ਭੌਰਾ, ਪੰਕਜ ਆਂਸਲ ਤੇ ਹੋਰ ਸਖਸ਼ੀਅਤਾਂ ਵਲੋਂ ਕੁਝ ਪਲਾਂ ਲਈ ਇਸ ਪ੍ਰੋਗਰਾਮ ਵਿਚ ਜੈਜ਼ੀ ਬੀ. ਨੂੰ ਸਨਮਾਨਿਤ ਕਰਨ ਲਈ ਸ਼ਿਕਰਤ ਕੀਤੀ ਗਈ। ਉਪਰੰਤ ਇਹ ਪ੍ਰੋਗਰਾਮ ਫਿਰ ਬੀਬੀਆਂ ਦੇ ਹਵਾਲੇ ਕਰ ਦਿੱਤਾ ਗਿਆ। ਬਲਵੀਰ ਕੌਰ ਚਾਹਲ, ਜੱਸੀ ਕੌਰ, ਸੋਨੀਆ ਚੇੜਾ, ਟੀਨਾ ਭਨੋਟ, ਰੂਬੀ ਨਾਜ਼, ਜਸਵਿੰਦਰ ਧਨੋਆ, ਐਸ਼ ਸਿੰਘ, ਜੱਸ ਸਰਾਂ, ਪਿੰਕੀ ਸੰਧੂ, ਕਸ਼ਮੀਰ ਭੌਰਾ, ਪ੍ਰੀਤ ਜਾਡਲਾ, ਜਸਪ੍ਰੀਤ ਬਾਗਲਾ, ਜਸਜੀਤ ਕੌਰ ਆਦਿ ਭੂਆ ਛੀਨਾ ਨਾਲ ਇਨ੍ਹਾਂ ਤੀਆਂ ਨੂੰ ਸਫਲ ਬਣਾਉਣ ਲਈ ਇਕ ਵਧੀਆ ਟੀਮ ਵਜੋਂ ਕੰਮ ਕੀਤਾ। ਫੋਟੋ ਬੂਥ, ਮਹਿੰਦੀ ਤੇ ਹੋਰ ਬੜਾ ਕੁਝ ਸੱਚੀਂ ਮੁੱਚੀਂ ਹੀ ਇਸ ਪ੍ਰੋਗਰਾਮ ਵਿਚ ਪੰਜਾਬ ਵਿਚ ਲੱਗੀਆਂ ਤੀਆਂ ਵਰਗਾ ਸੀ। ਭੂਆ ਗੁਰਮੀਤ ਕੌਰ ਛੀਨਾ ਦਾ ਇਹ ਯਤਨ ਸਫਲ ਸੀ ਤੇ ਸ਼ਾਇਦ ਪਹਿਲੀ ਵਾਰ ਸੀ ਕਿ ਤੀਆਂ ਨੂੰ ਇਸ ਤਰ੍ਹਾਂ ਵੱਡੇ ਪੱਧਰ 'ਤੇ ਮਨਾਉਣ ਦਾ ਉਪਰਾਲਾ ਭੂਆ ਛੀਨਾ ਹੀ ਕਰ ਸਕਦੀ ਸੀ। ਪ੍ਰੋਗਰਾਮ ਦਾ ਸੰਚਾਲਨ ਸ਼ਕਤੀ ਮਾਣਕ ਨੇ ਕੀਤਾ ਜਦਕਿ ਜਗਦੇਵ ਭੰਡਾਲ ਵਲੋਂ ਇਸ ਪ੍ਰੋਗਰਾਮ ਨੂੰ ਗਰਵ ਟੀ.ਵੀ. ਲਈ ਰਿਕਾਰਡ ਕੀਤਾ ਗਿਆ। ਢਲਦੇ ਸੂਰਜ ਨਾਲ ਹੀ ਗਿੱਧੇ ਦੀ ਧਮਕ ਮੱਠੀ ਪੈ ਸਕੀ ਸੀ। ਦਿਲਬਾਗ ਸਰ੍ਹਾਂ, ਅਨਮੋਲ ਭੌਰਾ, ਲੱਕੀ, ਮਨਵੀਰ ਤੇ ਇੰਦਰਜੀਤ ਨੇ ਪਰਦੇ ਪਿੱਛੇ ਰਹਿ ਕੇ ਇਸ ਪ੍ਰੋਗਰਾਮ ਦੀ ਸਫਲਤਾ 'ਚ ਯੋਗਦਾਨ ਦਿੱਤਾ।

### ਐਲਕ ਗਰੋਵ ਪਾਰਕ ਦੀਆਂ 'ਤੀਆਂ ਤੀਜ ਦੀਆਂ' 11 ਅਗਸਤ ਨੂੰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਇੰਟਰਨੈਸ਼ਨਲ ਪੰਜਾਬੀ ਕਲਚਰ ਅਕੈਡਮੀ ਵੱਲੋਂ 'ਤੀਆਂ ਤੀਜ ਦੀਆਂ' ਨਾਂ ਹੇਠ ਮਨਾਈਆਂ ਜਾਂਦੀਆਂ ਤੀਆਂ ਇਸ ਵਾਰ 11 ਅਗਸਤ, ਦਿਨ ਐਤਵਾਰ ਨੂੰ ਮਨਾਈਆਂ ਜਾਣਗੀਆਂ। ਸੈਕਰਾਮੈਂਟੋ 'ਚ ਐਲਕ ਗਰੋਵ ਪਾਰਕ ਦੇ ਖੁੱਲ੍ਹੇ ਮੈਦਾਨ 'ਚ ਛਾਂਦਾਰ ਦਰੱਖਤਾਂ ਹੇਠ ਲੱਗਣ ਵਾਲੀਆਂ ਇਹ ਤੀਆਂ ਪੰਜਾਬ ਦੀਆਂ ਅਸਲੀ ਤੀਆਂ ਵਾਂਗ ਹੀ ਮਨਾਈਆਂ ਜਾਂਦੀਆਂ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਇਨ੍ਹਾਂ ਤੀਆਂ ਲਈ ਔਰਤਾਂ 'ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਗਿੱਧਾ, ਬੋਲੀਆਂ, ਸਕਿੱਟਾਂ ਆਦਿ ਲਈ ਤਿਆਰੀ ਜ਼ੋਰਾਂ-ਸ਼ੋਰਾਂ ਨਾਲ ਕੀਤੀ ਜਾ ਰਹੀ ਹੈ। ਇਨ੍ਹਾਂ ਤੀਆਂ 'ਚ ਗੀਤ-ਸੰਗੀਤ ਦੇ ਨਾਲ-ਨਾਲ ਗਿੱਧੇ ਦੀਆਂ ਧਮਾਲਾਂ, ਬੋਲੀਆਂ, ਸਕਿੱਟਾਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਖਾਣ-ਪੀਣ ਤੋਂ ਇਲਾਵਾ ਕੱਪੜੇ, ਗਹਿਣੇ, ਮਹਿੰਦੀ, ਦੇਸੀ ਜੁੱਤੀਆਂ ਆਦਿ ਦੇ ਸਟਾਲ ਵੀ ਲੱਗਣਗੇ। ਇਨ੍ਹਾਂ ਤੀਆਂ 'ਚ ਪੀਂਘਾਂ ਝੂਟਣ ਦਾ ਵਿਸ਼ੇਸ਼ ਪ੍ਰਬੰਧ ਹੁੰਦਾ ਹੈ। ਇਹ ਮੇਲਾ ਸਿਰਫ ਔਰਤਾਂ ਲਈ ਹੈ ਅਤੇ ਦਾਖਲਾ ਤੇ ਪਾਰਕਿੰਗ ਬਿਲਕੁਲ ਮੁਫ਼ਤ ਹੈ। ਟੀਮ ਐਂਟਰ ਕਰਵਾਉਣ ਲਈ ਫੋਨ ਨੰਬਰ : 916-240-6969 ਜਾਂ ਸਟਾਲ ਲਾਉਣ ਲਈ 916-320-9444 'ਤੇ ਸੰਪਰਕ ਕੀਤਾ ਜਾ ਸਕਦਾ ਹੈ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035


Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਡੇਰਾ ਨਕੋਦਰ ਵਿਚ ਗੁਰਬਾਣੀ ਦੀ ਬੇਅਦਬੀ ਹੋਣ ਦਾ ਦੋਸ਼

**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਦੇ ਨਕੋਦਰ ਸਥਿਤ ਡੇਰਾ ਮੁਰਾਦ ਸ਼ਾਹ ਵੱਲੋਂ ਗੁਰਬਾਣੀ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਹੈ। ਡੇਰੇ ਵੱਲੋ ਆਪਣੇ ਡੇਰੇਦਾਰ ਗੁਲਾਮ ਸ਼ਾਹ (ਲਾਡੀ ਸ਼ਾਹ) ਦੇ 11ਵੇਂ ਉਰਸ ਮੌਕੇ ਕਰਵਾਏ ਗਏ ਪ੍ਰੋਗਰਾਮ ਵਿੱਚ, ਜਿਸ ਸਟੇਜ 'ਤੇ ਗਾਉਣ ਵਾਲੇ ਗੀਤ ਗਾ ਰਹੇ ਸਨ, ਉਸ ਦੇ ਪਿੱਛੇ ਲੱਗੇ ਵੱਡੇ ਫਲੈਕਸ ਬੋਰਡ 'ਤੇ ਗੁਲਾਮ ਸ਼ਾਹ ਅਤੇ ਮੁਰਾਦ ਸ਼ਾਹ ਦੀਆਂ ਤਸਵੀਰਾਂ ਨਾਲ ਗੁਰਬਾਣੀ ਦਾ ਸ਼ਬਦ "ਤੁਮ ਕਰਹੁ ਦਇਆ ਮੇਰੇ ਸਾਈ।। ਐਸੀ ਮਤਿ ਦੀਜੈ ਮੇਰੇ ਠਾਕੁਰ ਸਦਾ ਸਦਾ ਤੁਧੁ ਧਿਆਈ।।" ਲਿਖਿਆ ਗਿਆ ਸੀ। ਜ਼ਿਕਰਯੋਗ ਹੈ ਕਿ ਪੰਜਾਬੀ ਗਾਇਕ ਗੁਰਦਾਸ ਮਾਨ ਵੀ ਇਸ ਡੇਰੇ ਦਾ ਪੈਰੋਕਾਰ ਤੇ ਡੇਰਾ ਮੁਖੀ ਦਾ ਨਜ਼ਦੀਕੀ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਹੋਰ ਵੀ ਕਈ ਪੰਜਾਬੀ ਗਾਇਕ ਇਸ ਡੇਰੇ 'ਤੇ ਅਕਸਰ ਜਾਂਦੇ ਰਹਿੰਦੇ ਹਨ। ਇਹ ਡੇਰਾ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਤੇ ਸਾਬਕਾ ਪੁਲਿਸ ਮੁਖੀ ਕੇਪੀਐਸ ਗਿੱਲ ਦੇ ਵੀ ਬਹੁਤ ਨੇੜੇ ਰਿਹਾ ਹੈ। ਜਦੋਂ ਖਾੜਕੂ ਲਹਿਰ ਖਤਮ ਹੋ ਰਹੀ ਸੀ ਤਾਂ ਇਸ ਡੇਰੇ ਵਿਚ ਬਹੁਤ ਸਾਰੇ ਗਾਇਕਾਂ ਦੇ ਪ੍ਰੋਗਰਾਮ ਅਕਸਰ ਕੀਤੇ ਜਾਂਦੇ ਸਨ।

ਦੱਸਣਯੋਗ ਹੈ ਕਿ ਇਸ ਡੇਰੇ ਦੇ ਪ੍ਰਬੰਧਕ, ਜਿਹਨਾਂ ਨੂੰ ਡੇਰੇ ਨਾਲ ਜੁੜੇ ਲੋਕ ਸਾਂਈ ਕਹਿੰਦੇ ਹਨ, ਉਹ ਨਸ਼ੇ ਦਾ ਸੇਵਨ ਬੀੜੀਆਂ, ਸਿਗਰਟਾਂ ਦੇ ਸੂਟੇ ਖਿੱਚਦੇ ਆਮ ਦੇਖੇ ਜਾ ਸਕਦੇ ਹਨ। ਇਸ ਡੇਰੇ ਦੀ ਸਟੇਜ 'ਤੇ ਪੰਜਾਬੀ ਗੀਤ ਗਾਉਣ ਵਾਲੇ ਕਈ ਕਲਾਕਾਰ ਇਸ ਦੇ ਪ੍ਰਬੰਧਕਾਂ ਦੀਆਂ ਸਿਫਤਾਂ ਦੇ ਪੁਲ ਬੰਨ੍ਹਦੇ ਹਨ। ਸਿੱਖ ਸੰਗਤਾਂ ਵਿੱਚ ਇਸ ਘਟਨਾ ਮਗਰੋਂ ਕਾਫੀ ਰੋਸ ਪਾਇਆ ਜਾ ਰਿਹਾ ਹੈ।

*ਮਾਮਲਾ ਕਥਿਤ ਅੱਤਵਾਦ ਫ਼ੰਡਿੰਗ ਦਾ*

# ਪਰਵਾਸੀ ਪੰਜਾਬੀ ਜੱਗੀ ਜੌਹਲ ਤੇ ਚਾਰ ਸਾਥੀ ਬਰੀ

**ਫ਼ਰੀਦਕੋਟ/ਏਟੀ ਨਿਊਜ਼ :**

ਸਥਾਨਕ ਵਿਸ਼ੇਸ਼ ਜੱਜ ਰਾਜੇਸ਼ ਕੁਮਾਰ ਦੀ ਅਦਾਲਤ ਵਲੋਂ ਪਰਵਾਸੀ ਪੰਜਾਬੀ ਜਗਤਾਰ ਸਿੰਘ ਉਰਫ਼ ਜੱਗੀ ਜੌਹਲ ਤੇ ਉਸ ਦੇ ਚਾਰ ਸਾਥੀਆਂ ਨੂੰ ਵੱਡੀ ਰਾਹਤ ਦਿੰਦੇ ਹੋਏ ਹਿੰਸਕ ਗਤੀਵਿਧੀਆਂ ਕਰਵਾਉਣ ਤੇ ਖਾੜਕੂ ਧੜਿਆਂ ਨੂੰ ਪੈਸੇ ਮੁਹੱਈਆ ਕਰਵਾਉਣ ਦੇ ਦੋਸ਼ਾਂ ਤਹਿਤ ਦਰਜ ਹੋਏ ਮਾਮਲੇ ਵਿਚ ਬਰੀ ਕਰਨ ਦਾ ਹੁਕਮ ਦਿੱਤਾ ਹੈ। ਅਦਾਲਤ ਵਲੋਂ ਸਮੁੱਚੀ ਜਾਂਚ ਨੂੰ ਨੁਕਸਦਾਰ ਦੱਸਦੇ ਹੋਏ ਇਹ ਫ਼ੈਸਲਾ ਸੁਣਾਇਆ ਗਿਆ ਹੈ, ਜਿਸ ਨਾਲ ਪੁਲਿਸ ਤੇ ਸਪੈਸ਼ਲ ਆਪਰੇਸ਼ਨ ਸੈੱਲ ਅੰਮ੍ਰਿਤਸਰ ਦੀ ਜਾਂਚ ਨੂੰ ਵੱਡਾ ਝਟਕਾ ਲੱਗਾ ਹੈ। ਜਾਣਕਾਰੀ ਅਨੁਸਾਰ ਪਰਵਾਸੀ ਪੰਜਾਬੀ ਜਗਤਾਰ ਸਿੰਘ ਉਰਫ਼ ਜੱਗੀ ਜੌਹਲ ਨੂੰ ਥਾਣਾ ਰਾਮਦਾਸ ਜ਼ਿਲ੍ਹਾ ਅੰਮ੍ਰਿਤਸਰ ਦੀ ਪੁਲਿਸ ਵਲੋਂ 21 ਮਈ, 2017 ਨੂੰ ਗ੍ਰਿਫ਼ਤਾਰ ਕੀਤਾ ਸੀ ਤੇ ਦਾਅਵਾ ਕੀਤਾ ਸੀ ਕਿ ਜੱਗੀ ਜੌਹਲ ਖਾੜਕੂ ਜਥੇਬੰਦੀਆਂ ਨੂੰ ਅਸਲ੍ਹਾ ਅਤੇ ਪੈਸਾ ਮੁਹੱਈਆ ਕਰਵਾਉਂਦਾ ਹੈ। ਇਸ ਮਾਮਲੇ ਦੀ ਪੜਤਾਲ ਦੌਰਾਨ ਫ਼ਰੀਦਕੋਟ ਦੀ ਪੁਲਿਸ ਵਲੋਂ 26 ਜੂਨ, 2017 ਨੂੰ ਜਗਤਾਰ ਸਿੰਘ ਜੱਗੀ ਜੌਹਲ, ਜਗਜੀਤ ਸਿੰਘ, ਤਲਜੀਤ



ਸਿੰਘ ਵਾਸੀ ਜੰਮੂ, ਗੁਰਪ੍ਰੀਤ ਸਿੰਘ ਵਾਸੀ ਕੋਟਕਪੂਰਾ ਤੇ ਤ੍ਰਿਲੋਕ ਸਿੰਘ ਵਾਸੀ ਕੈਨੇਡਾ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਖ਼ਿਲਾਫ਼ ਅਸਲ੍ਹਾ ਐਕਟ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਰੋਕੂ ਐਕਟ ਤਹਿਤ ਮਾਮਲਾ ਦਰਜ ਕੀਤਾ ਸੀ।

## ਅੱਠ ਸਾਲਾ ਮਾਸੂਮ ਬੱਚੀ ਨਾਲ ਬਲਾਤਕਾਰ, ਦੋਸ਼ੀ ਫਰਾਰ

**ਤਲਵੰਡੀ ਸਾਬੋ/ਏਟੀ ਨਿਊਜ਼ :**

ਜਦੋਂ ਦੁਪਹਿਰ ਨੂੰ ਛੋਟੀ ਬੱਚੀ ਖੁਸ਼ਪ੍ਰੀਤ ਕੌਰ ਸਕੂਲੋਂ ਵਾਪਸ ਹਾਲੇ ਘਰ ਪਰਤੀ ਹੀ ਸੀ ਕਿ ਉਹ ਹੱਟੀ ਤੋਂ ਕੋਈ ਚੀਜ਼ ਲੈਣ ਵਾਸਤੇ ਘਰੋਂ ਬਾਹਰ ਚਲੀ ਗਈ। ਰਸਤੇ ਵਿੱਚ ਇੱਕ ਅਣਪਛਾਤੇ ਦਰਿੰਦੇ ਨੇ ਬੱਚੀ ਨਾਲ ਬਲਾਤਕਾਰ ਕੀਤਾ। ਪੀੜਤ ਬੱਚੀ ਦੇ ਮੁਹੱਲੇ ਵਿੱਚ ਹੀ ਇੱਕ ਦੁਕਾਨ ਉੱਪਰ ਲੱਗੇ ਕੈਮਰਿਆਂ ਦੀ ਫੁਟੇਜ ਤੋਂ ਪਤਾ ਲੱਗਾ ਕਿ ਇੱਕ ਵੀਹ ਤੋਂ ਪੱਚੀ ਸਾਲ ਦੀ ਉਮਰ ਦਾ ਜਾਪਦਾ ਨੌਜਵਾਨ ਲਾਲ ਰੰਗ ਦੇ ਮੋਟਰਸਾਈਕਲ ਉੱਪਰ ਘਰ ਦੇ ਲਾਗਿਓਂ ਗਲੀ ਵਿੱਚੋਂ ਹੀ ਬੱਚੀ ਨੂੰ ਮੋਟਰਸਾਈਕਲ ਉੱਪਰ ਬਿਠਾ ਕੇ ਲੈ ਗਿਆ ਸੀ।

ਪੀੜਤ ਬੱਚੀ ਦੇ ਮਾਪਿਆਂ ਅਨੁਸਾਰ ਉਨ੍ਹਾਂ ਨੂੰ ਬੱਚੀ ਨੇ ਘਰ ਆ ਕੇ ਸਾਰੀ ਕਹਾਣੀ ਸੁਣਾਈ, ਜੋ ਉਸ ਨਾਲ ਬੀਤੀ ਸੀ। ਬੱਚੀ ਜ਼ੇਰੇ ਇਲਾਜ ਹੈ। ਉਧਰ ਭਾਵੇਂ ਪੀੜਤ ਬੱਚੀ ਦੇ ਮਾਪਿਆਂ ਦੇ ਬਿਆਨ ਪੁਲਸ ਨੇ ਕਲਮਬੰਦ ਕਰ ਲਏ ਹਨ ਪਰ ਅਜੇ ਤੱਕ ਦੋਸ਼ੀ ਦੇ ਫੜੇ ਜਾਣ ਦੀ ਕੋਈ ਖ਼ਬਰ ਨਹੀਂ ਹੈ।

# ਦਿੱਲੀ 'ਚ ਸਿੱਖ ਅਤੇ ਨਾਬਾਲਗ ਬੱਚੇ ਨਾਲ ਕੁੱਟਮਾਰ ਦੇ ਮਾਮਲੇ 'ਚ ਅਦਾਲਤ ਵਲੋਂ ਪੁਲਿਸ ਵਾਲੇ ਬਰਖ਼ਾਸਤ

**ਨਵੀਂ ਦਿੱਲੀ/ਏਟੀ ਨਿਊਜ਼ :**

ਇੱਥੋਂ ਦੇ ਮੁਖਰਜੀ ਨਗਰ ਇਲਾਕੇ ਵਿਚ ਥਾਣੇ ਦੇ ਬਾਹਰ ਜਿਨ੍ਹਾਂ ਪੁਲਿਸ ਵਾਲਿਆਂ ਨੇ ਸਰਬਜੀਤ ਸਿੰਘ ਨਾਮ ਦੇ ਇੱਕ ਸਿੱਖ ਟੈਂਪੂ ਡਰਾਇਵਰ ਤੇ ਉਸ ਦੇ ਪੁੱਤਰ ਦੀ ਬੇਤਹਾਸ਼ਾ ਕੁੱਟਮਾਰ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਜਾਨਵਰਾਂ ਵਾਂਗ ਸੜਕ 'ਤੇ ਘੜੀਸਿਆ ਸੀ, ਉਨ੍ਹਾਂ ਵਿੱਚੋਂ 3 ਨੂੰ ਦਿੱਲੀ ਹਾਈ ਕੋਰਟ ਨੇ ਨੌਕਰੀ ਤੋਂ ਡਿਸਮਿਸ ਕਰ ਦਿੱਤਾ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਅਦਾਲਤ ਦੇ ਫੈਸਲੇ ਦਾ ਸਵਾਗਤ ਕੀਤਾ ਹੈ ਤੇ ਕਿਹਾ ਹੈ ਕਿ ਇਹ ਜਿੱਤ ਉਸ ਸਮੇਂ ਹੋਵੇਗੀ ਜਦੋਂ ਉਹ ਇਨ੍ਹਾਂ ਕੁੱਟਮਾਰ ਕਰਨ ਵਾਲੇ ਸਾਰੇ ਪੁਲਿਸ ਵਾਲਿਆਂ ਨੂੰ ਸਜ਼ਾਵਾਂ ਦਿਵਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਡਿਸਮਿਸ ਕਰਵਾ ਦੇਣਗੇ। ਸਿਰਸਾ ਨੇ ਕਿਹਾ ਕਿ ਹੁਣ ਸਰਬਜੀਤ ਦੇ ਬਿਆਨਾਂ 'ਤੇ ਹੀ ਇਨ੍ਹਾਂ ਅਧਿਕਾਰੀਆਂ ਨੂੰ ਡਿਸਮਿਸ ਕੀਤਾ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਫੈਸਲੇ ਨੇ ਪੂਰੀ ਦੁਨੀਆਂ 'ਤੇ ਖਾਸ ਤੌਰ 'ਤੇ ਪੁਲਿਸ ਮੁਲਾਜ਼ਮਾਂ ਨੂੰ ਇਹ ਸੰਦੇਸ਼ ਦਿੱਤਾ ਹੈ ਕਿ ਉਹ ਲੋਕ ਕਿਸੇ ਦੀਆਂ ਵੀ ਧਾਰਮਿਕ ਭਾਵਨਾਵਾਂ ਨਾਲ ਨਹੀਂ ਖੇਡ ਸਕਦੇ।

ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਇਹ ਲੜਾਈ ਅਜੇ ਵੀ ਅੱਧੀ ਹੀ ਜਿੱਤੀ ਗਈ ਹੈ ਕਿਉਂਕਿ ਅਜੇ ਸਿਰਫ ਉਹ ਅਧਿਕਾਰੀ



ਨੌਕਰੀਆਂ ਤੋਂ ਹੀ ਡਿਸਮਿਸ ਹੋਏ ਹਨ ਅਜੇ ਇਨ੍ਹਾਂ ਨੂੰ ਜੇਲ੍ਹ ਵਿਚ ਸ਼ਲਾਖਾਂ ਦੇ ਪਿੱਛੇ ਪਹੁੰਚਾਉਣਾ ਹੈ।

ਦੱਸ ਦਈਏ ਕਿ ਸਿੱਖ ਟੈਂਪੂ ਡਰਾਇਵਰ ਸਰਬਜੀਤ ਸਿੰਘ ਨਾਲ ਪੁਲਿਸ ਵਾਲਿਆਂ ਵੱਲੋਂ ਕੀਤੀ ਗਈ ਕੁੱਟਮਾਰ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਸੀ। ਸਿੱਖ ਜਥੇਬੰਦੀਆਂ ਵੱਲੋਂ ਮੁਖਰਜੀ ਨਗਰ ਥਾਣੇ ਦੇ ਬਾਹਰ ਪੁਲਿਸ ਵਾਲਿਆਂ ਦੇ ਖਿਲਾਫ ਇਨ੍ਹਾਂ ਵਧੀਕੀਆਂ ਨੂੰ ਲੈ ਕੇ ਰੋਸ ਮੁਜ਼ਾਹਰਾ ਕੀਤਾ ਸੀ। ਮਸਲਾ ਇੱਕ ਸਿੱਖ ਨਾਲ ਜੁੜਿਆ ਹੋਣ ਕਾਰਨ ਦੁਨੀਆਂ ਭਰ ਵਿਚ ਵਸਦੇ ਸਿੱਖਾਂ ਨੇ ਇਸ ਮਾਮਲੇ ਵਿਚ ਡੂੰਘੀ ਦਿਲਚਸਪੀ ਦਿਖਾਈ ਸੀ, ਜਿਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲ ਅਤੇ ਦੇਸ਼ ਦੀ ਸੱਤਾ 'ਤੇ ਕਾਬਜ ਭਾਜਪਾ ਦੇ ਆਗੂਆਂ 'ਤੇ ਵੀ ਇਨ੍ਹਾਂ ਪੁਲਿਸ ਵਾਲਿਆਂ ਦੇ ਖਿਲਾਫ ਕਾਰਵਾਈ ਕੀਤੇ ਜਾਣ ਦਾ ਦਬਾਅ ਪਿਆ ਸੀ। ਇਸ ਦੇ ਨਾਲ ਹੀ ਮਾਮਲਾ ਅਦਾਲਤ ਵਿੱਚ ਗਿਆ ਜਿੱਥੋਂ ਹੁਣ ਇਹ ਮਹੱਤਵਪੂਰਨ ਫੈਸਲਾ ਆਇਆ ਹੈ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

ਅੰਮ੍ਰਿਤਸਰ ਟਾਈਮਜ਼
AMRITSAR TIMES
31 ਜੁਲਾਈ 2019 ਤੋਂ 06 ਅਗਸਤ 2019

## ਭਾਰਤ 'ਚ ਕਾਲੇ ਕਾਨੂੰਨਾਂ ਦਾ "ਅੱਤਵਾਦ"

**-ਮਨਜੀਤ ਸਿੰਘ ਟਿਵਾਣਾ**

ਹਿੰਦੋਸਤਾਨ ਵਿਚ ਘੱਟ ਗਿਣਤੀਆਂ ਨੂੰ ਰੌਂਦਣ ਲਈ ਨਿੱਤ ਨਵਾਂ ਕਾਨੂੰਨ ਲਿਆਉਣ ਦਾ ਸਿਲਸਿਲਾ ਜਾਰੀ ਹੈ। ਟਾਡਾ, ਪੋਟਾ ਤੇ ਮੀਸਾ ਨਾਲ ਸਿੱਖਾਂ ਸਮੇਤ ਹੋਰ ਘੱਟ ਗਿਣਤੀਆਂ ਦਾ ਘਾਣ ਕਰਨ ਤੋਂ ਬਾਅਦ ਹੁਣ 'ਗ਼ੈਰ-ਕਾਨੂੰਨੀ ਗਤੀਵਿਧੀਆਂ' (ਰੋਕਥਾਮ) ਸੋਧ ਬਿਲ-2019' ਨੂੰ ਪਾਸ ਕਰ ਦਿੱਤਾ ਗਿਆ ਹੈ। ਭਾਰਤੀ ਲੋਕ ਸਭਾ ਵਿਚ ਇਸ ਦੇ ਸਮਰਥਨ ਵਿਚ 287 ਤੇ ਵਿਰੋਧ ਵਿਚ ਪਈਆਂ ਸਿਰਫ 8 ਵੋਟਾਂ ਪਈਆਂ। ਵੋਟਿੰਗ ਤੋਂ ਪਹਿਲਾਂ ਕਾਂਗਰਸ ਸਮੇਤ ਕਈ ਪਾਰਟੀਆਂ ਨੇ ਬਿੱਲ ਨੂੰ 'ਸਖ਼ਤ ਅਤੇ ਜ਼ਾਲਮਾਨਾ' ਕਰਾਰ ਦਿੰਦਿਆਂ ਸਦਨ ਵਿਚੋਂ ਵਾਕਆਊਟ ਕਰਨ ਦਾ ਢੌਂਗ ਵੀ ਕੀਤਾ।

ਸੋਧੇ ਹੋਏ ਕਾਨੂੰਨ ਤਹਿਤ ਕਥਿਤ ਅੱਤਵਾਦੀ ਸੰਗਠਨਾਂ ਜਾਂ ਅੱਤਵਾਦੀਆਂ ਦੀ ਜਾਇਦਾਦ ਜ਼ਬਤ ਹੋ ਸਕੇਗੀ। ਇਸ ਲਈ ਜਾਂਚ ਅਧਿਕਾਰੀ ਨੂੰ ਸਬੰਧਿਤ ਸੂਬੇ ਦੇ ਡੀਜੀਪੀ. ਤੋਂ ਪਹਿਲਾਂ ਇਜਾਜ਼ਤ ਲੈਣ ਦੀ ਵੀ ਜ਼ਰੂਰਤ ਨਹੀਂ ਹੋਵੇਗੀ। ਜੇਕਰ ਮਾਮਲੇ ਦੀ ਜਾਂਚ ਐਨਆਈਏ. ਦਾ ਕੋਈ ਅਧਿਕਾਰੀ ਕਰ ਰਿਹਾ ਹੋਵੇਗਾ, ਤਾਂ ਸਬੰਧਿਤ ਜਾਇਦਾਦ ਨੂੰ ਜ਼ਬਤ ਕਰਨ ਲਈ ਉਸ ਸੂਬੇ ਦੇ ਡੀਜੀਪੀ. ਦੀ ਮਨਜ਼ੂਰੀ ਦੀ ਵੀ ਜ਼ਰੂਰਤ ਨਹੀਂ ਹੋਵੇਗੀ। ਇਸ ਲਈ ਸਿਰਫ ਐਨਆਈਏ. ਹੀ ਸਰਵੋ-ਸਰਵਾ ਹੈ, ਜੋ ਸਿੱਧਾ ਕੇਂਦਰ ਦੇ ਅਧੀਨ ਹੈ।

ਇਹ ਕਾਲਾ ਕਾਨੂੰਨ ਅੰਗਰੇਜ਼ਾਂ ਵਲੋਂ ਬਣਾਏ ਰੋਲਟ ਐਕਟ ਤੇ ਕਾਂਗਰਸ ਰਾਜ ਦੌਰਾਨ ਬਣੇ ਟਾਡਾ ਤੋਂ ਵੀ ਖਤਰਨਾਕ ਹੈ। ਇਸ ਕਾਨੂੰਨ ਨਾਲ ਸਰਕਾਰ ਨੂੰ ਇਹ ਅਧਿਕਾਰ ਮਿਲ ਗਿਆ ਹੈ ਕਿ ਉਹ ਕਿਸੇ ਵੀ ਵਿਅਕਤੀ ਨੂੰ ਅੱਤਵਾਦੀ ਐਲਾਨ ਸਕਦੀ ਹੈ। ਹੁਣ ਕਿਸੇ ਵੀ ਵਿਅਕਤੀ ਨੂੰ ਸਿਰਫ਼ ਇਹ ਆਖ ਕੇ ਕਿ ਤੇਰੇ ਅੱਤਵਾਦੀ ਜਾਂ ਅੱਤਵਾਦੀ ਜਥੇਬੰਦੀ ਨਾਲ ਸਬੰਧ ਹਨ, ਅੱਤਵਾਦੀ ਗਰਦਾਨਿਆ ਜਾ ਸਕਦਾ ਹੈ। ਸਰਕਾਰ ਜਿਸ ਨੂੰ ਚਾਹੇ, ਜਦੋਂ ਚਾਹੇ ਅੱਤਵਾਦੀ ਆਖ ਕੇ, ਸਾਰੀ ਉਮਰ ਜੇਲ੍ਹ ਵਿਚ ਸੁੱਟ ਦੇਵੇ। ਕੋਈ ਵਕੀਲ, ਕੋਈ ਦਲੀਲ ਪੇਸ਼ ਕਰਨ ਦੀ ਕੋਈ ਗੁੰਜਾਇਸ਼ ਬਾਕੀ ਨਹੀਂ ਰਹੀ ਹੈ।

ਗੌਰ ਕਰਨ ਵਾਲੀ ਗੱਲ ਇਹ ਵੀ ਹੈ ਕਿ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨਆਈਏ) ਦੇ ਗਠਨ ਸਬੰਧੀ ਬਿਲ ਪਾਸ ਕਰਵਾਉਣ ਦੇ ਇਕ ਹਫ਼ਤੇ ਅੰਦਰ ਹੀ ਲੋਕ ਸਭਾ ਨੇ ਕਥਿਤ ਅਤਿਵਾਦ ਨੂੰ ਰੋਕਣ ਲਈ ਅਜਿਹਾ ਬਿੱਲ ਪਾਸ ਕੀਤਾ ਹੈ, ਜੋ ਨਿਰਸੰਦੇਹ ਸਿੱਖਾਂ, ਮੁਸਲਮਾਨਾਂ, ਇਸਾਈਆਂ ਜਾਂ ਬੋਧੀਆਂ ਤੇ ਦਲਿਤਾਂ ਉਤੇ ਹੀ ਕਹਿਰ ਢਾਹੁਣ ਵਾਲਾ ਹੈ। ਇਥੇ ਇਹ ਸਵਾਲ ਗੈਰ-ਪ੍ਰਸੰਗਿਕ ਨਹੀਂ ਹੈ ਕਿ ਪੂਰੇ ਹਿੰਦੋਸਤਾਨ ਵਿਚ ਲਾਗੂ ਹੋਣ ਵਾਲਾ ਕੋਈ ਕਾਨੂੰਨ ਸਿਰਫ ਘੱਟ ਗਿਣਤੀਆਂ ਉਤੇ ਹੀ ਕਹਿਰ ਕਿਉਂ ਢਾਹੇਗਾ? ਹਿੰਦੂਆਂ ਨੂੰ ਇਸ ਜਾਂ ਅਜਿਹੇ ਹੋਰ ਕਾਨੂੰਨਾਂ ਦਾ ਖੌਫ ਕਿਉਂ ਨਹੀਂ ਹੈ? ਕੀ ਸਿਰਫ ਭਾਰਤ ਵਿਚ ਘੱਟ ਗਿਣਤੀਆਂ ਦੇ ਲੋਕ ਹੀ ਕਾਨੂੰਨ ਤੋੜਦੇ ਹਨ ਜਾਂ ਅੱਤਵਾਦੀ ਹਨ? ਇਸ ਸਵਾਲ ਦਾ ਜਵਾਬ "ਹੱਥ ਕੰਗਣ ਨੂੰ ਆਰਸੀ ਕੀ-ਪੜ੍ਹੇ ਲਿਖੇ ਨੂੰ ਫਾਰਸੀ ਕੀ" ਦੇ ਅਖਾਣ ਵਾਂਗ ਹੀ ਸਾਫ ਹੈ। "ਮੈਂ ਨਾ ਮਾਨੂੰ" ਬਿਰਤੀਆਂ ਦੇ ਡੰਗੇ ਸੱਜਿਆਂ-ਖੱਬਿਆਂ ਨੂੰ ਯਾਦ ਕਰਵਾਉਣਾ ਬਣ ਜਾਂਦਾ ਹੈ ਕਿ ਇਸ ਦੇਸ਼ ਵਿਚ ਧਾਰਮਿਕ ਨਫਰਤ ਵਿਚ ਗਲ-ਗਲ ਤਕ ਗ੍ਰਸਿਆ ਕੋਈ ਦਾਰਾ, ਸਾਧਵੀ ਪ੍ਰਗਿਆ, ਬਾਬੂ ਬਜਰੰਗੀ ਜਾਂ ਕਿਸ਼ੋਰੀ ਕਦੇ ਵੀ ਅੱਤਵਾਦੀ ਨਹੀਂ ਹੁੰਦਾ, ਭਾਵੇਂ ਉਹ ਕਿਸੇ ਇਸਾਈ ਪਾਦਰੀ ਅਤੇ ਉਸ ਦੇ ਬੱਚਿਆਂ ਨੂੰ ਜਿਊਂਦਾ ਸਾੜ ਦੇਵੇ, ਕਿਸੇ ਮਸਜਿਦ ਵਿਚ ਬੰਬ ਸੁੱਟ ਕੇ ਮੁਸਲਮਾਨਾਂ ਨੂੰ ਮਾਰ ਦੇਵੇ ਜਾਂ ਦਿੱਲੀ ਦੀਆਂ ਸੜਕਾਂ ਉਤੇ ਬੇਕਸੂਰ ਸਿੱਖਾਂ ਦੇ ਸ਼ਰੇਆਮ ਸਿਰ ਲਾਹ ਦੇਵੇ, ਉਹ ਆਪਣੇ ਵਿਸ਼ੇਸ਼ ਹਿੰਦੂ ਧਰਮ ਕਰ ਕੇ ਅੱਤਵਾਦੀਆਂ ਦੀ ਲਿਸਟ ਵਿਚ ਨਹੀਂ ਆਉਂਦਾ। ਘਿਨਾਉਣੇ ਕਤਲ ਕਰਨ ਤੋਂ ਬਾਅਦ ਵੀ ਇਹਨਾਂ ਲੋਕਾਂ ਦੀਆਂ ਸਜ਼ਾਵਾਂ ਮਾਫ ਹੋ ਸਕਦੀਆਂ ਹਨ, ਇਹ ਬਰੀ ਵੀ ਹੋ ਸਕਦੇ ਹਨ, ਸਗੋਂ ਦੇਸ਼ ਦੀ ਪਾਰਲੀਮੈਂਟ ਵਿਚ ਵੀ ਮੈਂਬਰ ਚੁਣ ਕੇ ਜਾ ਸਕਦੇ ਹਨ। ਦੂਜੇ ਪਾਸੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਲੋਕ ਵੀ ਜੇਲ੍ਹਾਂ ਤੋਂ ਬਾਹਰ ਨਹੀਂ ਆ ਸਕਦੇ, ਉਨ੍ਹਾਂ ਨੂੰ ਤਾਂ ਪੈਰੋਲ ਵੀ ਨਹੀਂ ਮਿਲ ਸਕਦੀ ਤੇ ਕਈਆਂ ਨੂੰ ਪੱਚੀ-ਪੱਚੀ ਸਾਲ ਤਕ ਬਿਨਾ ਕੇਸ ਚਲਾਏ ਹੀ ਜੇਲ੍ਹਾਂ ਵਿਚ ਡੱਕ ਕੇ ਰੱਖਿਆ ਜਾ ਸਕਦਾ ਹੈ। ਕੁਝ ਸਮਾਂ ਪਹਿਲਾਂ ਹੀ ਪੰਜਾਬ ਦੀ ਇਕ ਅਦਾਲਤ ਵੱਲੋਂ ਖਾਲਿਸਤਾਨੀ ਪੱਖੀ ਲਿਟਰੇਚਰ ਰੱਖਣ ਦੇ 'ਜੁਰਮ' ਹੇਠ ਦੋਸ਼ੀ ਕਰਾਰ ਦਿੰਦਿਆਂ ਤਿੰਨ ਸਿੱਖ ਨੌਜਵਾਨਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਇਹ ਠੋਸ ਕਾਰਨ ਹਨ ਕਿ ਹਿੰਦੋਸਤਾਨ ਦੀਆਂ ਤਮਾਮ ਘੱਟ ਗਿਣਤੀਆਂ ਨੂੰ ਇਸ ਅਤੇ ਅਜਿਹੇ ਹੋਰ ਕਾਲੇ ਕਾਨੂੰਨਾਂ ਉਤੇ ਇਤਰਾਜ਼ ਹੈ ਪਰ ਉਨ੍ਹਾਂ ਦੀ ਸੁਣਦਾ ਕੋਈ ਨਹੀਂ ਹੈ।

ਮੋਦੀ ਸਰਕਾਰ ਦੇਸ਼ ਨੂੰ ਪੁਲੀਸ ਰਾਜ ਵਿਚ ਤਬਦੀਲ ਕਰਨ ਦੇ ਨਾਲ-ਨਾਲ ਸੰਘੀ ਢਾਂਚੇ ਨੂੰ ਵੀ ਢਾਹ ਲਗਾ ਰਹੀ ਹੈ। ਇਸ ਕਾਨੂੰਨੀ ਸੋਧ ਕਾਰਨ ਇਹ ਖ਼ਤਰਾ ਹੈ ਕਿ ਸਰਕਾਰ ਤੋਂ ਵੱਖ ਵਿਚਾਰ ਰੱਖਣ ਵਾਲਿਆਂ, ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਸਮਾਜਕ ਕਾਰਕੁਨਾਂ ਨੂੰ 'ਅੱਤਵਾਦੀ' ਕਹਿ ਕੇ ਨਿਸ਼ਾਨਾ ਬਣਾਇਆ ਜਾਵੇਗਾ। ਇਸ ਕਾਨੂੰਨ ਤੋਂ ਬਾਅਦ ਹਿੰਦੁਸਤਾਨੀ ਰਾਜ ਪ੍ਰਬੰਧ ਵਿਚ ਸਿੱਖਾਂ ਸਮੇਤ ਤਮਾਮ ਘੱਟ ਗਿਣਤੀਆਂ ਉਤੇ ਹੋ ਰਹੇ ਸੂਖਮ ਤੇ ਪ੍ਰਤੱਖ ਹਮਲਿਆਂ ਦਾ ਮੁੱਦਾ ਮੁੜ ਚਰਚਾ ਦੇ ਕੇਂਦਰ ਵਿਚ ਹੈ। ਕੀ ਉਹ ਅਜਿਹੇ ਹਾਲਾਤ ਵਿਚ ਦੇਸ਼ ਦੇ ਸੰਵਿਧਾਨ ਤੇ ਇਨਸਾਫ਼ ਉਤੇ ਭਰੋਸਾ ਕਰਨ ਜੋਗੇ ਰਹਿ ਜਾਂਦੇ ਹਨ? ਹਿੰਦੁਸਤਾਨੀ ਰਾਜ ਪ੍ਰਬੰਧ ਦੇ ਤਾਣੇ-ਬਾਣੇ ਦਾ ਹਰ ਅੰਗ ਸਮੇਤ ਜੁਡੀਸ਼ਰੀ ਦੇ, ਘੱਟ ਗਿਣਤੀਆਂ ਦੇ ਵਿਰੋਧ ਵਿਚ ਭੁਗਤਦਾ ਆ ਰਿਹਾ ਹੈ। ਜੇਕਰ ਤੁਸੀਂ ਨਵੇਂ-ਨਵੇਂ ਮਾਰੂ ਕਾਨੂੰਨ ਲਿਆ ਕੇ ਲੋਕਾਂ ਦੇ ਬੋਲਣ ਤੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਨੂੰ ਇਸ ਤਰ੍ਹਾਂ ਹੀ ਦਰੜਨਾ ਹੈ, ਤਾਂ ਫਿਰ ਵਿਸ਼ਵ ਭਾਈਚਾਰੇ ਅੱਗੇ ਸਭ ਤੋਂ ਵੱਡੀ ਜਮਹੂਰੀਅਤ ਦੇ 'ਗੋਗੇ ਗਾਉਣ' ਦੇ ਕੀ ਮਾਇਨੇ ਹਨ? ਫਿਰ ਹਿੰਦੁਸਤਾਨ ਦੇ ਸਾਂਝੀ ਆਲਮੀ ਸੰਸਥਾ ਯੂਐਨਓ ਦੇ ਮਨੁੱਖੀ ਅਧਿਕਾਰਾਂ ਵਾਲੇ ਚਾਰਟਰ ਦੀ ਆਪਣੇ ਹਸਤਾਖਰਾਂ ਨਾਲ ਸਹੁੰ ਖਾ ਕੇ ਰੱਖਿਆ ਕਰਨ ਦੀ ਭਰੀ ਗਈ ਹਾਮੀ ਦਾ ਕੀ ਮਤਲਬ ਰਹਿ ਜਾਂਦਾ ਹੈ? ਕੀ ਇਹ ਸਭ ਕੁਝ ਵਿਸ਼ਵ ਭਾਈਚਾਰੇ ਦੀਆਂ ਅੱਖਾਂ ਵਿਚ ਘੱਟਾ ਪਾਉਣ ਦੀ ਕਾਰਵਾਈ ਨਹੀਂ ਹੈ? ਤਾਜ਼ਾ ਕਾਨੂੰਨ ਦਾ ਪੰਜਾਬ, ਕਸ਼ਮੀਰ, ਅਸਾਮ, ਨਾਗਾਲੈਂਡ ਤੇ ਉਤਰ-ਪੂਰਬ ਤੇ ਦੱਖਣ ਦੇ ਰਾਜਾਂ ਵਿਚ ਲਗਾਤਾਰ ਵਿਰੋਧ ਹੋ ਰਿਹਾ ਹੈ। ਅਜਿਹੇ ਦਮਨਕਾਰੀ ਕਾਲੇ ਕਾਨੂੰਨਾਂ ਦੀ ਵਾਪਸੀ ਅਤੇ ਅਦਾਲਤਾਂ ਦੇ ਪੱਖਪਾਤੀ ਫ਼ੈਸਲੇ ਨਿਰਸੰਦੇਹ ਹਿਦੁਸਤਾਨ ਵਿਚ ਘੱਟ ਗਿਣਤੀਆਂ ਨਾਲ ਬੀਤੇ ਵਿਚ ਹੋਏ ਅਤੇ ਹੋ ਰਹੇ ਜ਼ੁਲਮਾਂ ਤੇ ਜ਼ਖ਼ਮ ਤਾਜ਼ਾ ਕਰਦੇ ਹਨ। ਪੰਥਕ ਆਗੂਆਂ, ਵਿਦਵਾਨਾਂ ਤੇ ਇਸ ਕਾਲੇ ਕਾਨੂੰਨ ਦਾ ਵਿਰੋਧ ਕਰ ਰਹੀਆਂ ਤਮਾਮ ਧਿਰਾਂ ਨੂੰ ਭਾਰਤ ਤੋਂ ਬਾਹਰ ਵੀ ਇਸ ਖਿਲਾਫ ਲਾਮਬੰਦੀ ਕਰ ਕੇ ਵਿਸ਼ਵ ਭਾਈਚਾਰੇ ਨੂੰ ਅਸਲੀਅਤ ਤੋਂ ਜਾਣੂ ਕਰਵਾਉਣਾ ਚਾਹੀਦਾ ਹੈ।

# ਭਗਵੇਂਵਾਦੀਆਂ ਦੀਆਂ ਗੱਪਾਂ ਨੇ ਨਵਾਂ 'ਵਿਗਿਆਨ' ਰਚਿਆ

## ਮੇਰਾ ਬ੍ਰੈਸਟ ਕੈਂਸਰ ਵੀ ਗਾਂ ਮੂਤਰ ਨਾਲ ਠੀਕ ਹੋਇਆ : ਪ੍ਰਗਿਆ ਠਾਕੁਰ

**ਪ੍ਰੋ. ਬਲਵਿੰਦਰਪਾਲ ਸਿੰਘ**
( 98157-00916)





ਆਮ ਕਰਕੇ ਸੰਘ ਪਰਿਵਾਰ ਤੇ ਖਾਸ ਕਰ ਕੇ ਭਾਜਪਾ ਵਾਲੇ ਪ੍ਰਾਚੀਨ ਭਾਰਤ ਦੇ ਗੁਣਗਾਇਨ ਕਰਦੇ ਹੀ ਰਹਿੰਦੇ ਹਨ। ਕੁਝ ਸਮਾਂ ਪਹਿਲਾਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪ੍ਰਾਚੀਨ ਭਾਰਤ ਦੇ ਗੱਪਾਂ ਨਾਲ ਭਰੇ ਕਥਿਤ ਇਤਿਹਾਸ ਦੀ ਅਜੋਕੇ ਵਿਗਿਆਨਕ ਯੁੱਗ ਨਾਲ ਤੁਲਨਾ ਕਰਕੇ ਵੱਡਾ ਵਿਅੰਗ ਸਿਰਜ ਦਿੱਤਾ ਹੈ। ਮੋਦੀ ਨੇ ਆਪਣੇ ਭਾਸ਼ਣ ਦੌਰਾਨ ਵਿਗਿਆਨੀਆਂ ਨੂੰ ਸੁਝਾਅ ਦਿੱਤਾ ਸੀ ਕਿ ਹਿੰਦੂ ਦੇਵਤਾ ਗਣੇਸ਼ ਦਾ ਸਿਰ ਹਾਥੀ ਦਾ ਹੈ, ਜੋ 2 ਹਜ਼ਾਰ ਸਾਲ ਪਹਿਲਾਂ ਭਾਰਤ ਵਿਚ ਪਲਾਸਟਿਕ ਸਰਜਰੀ ਦੇ ਵਜੂਦ ਦਾ ਆਧਾਰ ਹੈ। ਇਸ ਬਾਰੇ ਗੰਭੀਰ ਖੋਜ ਕਰਨੀ ਚਾਹੀਦੀ ਹੈ। ਉਹਨਾਂ ਨੇ ਵਿਗਿਆਨੀਆਂ ਨੂੰ ਸੰਬੋਧਨ ਕਰਦੇ ਹੋਏ ਇਹ ਵੀ ਕਿਹਾ ਕਿ ਉਸ ਸਮੇਂ ਕੋਈ ਪਲਾਸਟਿਕ ਸਰਜਨ ਰਿਹਾ ਹੋਵੇਗਾ, ਜਿਸ ਨੇ ਹਾਥੀ ਦੇ ਸਿਰ ਨੂੰ ਮਨੁੱਖ ਦੇ ਸਿਰ 'ਤੇ ਜੜ੍ਹ ਦਿੱਤਾ ਤੇ ਇਸ ਤਰ੍ਹਾਂ ਪਲਾਸਟਿਕ ਸਰਜਰੀ ਉਸ ਸਮੇਂ ਹੋਂਦ ਵਿਚ ਆਈ।

ਇਸੇ ਤਰ੍ਹਾਂ ਭਾਜਪਾ ਦੀ ਪ੍ਰਗਿਆ ਸਿੰਘ ਠਾਕੁਰ ਜੋ ਕਿ 2008 ਦੌਰਾਨ ਮਾਲੇਗਾਓਂ ਵਿਸਫੋਟ ਮਾਮਲੇ ਦੀ ਦੋਸ਼ੀ ਹੈ, ਨੇ ਦਾਅਵਾ ਕੀਤਾ ਹੈ ਕਿ ਗਊ ਮੂਤਰ ਨਾਲ ਕੈਂਸਰ ਦਾ ਇਲਾਜ ਹੋ ਸਕਦਾ ਹੈ। ਉਸ ਦਾ ਦਾਅਵਾ ਸੀ ਕਿ ਮੇਰਾ ਬ੍ਰੈਸਟ ਕੈਂਸਰ ਵੀ ਗਾਂ ਮੂਤਰ ਨਾਲ ਠੀਕ ਹੋਇਆ ਹੈ। ਉਸ ਦਾ ਇਲਾਜ ਗਊ ਦੇ ਦੁੱਧ, ਗਾਂ ਦੇ ਗੋਹੇ ਤੇ ਗਊ ਮੂਤਰ ਨਾਲ ਹੋਇਆ ਹੈ। ਪ੍ਰਗਿਆ ਦਾ ਇਹ ਵੀ ਕਹਿਣਾ ਸੀ ਕਿ ਗਾਂ ਦੀ ਪਿੱਠ 'ਤੇ ਹੱਥ ਫੇਰੋ ਤਾਂ ਬਲੱਡ ਪ੍ਰੈਸ਼ਰ ਕੰਟਰੋਲ ਵਿਚ ਰਹਿੰਦਾ ਹੈ।

ਦੂਸਰੇ ਪਾਸੇ ਆਯੁਰਵੈਦਿਕ ਵਿਗਿਆਨੀਆਂ ਨੇ ਇਸ ਦਾਅਵੇ ਦਾ ਖੰਡਨ ਕੀਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਕੈਂਸਰ ਦਾ ਅਜੇ ਤੱਕ ਇਲਾਜ ਨਹੀਂ ਲੱਭਿਆ।

ਪਿਛਲੇ ਪੰਜ ਸਾਲਾਂ ਵਿਚ ਇਸ ਤਰ੍ਹਾਂ ਦੇ ਕਈ ਦਾਅਵੇ ਕੀਤੇ ਗਏ ਹਨ। ਜਨਵਰੀ 2019 ਦੌਰਾਨ 106ਵੀਂ ਭਾਰਤੀ ਵਿਗਿਆਨ ਕਾਨਫਰੰਸ ਵਿਚ ਭਗਵੇਂਵਾਦੀ ਚਿੰਤਕਾਂ ਨੇ ਦਾਅਵਾ ਕੀਤਾ ਕਿ ਹਿੰਦੂਆਂ ਨੇ ਪ੍ਰਾਚੀਨ ਸਮੇਂ ਵਿਚ ਸਟੇਮ ਸੈਲ ਦੀ ਖੋਜ ਕੀਤੀ ਸੀ। ਆਂਧਰਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਜੀ. ਨਾਗੇਸ਼ਵਰ ਰਾਓ ਨੇ ਮਹਾਂਭਾਰਤ ਦਾ ਉਦਾਹਰਣ ਦੇ ਕੇ ਦਾਅਵਾ ਕੀਤਾ ਕਿ ਸਟੇਮ ਸੈਲ ਤੇ ਟੈਸਟ ਟਿਊਬ ਤਕਨੀਕ ਨਾਲ ਇਕ ਮਾਂ ਨੇ ਸੌ ਕੌਰਵਾਂ ਨੂੰ ਜਨਮ ਦਿੱਤਾ ਸੀ। ਉਨ੍ਹਾਂ ਅੱਗੇ ਕਿਹਾ ਕਿ ਇਹ ਸਭ ਕੁਝ ਹਜ਼ਾਰ ਸਾਲ ਪਹਿਲਾਂ ਹੋਇਆ ਸੀ। ਇਸ ਦੇਸ ਵਿਚ ਤਦ ਵਿਗਿਆਨ ਦੀ ਦਸ਼ਾ ਇਹ ਸੀ। ਪਰ ਕਾਨਫਰੰਸ ਦੇ ਅਯੋਜਕਾ ਨੇ ਰਾਓ ਦੀ ਟਿੱਪਣੀ ਨੂੰ ਗਲਤ ਕਰਾਰ ਦੇ ਕੇ ਪੱਲਾ ਝਾੜ ਲਿਆ। ਕੀ ਭਗਵਾਨ ਵਿਸ਼ਨੂ ਗਾਈਡੇਡ ਮਿਜ਼ਾਈਲ ਚਲਾਉਂਦੇ ਸਨ? ਜੀ. ਨਾਗੇਸ਼ਵਰ ਰਾਓ ਇਸ ਬਾਰੇ ਇਸ ਕਾਨਫਰੰਸ ਵਿਚ ਕਿਹਾ ਸੀ ਕਿ ਵਿਸ਼ਨੂ ਚੱਕਰ ਗਾਈਡੇਡ ਮਿਜ਼ਾਈਲ ਹੀ ਸੀ, ਜਿਸ ਨੂੰ ਨਿਸ਼ਾਨਾ ਬੰਨ੍ਹ ਕੇ ਚਲਾਇਆ ਜਾਂਦਾ ਸੀ ਤਾਂ ਉਹ ਸਥਾਨ ਨਸ਼ਟ ਹੋ ਜਾਂਦਾ ਸੀ ਤੇ ਮਿਜ਼ਾਇਲ ਵਾਪਸ ਪਰਤ ਆਉਂਦੀ ਸੀ। ਵਾਈਸ ਚਾਂਸਲਰ ਨੇ ਦਾਅਵਾ ਕੀਤਾ ਕਿ ਰਮਾਇਣ ਦੇ ਰਾਵਣ ਕੋਲ 24 ਤਰ੍ਹਾਂ ਦੇ ਜਹਾਜ਼ ਤੇ ਕਈ ਵੱਡੇ ਹਵਾਈ ਅੱਡੇ ਸਨ ਤੇ ਇਹ ਸਾਰੇ ਹਨੂਮਾਨ ਜੀ ਨੇ ਫੂਕ ਦਿੱਤੇ ਸਨ।

ਜਨਵਰੀ 2019 ਵਿਚ ਆਯੋਜਿਤ 106ਵੀਂ ਭਾਰਤੀ ਵਿਗਿਆਨਕ ਕਾਂਗਰਸ ਵਿਚ ਪੰਜਾਬ ਯੂਨੀਵਰਸਿਟੀ ਵਿਚ ਐਸੋਸੀਏਸ਼ਟ ਪ੍ਰੋਫੈਸਰ ਤੇ ਭੂ ਵਿਗਿਆਨੀ ਆਸ਼ੂ ਖੋਸਲਾ ਨੇ ਆਪਣੇ ਸੋਧ ਪੇਪਰ ਵਿਚ ਦੱਸਿਆ ਕਿ ਹਿੰਦੂ ਦੇਵਤਾ ਬ੍ਰਹਮਾ ਨੇ ਸਭ ਤੋਂ ਪਹਿਲਾਂ ਡਾਇਨਾਸੌਰ ਪਾਲਿਆ ਸੀ। ਉਸ ਨੇ ਲਿਖਿਆ ਕਿ ਰਾਜਾਸੁਰ ਨਾਮ ਦਾ ਡਾਇਨਾਸੌਰ ਭਾਰਤ ਵਿਚ ਮਿਲਿਆ ਸੀ। ਉਨ੍ਹਾਂ ਨੇ ਦਾਅਵਾ ਕੀਤਾ ਕਿ ਦੇਵਤਿਆਂ ਦੀਆਂ ਅਜਿਹੀਆਂ ਖੋਜਾਂ ਨੂੰ ਭਾਰਤੀ ਧਰਮ ਗ੍ਰੰਥਾਂ ਵਿਚ ਪ੍ਰਾਪਤ ਕੀਤਾ ਜਾ ਸਕਦਾ ਹੈ।

ਅਪ੍ਰੈਲ 2018 ਦੌਰਾਨ ਤ੍ਰਿਪੁਰਾ ਦੇ ਮੁੱਖ ਮੰਤਰੀ ਬਿਪਲਵ ਦੇਵ ਨੇ ਮਹਾਂਭਾਰਤ ਦਾ ਇਕ ਉਦਾਹਰਣ ਦੇ ਕੇ ਦਾਅਵਾ ਕੀਤਾ ਕਿ ਹਜ਼ਾਰਾਂ ਸਾਲ ਪਹਿਲਾਂ ਪ੍ਰਾਚੀਨ ਭਾਰਤੀਆਂ ਨੇ ਇੰਟਰਨੈਟ ਦੀ ਖੋਜ ਕਰ ਲਈ ਸੀ। ਮਹਾਂਭਾਰਤ ਦੇ ਪਾਤਰ ਸੰਜੇ ਨੇ ਕੁਰੂਕਸ਼ੇਤਰ ਵਿਚ ਜਾਰੀ ਯੁੱਧ ਦਾ ਲਗਾਤਾਰ ਬਿਉਰਾ ਦੂਰ ਤੋਂ ਹੀ ਰਾਜਾ ਧ੍ਰਿਤਰਾਸ਼ਟਰ ਨੂੰ ਸੁਣਾਇਆ ਸੀ। ਜੋ ਭਾਰਤ ਵਿਚ ਇੰਟਰਨੈਟ ਤੇ ਉਪ ਗ੍ਰਹਿ ਪ੍ਰਣਾਲੀ ਹੋਣ ਦਾ ਸਬੂਤ ਹੈ।

ਵਿਗਿਆਨ ਅਤੇ ਪ੍ਰਯੋਗਕੀ ਮੰਤਰੀ ਹਰਸ਼ਵਰਧਨ ਨੇ ਦਾਅਵਾ ਕੀਤਾ ਕਿ ਵਿਗਿਆਨਕ ਸਟੀਫਨ ਹਾਕਿੰਗ ਨੇ ਕਿਹਾ ਹੈ ਕਿ ਹਿੰਦੂਆਂ ਦੇ ਵੇਦਾਂ ਵਿਚ ਜੋ ਸਿਧਾਂਤ ਹੈ, ਉਹ ਆਈਨਸਟਾਈਨ ਦੇ ਸਪੇਖਤਾ ਦੇ ਸਿਧਾਂਤ ਤੋਂ ਮਹਾਨ ਹੈ। ਮਾਰਚ 2018 ਵਿਚ ਕੀਤੀ ਗਈ 105ਵੀਂ ਭਾਰਤੀ ਵਿਗਿਆਨ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਮੰਤਰੀ ਵਰਧਨ ਨੇ ਇਹ ਟਿੱਪਣੀ ਕੀਤੀ ਸੀ।

ਇੱਥੇ ਜ਼ਿਕਰਯੋਗ ਹੈ ਕਿ ਆਈਨਸਟਾਈਨ ਦੀ ਬਹੁਤੀ ਮਸ਼ਹੂਰੀ ਸਾਪੇਖਤਾ ਦੇ ਸਿਧਾਂਤ ਕਰਕੇ ਹੋਈ। ਉਸ ਤੋਂ ਪਹਿਲਾਂ ਸਾਰੀਆਂ ਵਸਤਾਂ ਨੂੰ ਮਾਪਣ ਤੇ ਮੁਲੰਕਣ ਕਰਨ ਦੇ ਢੰਗ ਬਿਲਕੁਲ ਵੱਖਰੇ ਸਨ। ਆਈਨਸਟਾਈਨ ਨੇ ਸਿਧਾਂਤ ਦਿੱਤਾ ਕਿ ਹਰ ਵਸਤੂ ਨੂੰ ਸਾਪੇਖਕ ਢੰਗ ਨਾਲ ਹੀ ਨਾਪਿਆ ਜਾ ਸਕਦਾ ਹੈ। ਇਹ ਇੰਝ ਹੈ ਕਿ ਜੇ ਦੋ ਘਟਨਾਵਾਂ ਇਕੋ ਜਿਹੀਆਂ ਵਾਪਰਦੀਆਂ ਹਨ ਤਾਂ ਉਨ੍ਹਾਂ ਦਾ ਮੁੱਲ ਉਨ੍ਹਾਂ ਵਿਚਲੇ ਅਸਰ ਨੂੰ ਸਾਪੇਖਕ ਢੰਗ ਨਾਲ ਹੀ ਜਾਣਿਆ ਜਾ ਸਕਦਾ ਹੈ। ਇਕ ਵਾਰੀ ਬਹੁਤ ਹੀ ਦਿਲਚਸਪ ਢੰਗ ਨਾਲ ਸਾਪੇਖਤਾ ਦੇ ਸਿਧਾਂਤ ਨੂੰ ਇਸ ਤਰ੍ਹਾਂ ਸਮਝਾਇਆ, "ਜੇ ਤੁਸੀਂ ਗਰਮੀ ਵਿਚ ਕਿਸੇ ਸੋਹਣੀ ਕੁੜੀ ਕੋਲ ਬੈਠੇ ਹੋ, ਤਾਂ ਤੁਹਾਨੂੰ ਇਵੇਂ ਜਾਪਦਾ ਹੈ ਜਿਵੇਂ ਦੋ ਘੰਟੇ ਦਾ ਸਮਾਂ ਦੋ ਮਿੰਟਾਂ ਵਿਚ ਬੀਤ ਗਿਆ, ਪਰ ਜਦ ਤੁਹਾਨੂੰ ਗਰਮ ਥਾਂ 'ਤੇ ਦੋ ਮਿੰਟ ਬੈਠਣਾ ਪੈ ਜਾਵੇ ਤਾਂ ਜਾਪਦਾ ਹੈ ਜਿਵੇਂ ਦੋ ਮਿੰਟ ਵੀ ਦੋ ਘੰਟੇ ਵਿਚ ਬੀਤਣਗੇ। ਇਸ ਨੂੰ ਸਾਪੇਖਤਾ ਕਹਿੰਦੇ ਹਨ।"

ਜਨਵਰੀ 2018 ਦੌਰਾਨ ਮਾਨਵ ਸੰਸਾਧਨ ਵਿਕਾਸ ਰਾਜ ਮੰਤਰੀ ਸਤਪਾਲ ਸਿੰਘ ਨੇ ਦਾਅਵਾ ਕੀਤਾ ਕਿ ਚਾਰਲਸ ਡਾਰਵਨ ਦਾ ਕਰਮ ਵਿਕਾਸ ਦਾ ਸਿਧਾਂਤ ਵਿਗਿਆਨਕ ਦ੍ਰਿਸ਼ਟੀ ਤੋਂ ਗਲਤ ਹੈ। ਅਸਾਮ ਦੀ ਇਕ ਯੂਨੀਵਰਸਿਟੀ ਦੀ ਯਾਤਰਾ ਦੌਰਾਨ ਮੰਤਰੀ ਨੇ ਕਿਹਾ ਕਿ ਮੇਰੇ ਕੋਲ ਵਿਸ਼ਵ ਦੇ ਦਸ ਪੰਦਰਾਂ ਵਿਗਿਆਨੀਆਂ ਦੀ ਸੂਚੀ ਹੈ, ਜੋ ਕਹਿੰਦੇ ਹਨ ਕਿ ਕਰਮ ਵਿਕਾਸ ਦੇ ਸਿਧਾਂਤ ਦੇ ਸਹੀ ਹੋਣ ਦਾ ਕੋਈ ਸਬੂਤ ਨਹੀਂ। ਉਨ੍ਹਾਂ ਨੇ ਕਿਹਾ ਕਿ ਇਸ ਦੇ ਸੰਦਰਭ ਵਿਚ ਸਕੂਲ ਦੇ ਸਿਲੇਬਸਾਂ ਵਿਚ ਤਬਦੀਲੀਆਂ ਕਰਨ ਦੀ ਲੋੜ ਹੈ। ਉਨ੍ਹਾਂ ਨੇ ਕਿਹਾ ਕਿ ਜਦ ਤੋਂ ਮਨੁੱਖ ਪ੍ਰਿਥਵੀ ਤੇ ਆਇਆ ਤਦ ਤੋਂ ਉਹ ਮਨੁੱਖ ਹੈ। ਸਾਡੇ ਪੂਰਵਜ਼ ਜਾਂ ਕਿਸੇ ਨੇ ਵੀ ਲਿਖਤੀ ਜਾਂ ਮੌਖਿਕ ਤੌਰ 'ਤੇ ਬਾਂਦਰ ਨੂੰ ਮਨੁੱਖ ਬਣਨ ਤੇ ਦੇਖਣ ਦੀ ਗੱਲ ਨਹੀਂ ਕੀਤੀ।

ਮਈ 2017 ਦੌਰਾਨ ਰਾਜਸਥਾਨ ਹਾਈਕੋਰਟ ਦੇ ਜੱਜ ਮਹੇਸ਼ ਚੰਦਰ ਸ਼ਰਮਾ ਨੇ ਕਿਹਾ ਕਿ ਮੋਰ ਸੈਕਸ ਨਹੀਂ ਕਰਦੇ, ਉਹ ਬ੍ਰਹਮਚਾਰੀ ਆਸ਼ਰਮ ਦਾ ਪਾਲਣ ਕਰਦੇ ਹਨ। ਮੋਰਨੀਆਂ ਮੋਰ ਦੇ ਹੰਝੂ ਪੀ ਕੇ ਗਰਭਵਤੀ ਹੁੰਦੀਆਂ ਹਨ। ਸ਼ਰਮਾ ਨੇ ਕਿਹਾ ਕਿ ਇਹ ਭਗਵਾਨ ਵਿਸ਼ਨੂੰ ਮੋਰ ਦਾ ਪੱਖ ਆਪਣੇ ਸਿਰ 'ਤੇ ਲਗਾਉਂਦੇ ਹਨ। ਜੱਜ ਸ਼ਰਮਾ ਨੇ ਇਸ ਤੋਂ ਪਹਿਲਾਂ ਆਪਣੇ ਇਕ ਹੁਕਮ ਵਿਚ ਕਿਹਾ ਸੀ ਕਿ ਗਾਂ ਨੂੰ ਰਾਸ਼ਟਰੀ ਪਸ਼ੂ ਐਲਾਨ ਦਿੱਤਾ ਜਾਣਾ ਚਾਹੀਦਾ ਹੈ।

ਅਕਤੂਬਰ 2016 ਦੌਰਾਨ ਭਾਰਤੀ ਪੁਜਾਰੀਆਂ ਨੇ ਟੋਕੀਓ ਵਿਚ ਜਲਵਾਯੂ ਦੀ ਸ਼ੁੱਧੀ ਲਈ ਯੱਗ ਕੀਤਾ, ਇਸ ਯੱਗ ਵਿਚ ਲੜਕੀਆਂ 'ਤੇ ਘਿਓ ਛਿੜਕ ਕੇ ਬਲੀ ਦਿੱਤੀ ਗਈ। ਇਸ ਤਰ੍ਹਾਂ ਕਾਰਬਨ ਡਾਈਆਕਸਾਈਡ ਪੈਦਾ ਹੋਈ। ਇਸ ਤਰ੍ਹਾਂ ਦਾ ਮਹਾ ਯੱਗ ਉਤਰ ਪ੍ਰਦੇਸ਼ ਦੇ ਮੇਰਠ ਵਿਚ ਕੀਤਾ ਗਿਆ। ਮਾਰਚ 2018 ਨੂੰ ਤਕਰੀਬਨ ਸਾਢੇ ਤਿੰਨ ਸੌ ਹਿੰਦੂ ਪੁਜਾਰੀਆਂ ਨੇ 50 ਟਨ ਅੰਬ ਦੀ ਲਕੜੀ ਨੂੰ ਜਲਾ ਕੇ ਪ੍ਰਦੂਸ਼ਣ ਕੰਟਰੋਲ ਲਈ ਯੱਗ ਕੀਤਾ।

ਜੂਨ 2016 ਦੌਰਾਨ ਜੂਨਾਗੜ੍ਹ ਖੇਤੀ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਦਾਅਵਾ ਕੀਤਾ ਕਿ ਗੁਜਰਾਤ 'ਤੇ ਗਿਰ ਖੇਤਰ ਦੀਆਂ ਚਾਰ ਸੌ ਗਊਆਂ ਦੇ ਮੂਤਰ ਦੇ ਨਮੂਨੇ ਵਿਚੋਂ ਹਰੇਕ ਇਕ ਲੀਟਰ ਗਊ ਮੂਤਰ ਵਿਚੋਂ ਤਿੰਨ ਤੋਂ ਦਸ ਮਿਲੀਗ੍ਰਾਮ ਸੋਨਾ ਮਿਲਿਆ ਹੈ। ਵਿਗਿਆਨੀ ਡਾ. ਬੀਏ ਗੋਲਾਕੀਆ ਨੇ ਦੱਸਿਆ ਕਿ ਗਊ ਮੂਤਰ ਵਿਚ 51 ਸੌ ਤੱਤ ਪਾਏ ਹਨ, ਜਿਸ ਵਿਚ 388 ਅਸ਼ੌਧੀ ਗੁਣ ਹਨ।

ਦਸੰਬਰ 2014 ਦੌਰਾਨ ਮਾਨਵ ਸਾਧਨ ਵਿਕਾਸ ਮੰਤਰੀ ਰਮੇਸ਼ ਪੋਖਰਿਆਲ ਨਿਸ਼ੰਕ ਨੇ ਸੰਸਦ ਵਿਚ ਇਕ ਚਰਚਾ ਵਿਚ ਭਾਗ ਲੈਂਦੇ ਹੋਏ ਦੱਸਿਆ ਕਿ ਜੋਤਿਸ਼ ਸ਼ਾਸ਼ਤਰ ਦੇ ਸਾਹਮਣੇ ਵਿਗਿਆਨ ਥੋਥਾ ਹੈ ਤੇ ਉਸ ਦਾ ਕੋਈ ਆਧਾਰ ਨਹੀਂ ਹੈ। ਜੋਤਿਸ਼ ਸ਼ਾਸ਼ਤਰ ਤੋਂ ਵੱਡਾ ਕੋਈ ਵਿਗਿਆਨ ਨਹੀਂ ਹੋ ਸਕਦਾ। ਉਸ ਨੇ ਦਾਅਵਾ ਕੀਤਾ ਕਿ ਹਿੰਦੂ ਸੰਤਾਂ ਨੇ 1 ਲੱਖ ਸਾਲ ਪਹਿਲਾਂ ਪ੍ਰਮਾਣੂ ਪਰੀਖਣ ਕੀਤਾ ਸੀ।

# ਮੋਦੀ ਸਰਕਾਰ ਵੱਲੋਂ ਅਫਸਪਾ ਤੋਂ ਵੀ ਖਤਰਨਾਕ ਕਾਲੇ ਕਾਨੂੰਨ ਨੂੰ ਹਰੀ ਝੰਡੀ



**• ਕਿਸੇ ਵੀ ਵਿਅਕਤੀ ਨੂੰ ਅੱਤਵਾਦੀ ਐਲਾਨਣ ਵਾਲਾ ਬਿੱਲ ਲੋਕ ਸਭਾ ਵਿਚ ਪਾਸ • ਸਮਰਥਨ ਵਿਚ 287 ਤੇ ਵਿਰੋਧ ਵਿਚ ਪਈਆਂ 8 ਵੋਟਾਂ**

**✪ ਵਿਰੋਧੀ ਧਿਰਾਂ ਨੇ ਇਸ ਬਿੱਲ ਨੂੰ ਸੰਘੀ ਢਾਂਚੇ ਦੇ ਰਾਜਾਂ ਦੇ ਅਧਿਕਾਰਾਂ ਖ਼ਿਲਾਫ਼ ਦੱਸਿਆ**

**✪ ਪੰਥਕ ਤੇ ਮਨੁੱਖੀ ਅਧਿਕਾਰ ਸੰਗਠਨ ਦੇ ਆਗੂਆਂ ਵਲੋਂ ਕਾਲੇ ਕਾਨੂੰਨ ਦਾ ਵਿਰੋਧ**

**ਨਵੀਂ ਦਿੱਲੀ/ਏਟੀ ਨਿਊਜ਼ :** ਕਿਸੇ ਵੀ ਮੁਸ਼ਤਬਾ ਵਿਅਕਤੀ ਨੂੰ ਅੱਤਵਾਦੀ ਐਲਾਨਣ ਦਾ ਅਧਿਕਾਰ ਦੇਣ ਵਾਲਾ ਗ਼ੈਰ-ਕਾਨੂੰਨੀ ਕਾਰਵਾਈਆਂ ਤੋਂ ਬਚਾਅ ਬਾਰੇ ਤਰਮੀਮੀ ਬਿੱਲ ਯੂ. ਏ. ਪੀ. ਏ. (ਸੋਧ) ਲੋਕ ਸਭਾ ਵਿਚ ਪਾਸ ਹੋ ਗਿਆ। ਬਿੱਲ ਲਈ ਹੋਈ ਵੋਟਿੰਗ ਵਿਚ ਇਸ ਦੇ ਸਮਰਥਨ ਵਿਚ 287 ਵੋਟਾਂ ਪਈਆਂ ਅਤੇ 8 ਵੋਟਾਂ ਵਿਰੋਧ ਵਿਚ ਪਈਆਂ, ਜਦਕਿ ਵੋਟਿੰਗ ਤੋਂ ਪਹਿਲਾਂ ਕਾਂਗਰਸ, ਡੀ. ਐਮ. ਕੇ., ਟੀ. ਐਮ. ਸੀ., ਐਨ. ਸੀ. ਪੀ., ਆਰ. ਐਸ. ਪੀ. ਤੇ ਬਸਪਾ ਨੇ ਬਿੱਲ ਨੂੰ 'ਸਖ਼ਤ ਅਤੇ ਜ਼ਾਲਮਾਨਾ' ਕਰਾਰ ਦਿੰਦਿਆਂ ਸਦਨ ਵਿਚੋਂ ਵਾਕਆਊਟ ਕਰ ਦਿੱਤਾ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਾਨੂੰਨ ਦੇ ਪ੍ਰਬੰਧ 'ਤੇ ਟਿੱਪਣੀ ਕਰਦਿਆਂ ਕਿਹਾ, ਕਿ ਰਾਸ਼ਟਰੀ ਪੜਤਾਲੀਆ ਏਜੰਸੀ ਕੋਲ ਸੰਸਥਾਵਾਂ ਨੂੰ 'ਅੱਤਵਾਦੀ ਸੰਸਥਾਵਾਂ' ਐਲਾਨਣ ਦਾ ਅਧਿਕਾਰ ਤਾਂ ਹੈ, ਪਰ ਵਿਅਕਤੀਆਂ ਨੂੰ ਨਹੀਂ। ਉਨ੍ਹਾਂ ਕਿਹਾ ਕਿ ਅੱਤਵਾਦ ਸੰਸਥਾਵਾਂ ਵਿਚ ਨਹੀਂ ਹੁੰਦਾ, ਸਗੋਂ ਵਿਅਕਤੀ ਦੀ ਮਾਨਸਿਕਤਾ ਵਿਚ ਹੁੰਦਾ ਹੈ। ਅਮਿਤ ਸ਼ਾਹ ਨੇ ਮਸੂਦ ਅਜ਼ਹਰ ਦੀ ਮਿਸਾਲ ਦਿੰਦਿਆਂ ਕਿਹਾ ਕਿ ਮਸੂਦ ਅਜ਼ਹਰ ਨੂੰ ਕਾਨੂੰਨ ਮੁਤਾਬਿਕ ਭਾਰਤ ਵਿਚ ਅੱਤਵਾਦੀ ਨਾ ਐਲਾਨਣ ਕਾਰਨ ਸੰਯੁਕਤ ਰਾਸ਼ਟਰ ਦੇ ਫ਼ੈਸਲੇ ਦੀ ਉਡੀਕ ਕਰਨੀ ਪਈ। ਅਮਿਤ ਸ਼ਾਹ ਨੇ ਵਿਅਕਤੀਆਂ ਨੂੰ ਦਹਿਸ਼ਤਗਰਦ ਐਲਾਨਣ ਦੇ ਹੋਰ ਦੇਸ਼ਾਂ ਦੇ ਪ੍ਰਬੰਧ ਦਾ ਵੀ ਹਵਾਲਾ ਦਿੰਦਿਆਂ ਕਿਹਾ ਕਿ ਸੰਯੁਕਤ ਰਾਸ਼ਟਰ ਵਿਚ ਅਜਿਹਾ ਪ੍ਰਬੰਧ ਹੈ। ਇਸ ਤੋਂ ਇਲਾਵਾ ਅਮਰੀਕਾ, ਚੀਨ, ਇਜ਼ਰਾਈਲ ਅਤੇ ਇਥੋਂ ਤੱਕ ਕਿ ਪਾਕਿਸਤਾਨ ਵਿਚ ਵੀ ਵਿਅਕਤੀ ਨੂੰ ਅੱਤਵਾਦੀ ਐਲਾਨਿਆ ਜਾ ਸਕਦਾ ਹੈ। ਗ੍ਰਹਿ ਮੰਤਰੀ ਨੇ ਅਜਿਹਾ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਯਾਸੀਨ ਭਟਕਲ ਦੀ ਮਿਸਾਲ ਦਿੰਦਿਆਂ ਕਿਹਾ ਕਿ ਅੱਤਵਾਦੀ ਸੰਸਥਾਵਾਂ 'ਤੇ ਪਾਬੰਦੀ ਲੱਗਣ ਤੋਂ ਬਾਅਦ ਦੂਜੀ ਸੰਸਥਾ ਖੋਲ੍ਹ ਕੇ ਦੁਬਾਰਾ ਹਿੰਸਕ ਕਾਰਵਾਈਆਂ ਵਿਚ ਲੱਗ ਜਾਂਦੇ ਹਨ। ਗ੍ਰਹਿ ਮੰਤਰੀ ਨੇ ਅੱਤਵਾਦ ਲਈ ਸਖ਼ਤ ਕਾਨੂੰਨ ਹੋਣ ਦੀ ਹਮਾਇਤ ਕਰਦਿਆਂ ਕਿਹਾ ਕਿ ਉਹ ਇਸ ਸਿਧਾਂਤ ਤੋਂ ਸਹਿਮਤ ਨਹੀਂ ਹਨ ਕਿ ਕਾਨੂੰਨਾਂ ਨਾਲ ਅੱਤਵਾਦ ਨਹੀਂ ਰੁਕਦਾ। ਉਨ੍ਹਾਂ ਕਿਹਾ ਕਿ ਸਰਕਾਰ ਬਿਨਾਂ ਕਾਰਵਾਈ ਕਰਨ ਦਾ ਅਧਿਕਾਰ ਦੇਣ ਦੇ ਕਾਨੂੰਨ ਹੋਣ ਵਿਚ ਨਹੀਂ, ਸਗੋਂ ਮਜ਼ਬੂਤ ਕਾਨੂੰਨ ਹੋਣ ਦੇ ਹੱਕ ਵਿਚ ਹੈ।

### ਵਿਰੋਧੀ ਧਿਰਾਂ ਵਲੋਂ ਵਿਰੋਧ-

ਵਿਰੋਧੀ ਧਿਰਾਂ ਨੇ ਖ਼ਦਸ਼ਾ ਪ੍ਰਗਟਾਉਂਦਿਆਂ ਕਿਹਾ ਕਿ ਬਿੱਲ ਦੀ ਦੁਰਵਰਤੋਂ ਵਿਰੋਧੀ ਧਿਰਾਂ ਖ਼ਿਲਾਫ਼ ਸਿਆਸੀ ਬਦਲੇ ਦੀ ਭਾਵਨਾ ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ। ਤ੍ਰਿਣਮੂਲ ਕਾਂਗਰਸ ਦੀ ਮਹੁਆ ਮੋਇਤਰਾ ਨੇ ਤਿੱਖੇ ਸੁਰਾਂ ਵਿਚ ਬਿੱਲ ਦਾ ਵਿਰੋਧ ਕਰਦਿਆਂ ਕਿਹਾ ਕਿ 'ਭਿਅੰਕਰ' ਬਹੁਮੱਤ ਵਾਲੀ ਸਰਕਾਰ ਨੇ ਜੇਕਰ ਕਿਸੇ ਨੂੰ ਨਿਸ਼ਾਨਾ ਬਣਾਉਣਾ ਹੋਵੇ ਤਾਂ ਉਹ ਕੋਈ ਨਾ ਕੋਈ ਢੰਗ ਤਰੀਕਾ ਲੱਭ ਲੈਂਦੀ ਹੈ। ਮੋਇਤਰਾ ਨੇ ਸਰਕਾਰ 'ਤੇ ਇਲਜ਼ਾਮ ਲਗਾਉਂਦਿਆਂ ਕਿਹਾ ਕਿ ਜੇਕਰ ਕੇਂਦਰ ਦੇ ਨਾਲ ਤਾਂ ਭਗਵਾਨ, ਨਹੀਂ ਤਾਂ ਸ਼ੈਤਾਨ। ਪਹਿਲੀ ਵਾਰ ਸੰਸਦ ਮੈਂਬਰੀ ਚੁਣ ਕੇ ਆਈ ਮੋਇਤਰਾ ਨੇ ਕਿਹਾ ਕਿ ਜੋ ਵੀ ਕੇਂਦਰ ਨਾਲ ਸਹਿਮਤ ਨਾ ਹੋਵੇ ਤਾਂ ਉਸ ਨੂੰ ਦੇਸ਼ ਧ੍ਰੋਹੀ, ਅੱਤਵਾਦੀਆਂ ਪ੍ਰਤੀ ਹਮਦਰਦੀ ਰੱਖਣ ਵਾਲਾ ਕਿਉਂ ਕਰਾਰ ਦਿੱਤਾ ਜਾਂਦਾ ਹੈ। ਵਿਰੋਧੀ ਧਿਰਾਂ ਨੇ ਇਸ ਬਿੱਲ ਨੂੰ ਸੰਘੀ ਢਾਂਚੇ ਦੇ ਖ਼ਿਲਾਫ਼ ਦੱਸਦਿਆਂ ਕਿਹਾ ਕਿ ਬਿਨਾਂ ਰਾਜ ਪੁਲਿਸ ਨੂੰ ਦੱਸੇ ਰਾਸ਼ਟਰੀ ਪੜਤਾਲੀਆ ਏਜੰਸੀ ਵਲੋਂ ਕੀਤੀ ਕਾਰਵਾਈ ਰਾਜਾਂ ਦੇ ਅਧਿਕਾਰਾਂ ਵਿਚ ਦਖ਼ਲਅੰਦਾਜ਼ੀ ਹੋਵੇਗੀ। ਵਿਰੋਧੀ ਧਿਰਾਂ ਨੇ ਇਸ ਕਾਨੂੰਨ ਨੂੰ ਸਮਾਜਿਕ ਕਾਰਕੁਨਾਂ ਦੇਂ ਖ਼ਲਾਫ਼ ਵਰਤਿਆ ਜਾਣ ਵਾਲਾ ਹਥਿਆਰ ਵੀ ਕਰਾਰ ਦਿੱਤਾ।

### ਸ਼ਾਹ ਸਖ਼ਤ ਕਾਨੂੰਨ ਦੇ ਹੱਕ 'ਚ-

ਗ੍ਰਹਿ ਮੰਤਰੀ ਨੇ ਵਿਰੋਧੀ ਧਿਰ ਦੇ ਖ਼ਦਸ਼ਿਆਂ ਨੂੰ ਖ਼ਾਰਜ ਕਰਦਿਆਂ ਕਿਹਾ ਕਿ ਦੇਸ਼ ਵਿਚ ਹਜ਼ਾਰਾਂ, ਲੱਖਾਂ ਦੀ ਤਦਾਦ ਵਿਚ ਸਮਾਜਿਕ ਕਾਰਜਕਰਤਾ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਬਿਲਕੁਲ ਪ੍ਰੇਸ਼ਾਨ ਨਹੀਂ ਕੀਤਾ ਜਾਵੇਗਾ, ਪਰ ਨਾਲ ਹੀ ਸਪੱਸ਼ਟ ਕਰਦਿਆਂ ਕਿਹਾ ਕਿ 'ਸ਼ਹਿਰੀ ਨਕਸਲਵਾਦ' ਲਈ ਜੋ ਕੰਮ ਕਰਦੇ ਹਨ, ਉਨ੍ਹਾਂ ਪ੍ਰਤੀ ਸਰਕਾਰ ਨੂੰ ਰਤਾ ਵੀ ਹਮਦਰਦੀ ਨਹੀਂ ਹੈ। ਉਨ੍ਹਾਂ 'ਸ਼ਹਿਰੀ ਨਕਸਲਵਾਦ' ਪ੍ਰਤੀ ਸਰਕਾਰ ਦਾ ਸਖ਼ਤ ਰੁਖ਼ ਪ੍ਰਗਟਾਉਂਦਿਆਂ ਕਿਹਾ ਕਿ ਇਸ ਦੀ ਸ਼ੁਰੂਆਤ ਵੀ 'ਵੈਚਾਰਿਕ ਅੰਦੋਲਨ' ਵਜੋਂ ਹੋਈ ਸੀ, ਪਰ ਭੜਕਾਊ ਭਾਸ਼ਨਾਂ ਰਾਹੀਂ ਇਹ ਨੌਜਵਾਨਾਂ ਨੂੰ ਗੁੰਮਰਾਹ ਕਰਕੇ ਉਨ੍ਹਾਂ ਦੇ ਹੱਥ ਪਿਸਤੌਲਾਂ ਫੜਾ ਦਿੰਦੇ ਹਨ। ਅਮਿਤ ਸ਼ਾਹ ਨੇ ਕਾਂਗਰਸ ਨੂੰ ਘੇਰਦਿਆਂ ਕਿਹਾ ਕਿ ਅੱਤਵਾਦ ਦੇ ਖ਼ਿਲਾਫ਼ ਲੜਾਈ ਨੂੰ ਪਾਰਟੀ ਲੀਕਾਂ ਤੋਂ ਉੱਪਰ ਉੱਠ ਕੇ ਵਿਚਾਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 1967 ਵਿਚ ਯੂਏਪੀਏ ਕਾਨੂੰਨ ਕਾਂਗਰਸ ਵਲੋਂ ਲਿਆਂਦਾ ਗਿਆ ਸੀ। ਇਸ ਤੋਂ ਬਾਅਦ 2004 ਵਿਚ ਪਹਿਲੀ ਸੋਧ, 2008 ਵਿਚ ਦੂਜੀ ਅਤੇ 2013 ਵਿਚ ਤੀਜੀ ਸੋਧ ਵੀ ਕਾਂਗਰਸ ਰਾਜ ਵਿਚ ਹੀ ਲਿਆਂਦੀ ਗਈ। ਅਮਿਤ ਸ਼ਾਹ ਨੇ ਕਿਹਾ ਕਿ ਸਰਕਾਰ ਹੀ ਅੱਤਵਾਦ ਦੇ ਖ਼ਿਲਾਫ਼ ਲੜਾਈ ਲੜਦੀ ਹੈ, ਜੋ ਵੀ ਪਾਰਟੀ ਸੱਤਾ ਵਿਚ ਹੋਵੇ। ਗ੍ਰਹਿ ਮੰਤਰੀ ਨੇ ਵਿਰੋਧੀ ਧਿਰ ਦੇ ਇਤਰਾਜ਼ਾਂ ਦੇ ਜਵਾਬ ਵਿਚ ਇਹ ਵੀ ਕਿਹਾ ਕਿ ਇਸ ਕਾਨੂੰਨ ਤਹਿਤ ਗ੍ਰਿਫ਼ਤਾਰ ਦੋਸ਼ੀ ਨੂੰ ਖ਼ੁਦ ਨੂੰ ਬੇਗੁਨਾਹ ਸਾਬਤ ਕਰਨ ਦੀ ਜ਼ਿੰਮੇਵਾਰੀ ਪਹਿਲਾਂ ਵੀ ਨਹੀਂ ਸੀ ਅਤੇ ਅੱਗੋਂ ਵੀ ਨਹੀਂ ਹੋਵੇਗੀ। ਵਿਰੋਧੀ ਧਿਰਾਂ ਵਲੋਂ 'ਕਾਹਲੀ' ਵਿਚ ਲਿਆਂਦੇ ਬਿੱਲ ਨੂੰ ਪਹਿਲਾਂ ਸਟੈਂਡਿੰਗ ਕਮੇਟੀ ਨੂੰ ਭੇਜਣ ਦਾ ਸੁਝਾਅ ਦਿੱਤਾ, ਜਿਸ ਨੂੰ ਗ੍ਰਹਿ ਮੰਤਰੀ ਨੇ ਖ਼ਾਰਜ ਕਰਦਿਆਂ ਕਿਹਾ ਕਿ ਇਸ 'ਤੇ ਸਦਨ ਵਿਚ ਵਿਆਪਕ ਚਰਚਾ ਹੋ ਚੁੱਕੀ ਹੈ।

### ਖਾੜਕੂਆਂ ਦੀ ਜਾਇਦਾਦ ਹੋਵੇਗੀ ਜ਼ਬਤ-

ਸੋਧੇ ਹੋਏ ਕਾਨੂੰਨ ਦੇ ਤਹਿਤ ਅੱਤਵਾਦੀ ਸੰਗਠਨਾਂ ਜਾਂ ਅੱਤਵਾਦੀਆਂ ਦੀ ਜਾਇਦਾਦ ਜ਼ਬਤ ਵੀ ਹੋ ਸਕੇਗੀ। ਇਸ ਲਈ ਜਾਂਚ ਅਧਿਕਾਰੀ ਨੂੰ ਸਬੰਧਿਤ ਸੂਬੇ ਦੇ ਡੀ.ਜੀ.ਪੀ. ਤੋਂ ਪਹਿਲਾਂ ਇਜਾਜ਼ਤ ਲੈਣ ਦੀ ਜ਼ਰੂਰਤ ਹੋਵੇਗੀ। ਜੇਕਰ ਮਾਮਲੇ ਦੀ ਜਾਂਚ ਐਨ.ਆਈ.ਏ. ਦਾ ਕੋਈ ਅਧਿਕਾਰੀ ਕਰ ਰਿਹਾ ਹੈ ਤਾਂ ਸਬੰਧਿਤ ਸੰਪਤੀ ਨੂੰ ਜ਼ਬਤ ਕਰਨ ਲਈ ਸਬੰਧਿਤ ਸੂਬੇ ਦੇ ਡੀ.ਜੀ.ਪੀ. ਦੀ ਮਨਜ਼ੂਰੀ ਦੀ ਜ਼ਰੂਰਤ ਨਹੀਂ ਹੋਵੇਗੀ। ਇਸ ਦੇ ਲਈ ਕੇਵਲ ਐਨ.ਆਈ.ਏ. ਦੇ ਮਹਾਨਿਰਦੇਸ਼ਕ ਦੀ ਮਨਜ਼ੂਰੀ ਕਾਫ਼ੀ ਹੋਵੇਗੀ।

### ਓਵੈਸੀ ਕਾਂਗਰਸ 'ਤੇ ਭੜਕੇ-

ਏ.ਆਈ.ਐਮ.ਆਈ.ਐਮ. ਦੇ ਨੇਤਾ ਅਸਦੂਦੀਨ ਓਵੈਸੀ ਨੇ ਚਰਚਾ ਦੌਰਾਨ ਕਾਨੂੰਨ ਲਿਆਉਣ ਲਈ ਕਾਂਗਰਸ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਹੋਇਆਂ ਕਿਹਾ ਕਿ ਸੱਤਾ ਤੋਂ ਬਾਹਰ ਹੁੰਦਿਆਂ ਹੀ ਕਾਂਗਰਸ ਮੁਸਲਮਾਨਾਂ ਦਾ 'ਵੱਡਾ ਭਰਾ' ਬਣ ਜਾਂਦੀ ਹੈ। ਓਵੈਸੀ ਨੇ ਕਿਹਾ ਕਿ ਯੂ.ਏ.ਪੀ.ਏ. ਕਾਨੂੰਨ ਦਾ ਜੋ ਗਲਤ ਉਪਯੋਗ ਹੋਇਆ ਹੈ ਉਸ ਦੀ ਅਸਲ ਦੋਸ਼ੀ ਕਾਂਗਰਸ ਹੈ। ਓਵੈਸੀ ਨੇ ਕਿਹਾ ਕਿ ਜਦ ਕਾਂਗਰਸ ਦੇ ਕਿਸੇ ਸੀਨੀਅਰ ਨੇਤਾ ਨੂੰ ਮਹੀਨਿਆਂ ਤੱਕ ਇਸ ਕਾਨੂੰਨ ਤਹਿਤ ਜੇਲ੍ਹ ਹੋਈ ਤਾਂ ਉਨ੍ਹਾਂ ਨੂੰ ਸਾਡੇ ਦਰਦ ਦਾ ਅਹਿਸਾਸ ਹੋਵੇਗਾ।

ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਦੇ ਮੁੱਖ ਬੁਲਾਰੇ ਨਰੈਣ ਸਿੰਘ ਨੇ ਕਿਹਾ ਕਿ ਇਹ ਕਾਲਾ ਕਾਨੂੰਨ ਅੰਗਰੇਜ਼ਾਂ ਵਲੋਂ ਬਣਾਏ ਰੌਲਟ ਐਕਟ ਤੇ ਕਾਂਗਰਸ ਰਾਜ ਦੌਰਾਨ ਬਣੇ ਟਾਡਾ ਤੋਂ ਵੀ ਖਤਰਨਾਕ ਹੈ। ਉਨ੍ਹਾਂ ਕਿਹਾ ਕਿ ਇਹ ਕਾਨੂੰਨ ਲੋਕਾਂ ਦੀ ਆਜ਼ਾਦੀ ਖੋਹੇਗਾ ਤੇ ਘੱਟ ਗਿਣਤੀਆਂ ਸਰਕਾਰੀ ਤਸ਼ੱਦਦ ਦਾ ਸ਼ਿਕਾਰ ਬਣਨਗੀਆਂ। ਇਸੇ ਲਈ ਅਸੀਂ ਇਸ ਕਾਲੇ ਕਾਨੂੰਨ ਦੇ ਖਿਲਾਫ਼ ਹਾਂ। ਇਹ ਹਿੰਦੂ ਰਾਸ਼ਟਰ ਉਸਾਰਨ ਦੀ ਕਾਰਵਾਈ ਹੈ।

ਮਨੁੱਖੀ ਅਧਿਕਾਰ ਸੰਗਠਨ ਦੇ ਚੇਅਰਮੈਨ ਜਸਟਿਸ ਅਜੀਤ ਸਿੰਘ ਬੈਂਸ ਨੇ ਕਿਹਾ ਕਿ ਇਸ ਕਾਨੂੰਨ ਨਾਲ ਸਰਕਾਰ ਨੂੰ ਇਹ ਅਧਿਕਾਰ ਮਿਲ ਗਿਆ ਹੈ ਕਿ ਉਹ ਕਿਸੇ ਵੀ ਵਿਅਕਤੀ ਨੂੰ ਅੱਤਵਾਦੀ ਐਲਾਨ ਸਕਦੀ ਹੈ। ਹੁਣ ਕਿਸੇ ਵੀ ਵਿਅਕਤੀ ਨੂੰ ਸਿਰਫ਼ ਇਹ ਆਖ ਕੇ ਕਿ ਤੇਰੇ ਅੱਤਵਾਦੀ ਜਾਂ ਅੱਤਵਾਦੀ ਜਥੇਬੰਦੀ ਨਾਲ ਸੰਬੰਧ ਹਨ ,ਉਸ ਨੂੰ ਵੀ ਅੱਤਵਾਦੀ ਗਰਦਾਨਿਆ ਜਾ ਸਕਦਾ ਹੈ। ਇਹ ਮਨੁੱਖੀ ਅਜ਼ਾਦੀ ਲਈ ਬਹੁਤ ਖਥਰਨਾਕ ਕਾਨੂੰਨ ਹੈ, ਇਸ ਦਾ ਸਭ ਵਲੋਂ ਵਿਰੋਧ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗਊ ਦੇ ਨਾਮ 'ਤੇ ਹੱਤਿਆ ਕਰਨ ਵਾਲੇ ਫਾਸ਼ੀਵਾਦੀ ਭਗਵੇਂਵਾਦੀਆਂ ਨੂੰ ਹਾਲੇ ਤੱਕ ਦਹਿਸ਼ਤਗਰਦ ਕਿਉਂ ਨਹੀਂ ਐਲਾਨਿਆ ਗਿਆ ?

ਗੁਰਤੇਜ ਸਿੰਘ ਆਈਏਐਸ ਨੇ ਕਿਹਾ ਕਿ ਕਿ ਦੇਸ ਵਿਚ ਅਜ਼ਾਦੀ ਦੇ ਕੀ ਅਰਥ ਹੋਣਗੇ ਜਦੋਂ ਇਸ ਕਾਨੂੰਨ ਨੂੰ ਲਾਗੂ ਕਰਕੇ ਮਨੁੱਖੀ ਅਜ਼ਾਦੀ 'ਤੇ ਐਮਰਜੈਂਸੀ ਲਗਾ ਰਹੀ ਹੈ। ਸਰਕਾਰ ਜਿਸ ਨੂੰ ਚਾਹੇ, ਜਦੋਂ ਚਾਹੇ ਅੱਤਵਾਦੀ ਆਖ ਕੇ, ਸਾਰੀ ਉਮਰ ਜੇਲ੍ਹ ਵਿਚ ਸੁੱਟ ਦੇਵੇ। ਤੁਹਾਡੇ ਲਈ ਕੋਈ ਵਕੀਲ, ਕੋਈ ਦਲੀਲ ਪੇਸ਼ ਕਰਨ ਦੀ ਕੋਈ ਗੁੰਜਾਇਸ਼ ਬਾਕੀ ਨਹੀਂ।

ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਲੋਕ ਸਭਾ ਵਿਚ ਪੇਸ਼ ਇਸ ਮਤੇ ਦਾ ਵਿਰੋਧ, ਵਿਰੋਧੀ ਧਿਰ ਦੇ ਵਾਕਆਊਟ ਨਾਲ ਹੋਇਆ, ਕਿਸੇ ਨੇ ਇਸਦਾ ਡੱਟਵਾਂ ਵਿਰੋਧ ਨਹੀਂ ਕੀਤਾ, ਕਿਉਂਕਿ ਇਸ ਹਮਾਮ ਵਿਚ ਸਾਰੇ ਨੰਗੇ ਹਨ। ਫਿਰ ਵੀ ਇਸ ਦੇਸ਼ ਨੂੰ ਲੋਕਤੰਤਰਿਕ ਦੇਸ਼ ਆਖਿਆ ਜਾ ਰਿਹਾ ਹੈ, ਇਹ ਦੁਨੀਆਂ ਦਾ ਸਭ ਤੋਂ ਵੱਡਾ ਝੂਠ ਹੈ ਕਿ ਭਾਰਤ ਵਿਚ ਘੱਟ ਗਿਣਤੀਆਂ ਤੇ ਦਲਿਤਾਂ ਨੂੰ ਮਨੁੱਖੀ ਅਜ਼ਾਦੀ ਹਾਸਲ ਹੈ। ਮਨੁੱਖੀ ਅਜ਼ਾਦੀ ਤੋਂ ਵਧ ਅਜ਼ਾਦੀ ਭਗਵੇਂਵਾਦੀਆਂ ਨੂੰ ਹਾਸਲ ਹੈ, ਜੋ ਕਿਸੇ ਨੂੰ ਮਾਰ ਸਕਦੇ ਹਨ ਤੇ ਅਦਾਲਤਾਂ ਉਨ੍ਹਾਂ ਨੂੰ ਰਿਹਾਅ ਕਰ ਸਕਦੀਆਂ ਹਨ। ਸਬੂਤ ਸਰਕਾਰੀ ਪੱਧਰ 'ਤੇ ਮਿਟਾਏ ਜਾ ਸਕਦੇ ਹਨ। ਗੁਜਰਾਤ ਦੰਗੇ ਤੇ ਦਿੱਲੀ ਕਤਲੇਆਮ ਇਸ ਦੀਆਂ ਮਿਸਾਲਾਂ ਹਨ।

## ਯੂਏਪੀਏ ਸੋਧ ਬਿੱਲ ਘੱਟ ਗਿਣਤੀਆਂ ਵਿਰੁੱਧ ਵਰਤਿਆ ਜਾਵੇਗਾ : ਹਵਾਰਾ ਕਮੇਟੀ

**ਅੰਮ੍ਰਿਤਸਰ/ਏਟੀ ਨਿਊਜ਼ :** "ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਦਾਅਵਾ ਕਰਨ ਵਾਲੀ ਭਾਰਤੀ ਲੋਕ ਸਭਾ ਨੇ ਗੈਰ ਕਾਨੂੰਨੀ ਗਤੀਵਿਧੀ ਰੋਕਥਾਮ ਸੋਧ ਬਿੱਲ 2019 ਪਾਸ ਕੀਤਾ ਹੈ, ਜਿਸ ਦੀ ਤੁਲਨਾ ਅੱਜ ਤੋਂ ਸੌ ਸਾਲ ਪਹਿਲਾਂ ਮਾਰਚ 1919 ਵਿੱਚ ਅੰਗਰੇਜ਼ਾਂ ਵੱਲੋਂ ਪਾਸ ਕੀਤੇ ਰੌਲਟ ਐਕਟ ਨਾਲ ਕੀਤੀ ਜਾ ਸਕਦੀ ਹੈ ਜੋ ਕਿ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਭਾਰਤੀਆਂ ਉੱਤੇ ਵਰਤਿਆ ਜਾਂਦਾ ਸੀ।" ਇਹ ਸ਼ਬਦ ਜਥੇਦਾਰ ਜਗਤਾਰ ਸਿੰਘ ਹਵਾਰਾ ਦੀ ਕਮੇਟੀ ਦੇ ਪ੍ਰੋ. ਬਲਜਿੰਦਰ ਸਿੰਘ ਨੇ ਇਕ ਪ੍ਰੈਸ ਬਿਆਨ ਵਿਚ ਆਖੇ।

ਜਥੇਦਾਰ ਜਗਤਾਰ ਸਿੰਘ ਹਵਾਰਾ ਦੀ ਕਮੇਟੀ ਦੇ ਭਾਈ ਨਰੈਣ ਸਿੰਘ ਚੌੜਾ ਕਨਵੀਨਰ, ਐਡਵੋਕੇਟ ਅਮਰ ਸਿੰਘ ਚਾਹਲ ਅਤੇ ਪ੍ਰੋ.ਫ਼ੈਸਰ ਬਲਜਿੰਦਰ ਸਿੰਘ ਮੁੱਖ ਬੁਲਾਰੇ ਨੇ ਕਿਹਾ ਹੈ ਕਿ ਇਹ ਸੋਧ ਬਿੱਲ ਸੰਵਿਧਾਨ ਵਿਚ ਦਰਜ ਬੁਨਿਆਦੀ ਅਧਿਕਾਰਾਂ (Fundamental Rights) ਦੀ ਉਲੰਘਣਾ ਹੈ। ਸੋਧ ਮੁਤਾਬਕ ਹੁਣ ਜਿਹੜਾ ਵੀ ਵਿਅਕਤੀ ਗ੍ਰਿਫਤਾਰ ਕੀਤਾ ਜਾਵੇਗਾ, ਉਸ ਨੂੰ ਦਹਿਸ਼ਤਗਰਦ ਸਮਝਿਆ ਜਾਵੇਗਾ। ਇੱਥੋਂ ਸਪੱਸ਼ਟ ਹੈ ਕਿ ਅਦਾਲਤ ਵਿੱਚ ਵਿਅਕਤੀ ਬਤੌਰ ਦਹਿਸ਼ਤਗਰਦ ਹੀ ਪੇਸ਼ ਕੀਤੇ ਜਾਣਗੇ ਅਤੇ ਉਨ੍ਹਾਂ ਨੂੰ ਕੁਦਰਤੀ ਇਨਸਾਫ਼ ਦੇ ਸਿਧਾਂਤ(Principle of Natural Justice) ਦੇ ਲਾਭ ਤੋਂ ਵਾਂਝਾ ਰੱਖਿਆ ਜਾਵੇਗਾ। ਹਵਾਰਾ ਕਮੇਟੀ ਨੇ ਇਸ ਸੋਧ ਬਿੱਲ ਨੂੰ ਕਾਲੇ ਕਾਨੂੰਨ ਦਾ ਨਾਮ ਦਿੱਤਾ ਹੈ। ਕਮੇਟੀ ਆਗੂਆਂ ਨੇ ਕਿਹਾ ਕਿ ਇਸ ਸੋਧ ਬਿੱਲ ਨੂੰ ਘੱਟ ਗਿਣਤੀਆਂ ਵਿਸ਼ੇਸ਼ ਤੌਰ 'ਤੇ ਸਿੱਖਾਂ ਦੇ ਖਿਲਾਫ ਅੰਨ੍ਹੇਵਾਹ ਵਰਤਿਆ ਜਾਵੇਗਾ। ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਉਸ ਬਿਆਨ ਕਿ ਅੱਤਵਾਦ ਵਿਅਕਤੀ ਦੀ ਮਾਨਸਿਕਤਾ ਤੋਂ ਪੈਦਾ ਹੁੰਦਾ ਹੈ, ਦੇ ਨਾਲ ਅਸਹਿਮਤੀ ਪ੍ਰਗਟ ਕਰਦਿਆਂ ਕਿਹਾ ਕਿ ਅੱਤਵਾਦ ਹਮੇਸ਼ਾ ਸਰਕਾਰੀ ਵਿਤਕਰੇ, ਬੇਇਨਸਾਫੀ ਅਤੇ ਤਸ਼ੱਦਦ ਤੋਂ ਪੈਦਾ ਹੁੰਦਾ ਹੈ। ਪੰਥਕ ਆਗੂਆਂ ਨੇ ਲੋਕ ਸਭਾ ਵਿਚ ਬੈਠੇ ਅਕਾਲੀ ਦਲ ਦੇ ਸਾਂਸਦਾਂ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਦੀ ਸਖ਼ਤ ਸ਼ਬਦਾਂ ਵਿਚ ਆਲੋਚਨਾ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਪੰਥ ਵਿਰੋਧੀ ਚੇਹਰਾ ਇਸ ਕਾਲੇ ਕਾਨੂੰਨ ਦੀ ਲੋਕ ਸਭਾ ਵਿਚ ਵਿਰੋਧਤਾ ਨਾ ਕਰਨ ਕਰਕੇ ਇਕ ਵਾਰ ਫੇਰ ਨੰਗਾ ਹੋ ਗਿਆ ਹੈ।

# ਯੂਨੀਅਨ ਸਿਟੀ ਵਿਖੇ 15 ਸਤੰਬਰ ਨੂੰ ਹੋਣ ਵਾਲੇ 15ਵੇਂ ਵਿਸ਼ਵ ਕਬੱਡੀ ਕੱਪ ਦੀਆਂ ਤਿਆਰੀਆਂ ਜ਼ੋਰਾਂ ’ਤੇ

## *ਮੁਕੰਮਲ ਨਸ਼ਾ ਮੁਕਤ ਹੋਵੇਗਾ ਯੂਨਾਈਟਡ ਸਪੋਰਟਸ ਕਲੱਬ ਦਾ ਕਬੱਡੀ ਟੂਰਨਾਮੈਂਟ : ਗਾਖ਼ਲ*






**ਯੂਨੀਅਨ ਸਿਟੀ/ਏਟੀ ਨਿਊਜ਼ :**
ਇੱਥੇ ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਦੀ ਸ. ਅਮੋਲਕ ਗਾਖਲ ਦੀ ਸਰਪ੍ਰਸਤੀ ਹੇਠ ਹੋਈ ਇਕ ਅਹਿਮ ਮੀਟਿੰਗ ਵਿਚ 15 ਸਤੰਬਰ 2019 ਦਿਨ ਐਤਵਾਰ ਨੂੰ ਲੋਗਨ ਹਾਈ ਸਕੂਲ ਯੂਨੀਅਨ ਸਿਟੀ ਵਿਖੇ ਹੋਣ ਵਾਲੇ 15ਵੇਂ ਵਿਸ਼ਵ ਕਬੱਡੀ ਕੱਪ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਵਿਸ਼ਵ ਕੱਪ ਦੇ ਮੁੱਖ ਪ੍ਰਬੰਧਕ ਅਤੇ ਰੂਹੇ ਰਵਾਂ ਸ. ਗਾਖਲ ਨੇ ਕਿਹਾ ਕਿ ਦੁਨੀਆ ਭਰ ਦੇ ਸੁਪਰ ਸਟਾਰ ਕਬੱਡੀ ਖਿਡਾਰੀ ਇਸ ਖੇਡ ਮੇਲੇ ਵਿਚ ਆਪਣੇ ਰੰਗ ਦਿਖਾਉਣਗੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਹ ਕਬੱਡੀ ਕੱਪ ਇਕ ਯਾਦਗਾਰੀ ਹੀ ਨਹੀਂ ਹੋਵੇਗਾ ਸਗੋਂ ਦਰਸ਼ਕਾਂ ਨੂੰ ਚਿਰਾਂ ਤੀਕਰ ਇਸ ਖੇਡ ਮੇਲੇ ਦੇ ਪਲ-ਪਲ ਦਾ ਨਜ਼ਾਰਾ ਕਦੇ ਨਹੀਂ ਭੁੱਲੇਗਾ। ਉਨ੍ਹਾਂ ਇਹ ਵੀ ਕਿਹਾ ਕਿ ਇਹ ਵਿਸ਼ਵ ਕੱਪ ਮੁਕੰਮਲ ਰੂਪ ਵਿਚ ਨਸ਼ਾ ਮੁਕਤ ਹੋਵੇਗਾ ਅਤੇ ਕਿਸੇ ਵੀ ਖਿਡਾਰੀ ’ਤੇ ਬੈਨ ਨਹੀਂ, ਸਗੋਂ ਡਰੱਗ ਫ੍ਰੀ ਸਰਟੀਫਿਕੇਟ ਨਾਲ ਖਿਡਾਰੀਆਂ ਨੂੰ ਖੇਡਣ ਦਾ ਮੌਕਾ ਮਿਲੇਗਾ, ਕਿਉਂਕਿ ਉਨ੍ਹਾਂ ਦਾ ਸਿਧਾਂਤ ਗਲੇ ਲਾਉਣਾ ਰਿਹਾ ਹੈ ਗਲੋਂ ਲਾਹੁਣਾ ਨਹੀਂ। ਜੇ ਕੋਈ ਇੱਕਾ ਦੁੱਕਾ ਖਿਡਾਰੀ ਰਾਹ ਤੋਂ ਭਟਕ ਵੀ ਗਿਆ ਹੋਵੇ ਤਾਂ ਉਸ ਨੂੰ ਸਹੀ ਰਸਤੇ ’ਤੇ ਲੈ ਕੇ ਆਉਣਾ ਵੀ ਸਾਡੀ ਹੀ ਜ਼ੁੰਮੇਵਾਰੀ ਹੀ ਬਣਦੀ ਹੈ। ਖੇਡ ਪ੍ਰਬੰਧਾਂ ਦੀ ਤਕਨੀਕੀ ਦੇਖ ਰੇਖ ਕਰਨ ਵਾਲੇ ਤੀਰਥ ਸਿੰਘ ਗਾਖਲ ਨੇ ਕਿਹਾ ਕਿ ਇਹ ਕਬੱਡੀ ਕੱਪ ਮੇਜਰ ਲੀਗ ਕਬੱਡੀ ਫੈਡਰੇਸ਼ਨ ਦੀ ਸਰਪ੍ਰਸਤੀ ਵਿਚ ਹੋਵੇਗਾ, ਜਿਸ ਦੇ ਮੁੱਖ ਸਪਾਂਸਰ ਵੀ ਗਾਖਲ ਭਰਾ ਹੀ ਹਨ। ਉਨ੍ਹਾਂ ਦਰਸ਼ਕਾਂ ਨੂੰ ਹੁੰਮ ਹੁਮਾ ਕੇ ਪੁੱਜਣ ਦੀ ਬੇਨਤੀ ਕਰਦਿਆਂ ਕਿਹਾ ਕਿ ਸਚਮੁੱਚ ਹੀ ਏਸ ਵਾਰ ਦੀ ਕਬੱਡੀ ਦੁਨੀਆ ਦੇ ਇਤਿਹਾਸ ਵਿਚ ਵੱਖਰੀ ਹੋਵੇਗੀ ਕਿਉਂਕਿ ਇਹ ਇਤਿਹਾਸਕ ਦਿਹਾੜੇ ਨੂੰ ਸਮਰਪਿਤ ਕੀਤੀ ਜਾ ਰਹੀ ਹੈ। ਸਮੁੱਚੇ ਰੂਪ ਵਿਚ ਵੱਡੀ ’ਚ ਆਉਣ ਵਾਲੇ ਦਰਸ਼ਕਾਂ ਦੇ ਖਾਣ-ਪੀਣ, ਬੈਠਣ, ਸਕਿਉਰਿਟੀ ਪ੍ਰਬੰਧਾਂ ਅਤੇ ਪਾਰਕਿੰਗ ਪੱਖੋਂ ਕਿਸੇ ਕਿਸਮ ਦੀ ਕੋਈ ਕਮੀ ਪੇਸ਼ੀ ਨਹੀਂ ਆਉਣ ਦਿੱਤੀ ਜਾਵੇਗੀ। ਵਿਸ਼ਵ ਪ੍ਰਸਿੱਧ ਕਬੱਡੀ ਖਿਡਾਰੀ ਮੰਗੀ ਬੱਗਾ ਪਿੰਡ ਨੇ ਵੀ ਇਸ 15 ਸਤੰਬਰ 2019 ਦਾ ਇਕ ਦਿਨ ਸਮੂਹ ਕਬੱਡੀ ਪ੍ਰੇਮੀਆਂ ਅਤੇ ਕਬੱਡੀ ਦਰਸ਼ਕਾਂ ਨੂੰ ਯੂਨੀਅਨ ਸਿਟੀ ਪਹੁੰਚ ਕੇ ਕਬੱਡੀ ਲੇਖੇ ਲਾਉਣ ਦੀ ਬੇਨਤੀ ਕੀਤੀ। ਮੇਜਰ ਲੀਗ ਕਬੱਡੀ ਫੈਡਰੇਸ਼ਨ ਦੇ ਸੰਦੀਪ ਨੰਗਲ ਅੰਬੀਆਂ ਨੇ ਇਕ ਵੱਖਰੇ ਪ੍ਰਤੀਕਰਮ ’ਚ ਕਿਹਾ ਕਿ ਖਿਡਾਰੀ ਵੀ ਦਰਸ਼ਕਾਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਜਲਦੀ ਹੀ ਕਬੱਡੀ ਨੂੰ ਉਲਾਂਭਿਆਂ ਤੋਂ ਮੁਕਤ ਕਰਨ ਲਈ ਫੈਡਰੇਸ਼ਨ ਵਲੋਂ ਸਰਗਰਮੀ ਤੇ ਗੰਭੀਰਤਾ ਨਾਲ ਕੀਤੇ ਜਾ ਰਹੇ ਕੰਮਾਂ ਵਿਚ ਯੋਗਦਾਨ ਪਾਉਣ। ਮੀਟਿੰਗ ਵਿਚ ਚੇਅਰਮੈਨ ਮੱਖਣ ਸਿੰਘ ਬੈਂਸ, ਪ੍ਰਧਾਨ ਜੁਗਰਾਜ ਸਿੰਘ ਸਹੋਤਾ, ਉਪ ਚੇਅਰਮੈਨ ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਨਰਿੰਦਰ ਸਿੰਘ ਸਹੋਤਾ, ਇੰਦਰਜੀਤ ਥਿੰਦ, ਅਰੁਨਦੀਪ ਸਿੰਘ, ਕਾਲਾ ਗਾਖਲ ਆਦਿ ਹਾਜ਼ਰ ਸਨ।

# ਗਾਇਕ ਗਗਨ ਕੋਕਰੀ, ਮੰਨਤ ਨੂਰ ਤੇ ਜੌਰਡਨ ਸੰਧੂ ਦੀ ਤਿੱਕੜੀ ਨੇ ਕੀਤਾ ਸੈਕਰਾਮੈਂਟੋ ਵਿਖੇ ਦਰਸ਼ਕਾਂ ਦਾ ਮਨਪ੍ਰਚਾਵਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :**
ਫ਼ਿਲਮੀ ਅਦਾਕਾਰ ਅਤੇ ਗਾਇਕ ਗਗਨ ਕੋਕਰੀ, ਜੌਰਡਨ ਸੰਧੂ ਤੇ ਗਾਇਕਾ ਮੰਨਤ ਨੂਰ ਇਹਨੀਂ ਦਿਨੀਂ ਅਮਰੀਕਾ ਦੇ ਟੂਰ ‘ਤੇ ਹਨ। ਉਹ ਵੱਖ-ਵੱਖ ਸ਼ਹਿਰਾਂ ਵਿਚ ਸ਼ੋਅ ਕਰ ਰਹੇ ਹਨ, ਜਿਸ ਦੌਰਾਨ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਖੇ ਗਗਨ ਕੋਕਰੀ , ਜੌਰਡਨ ਸੰਧੂ ਅਤੇ ਗਾਇਕਾ ਮੰਨਤ ਨੂਰ ਦਾ ਸੰਗੀਤਕ ਸ਼ੋਅ ਹੋਇਆ। ਮੰਨਤ ਨੂਰ ਨੇ ਮੇਲੇ ਦਾ ਆਗਾਜ਼ ਕੀਤਾ। ਨੂਰ ਦਾ ਬਹੁ-ਚਰਚਿਤ ਗੀਤ ‘ਤੂੰ ਲੌਂਗ ਤੇ ਮੈਂ ਲਾਚੀ’ ਦਰਸ਼ਕਾਂ ਦਾ ਪਸੰਦੀਦਾ ਗੀਤ ਰਿਹਾ। ਗਗਨ ਕੋਕਰੀ ਨੇ ਬਾਪੂ ਵਾਲੇ ਫੋਰਡ ਤੋਂ ਲੈ ਕੇ ਆਪਣੇ ਸਾਰੇ ਗੀਤ ਅਤੇ ਹੋਰ ਲੇਜੈਂਡ ਕਲਾਕਾਰਾਂ ਦੇ ਗੀਤਾਂ ਨਾਲ ਲੋਕਾਂ ਦਾ ਖੂਬ ਮਨੋਰੰਜਨ ਕੀਤਾ। ਜੌਰਡਨ ਸੰਧੂ ਨੇ ਵੀ ਆਪਣੇ ਲਗਭਗ ਸਾਰੇ ਗੀਤ ਗਾਏ ਤੇ ‘ਤਿੰਨ ਪੈਗ’ ਨੂੰ ਦਰਸ਼ਕਾਂ ਦੀ ਫਰਮਾਇਸ਼ ‘ਤੇ ਤਿੰਨ ਵਾਰ ਗਾਇਆ। ਪ੍ਰਬੰਧਕ ‘ਜੀਵੇ ਪੰਜਾਬ ਇੰਟਰਟੇਨਮੈਂਟ’ਦੇ ਜੱਸੀ ਬੰਗਾ, ਸੋਨੂ ਚੱਠਾ, ਜੱਸੀ ਕਾਤਰੋਂ , ਪਰਦੀਪ ਚੱਠਾ ਅਤੇ ਦੀਪ ਸੂਚ ਨੇ ਸਾਰੇ ਦਰਸ਼ਕਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅੱਜ ਵੀ ਲੋਕ ਸਾਫ਼-ਸੁਥਰੀ ਗਾਇਕੀ ਪਸੰਦ ਕਰਦੇ ਹਨ। ਮੇਲਾ ਟੀਮ ਵੱਲੋਂ ਕਲਾਕਾਰਾਂ ਨੂੰ ਗੁਲਦਸਤੇ ਭੇਟ ਕਰਕੇ ਸਨਮਾਨਤ ਕੀਤਾ ਗਿਆ। ਸਟੇਜ ਦੀ ਸੰਚਾਲਕਾ ਆਸ਼ਾ ਸ਼ਰਮਾ ਨੇ ਸੰਜੀਦਾ ਸ਼ਾਇਰੋ-ਸ਼ਾਇਰੀ ਦੇ ਨਾਲ-ਨਾਲ ਕਲਾਕਾਰਾਂ ਨੂੰ ਪੇਸ਼ ਕੀਤਾ।



# ਸਿਆਟਲ ਖੇਡ ਕੈਂਪ ਦੇ ਬੱਚਿਆਂ ਨੂੰ ਪਦਮਸ੍ਰੀ ਬਾਬਾ ਸੇਵਾ ਸਿੰਘ ਨੇ ਦਿੱਤਾ ਆਸ਼ੀਰਵਾਦ



**ਸਿਆਟਲ/ਗੁਰਚਰਨ ਸਿੰਘ ਢਿੱਲੋਂ :**
ਕਾਰਸੇਵਾ ਖਡੂਰ ਸਾਹਿਬ ਵਾਲੇ ਬਾਬਾ ਸੇਵਾ ਸਿੰਘ ਜੀ, ਉਨ੍ਹਾਂ ਦੇ ਸਹਿਯੋਗੀ ਜਗੀਰ ਸਿੰਘ ਸੰਧੂ ਸੇਵਾਮੁਕਤ ਜਨਰਲ ਮੈਨੇਜਰ, ਸਟੇਟ ਬੈਂਕ ਆਫ਼ ਪਟਿਆਲਾ ਅਤੇ ਡਿਪਟੀ ਕੌਂਸਲੇਟ ਜਨਰਲ ਸਾਨਫਰਾਂਸਿਸਕੋ ਰੋਹਿਤ ਰਿਤੇਸ਼ ਅਤੇ ਉਨ੍ਹਾਂ ਦੀ ਪਤਨੀ ਦੀਵਿਆ ਰਿਤੇਸ਼ ਵਿਲਸਨ ਪਲੇਅ ਫੀਲਡਜ ਕੈਂਟ ਵਿਖੇ ਖੇਡ ਕੈਂਪ ਦੇ ਬੱਚਿਆਂ ਨੂੰ ਅਸ਼ੀਰਵਾਦ ਦੇਣ ਪਹੁੰਚੇ। ਬੱਚਿਆਂ ਦੇ ਮਾਪਿਆਂ ਤੇ ਪੰਜਾਬੀ ਭਾਈਚਾਰੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਇਥੇ ਪਹੁੰਚੀਆਂ ਵਿਸ਼ੇਸ਼ ਸ਼ਖਸੀਅਤਾਂ ਦਾ ਸਵਾਗਤ ਕੀਤਾ। ਬਾਬਾ ਸੇਵਾ ਸਿੰਘ ਪਦਮਸ੍ਰੀ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਖਡੂਰ ਸਾਹਿਬ ਗੁਰਧਾਮਾਂ ਦੇ ਦਰਸ਼ਨ ਕਰਨ ਲਈ ਖੁੱਲ੍ਹਾ ਸੱਦਾ ਦਿੱਤਾ ਅਤੇ ਬੱਚਿਆਂ ਨੂੰ ਆਸ਼ੀਰਵਾਦ ਦੇਂਦਿਆਂ ਤੰਦਰੁਸਤੀ ਤੇ ਸਿਹਤਯਾਬੀ ਲਈ ਕਾਮਨਾ ਕੀਤੀ। ਉਨ੍ਹਾਂ ਨੇ ਪ੍ਰਬੰਧਕਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਸਾਨਫਰਾਂਸਿਸਕੋ ਤੋਂ ਡਿਪਟੀ ਕੌਂਸਲੇਟ ਜਨਰਲ ਰੋਹਿਤ ਰਿਤੇਸ਼ ਨੇ ਆਪਣੇ ਭਾਸ਼ਣ ਵਿਚ ਬੱਚਿਆਂ ਦੀ ਪੰਜਾਬੀ ਵਿਰਸੇ, ਸੱਭਿਆਚਾਰ ਅਤੇ ਖੇਡਾਂ ਨਾਲ ਜੁੜਨ ਦੀ ਸ਼ਲਾਘਾ ਕੀਤੀ। ਹਰਦੀਪ ਸਿੰਘ ਗਿੱਲ ਨੇ ਬੱਚਿਆਂ ਨੂੰ ਰਿਫਰੈਸ਼ਮੈਂਟ ਦੀ ਸੇਵਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਨਿਭਾਈ। ਪੰਜਾਬੀ ਸਪੋਰਟਸ ਕਲੱਬ ਸਿਆਟਲ ਦੇ ਸਾਬਕਾ ਪ੍ਰਧਾਨ ਬਲਜੀਤ ਸਿੰਘ ਸੋਹਲ ਵਲੋਂ ਸਾਲ 20 19 ਦੇ ਖੇਡ ਕੈਂਪ ਨੂੰ ਸਪਾਂਸਰ ਕਰਨ ਦਾ ਐਲਾਨ ਕੀਤਾ। ਇਸ ਮੌਕੇ ਧਰਮ ਸਿੰਘ ਮੈਰੀਪੁਰ, ਸੇਮ ਵਿਰਕ, ਪਰਮਜੀਤ ਸਿੰਘ ਖੈਰਾ, ਚਰਨਜੀਤ ਸਿੰਘ ਧਾਲੀਵਾਲ, ਮਲਕੀਅਤ ਸਿੰਘ ਝੱਲੀ, ਕੁਲਵੰਤ ਸਿੰਘ ਸ਼ਾਹ ਅਤੇ ਭਾਰਤ ਤੋਂ ਸੁਖਦੇਵ ਸਿੰਘ ਸੰਧੂ, ਕੁਲਦੀਪ ਸਿੰਘ (ਕਰਨਾਲ) ਕਾਹਲੋਂ ਸਮੇਤ ਕਈ ਅਹਿਮ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ।

# ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਕਬੱਡੀ ਟੂਰਨਾਮੈਂਟ ’ਚ ਹੁੰਮਹੁਮਾ ਕੇ ਪਹੁੰਚੇ ਦਰਸ਼ਕ






## ਗੈਰੀ ਸੰਧੂ ਤੇ ਜੈਸਮੀਨ ਸੈਂਡਲਸ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ

**ਸ਼ਿਕਾਗੋ/ਏਟੀ ਨਿਊਜ਼ :** ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ ਦੁਆਰਾ 7 ਜੁਲਾਈ, 2019 ਨੂੰ ਇਲੀਨੋਈਸ ਦੇ ਬੂਸੀ ਵੁਡਜ਼ ਐਲਕ ਗਰੋਵ ਵਿਖੇ ਵਿਸ਼ਾਲ, ਰੋਮਾਂਚਕ ਕਬੱਡੀ ਮੁਕਾਬਲੇ ਕਰਵਾਏ ਗਏ। ਇਸ ਮੌਕੇ ਦਰਸ਼ਕਾਂ ਨੇ ਨਾਲ ਹੀ ਗੀਤ-ਸੰਗੀਤ ਅਤੇ ਸਵਾਦਲੇ ਖਾਣਿਆਂ ਦਾ ਵੀ ਪੂਰੇ ਦਿਨ ਲੁਤਫ ਲਿਆ। ਇਸ ਟੂਰਨਾਮੈਂਟ ਵਿਚ ਇੰਡੀਆਨਾ, ਮਿਸ਼ੀਗਨ, ਵਿਸਕਾਨਸਿਨ, ਨਿਊਯਾਰਕ, ਕੈਲੀਫੋਰਨੀਆ ਅਤੇ ਇਲੀਨੋਇਸ ਦੇ ਸ਼ਹਿਰਾਂ ਤੋਂ ਖਿਡਾਰੀ ਤੇ ਦਰਸ਼ਕ ਆਏ ਹੋਏ ਸਨ। ਸ਼ੁਰੂਆਤ ਸਿੱਖ ਧਾਰਮਿਕ ਸੁਸਾਇਟੀ (ਗੁਰਦੁਆਰਾ ਸਾਹਿਬ ਪਲਾਟਾਈਨ) ਦੇ ਹੈੱਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਦੁਆਰਾ ‘ਅਰਦਾਸ’ ਨਾਲ ਕੀਤੀ ਗਈ। ਕਲੱਬ ਦੇ ਮੈਂਬਰਾਂ ਅਤੇ ਆਏ ਮਹਿਮਾਨਾਂ ਨੇ ਮੇਲੇ ਦੇ ਸ਼ਾਨਦਾਰ ਉਦਘਾਟਨ ਮੌਕੇ ਰੰਗਦਾਰ ਗੁਬਾਰੇ ਹਵਾ ਵਿਚ ਉਡਾਏ।

ਪੰਜਾਬ ਸਪੋਰਟਸ ਕਲੱਬ ਸਿਆਟਲ ਨੂੰ ਕਬੱਡੀ ਮੁਕਾਬਲਿਆਂ ਵਿਚ ਪਹਿਲਾ ਸਥਾਨ ਮਿਲਿਆ ਅਤੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਨੂੰ ਉਪ ਜੇਤੂ ਐਲਾਨਿਆ ਗਿਆ। ਕਬੱਡੀ ਟੂਰਨਾਮੈਂਟ ਵਿਚ ਪੰਜਾਬ ਸਪੋਰਟਸ ਕਲੱਬ ਸਿਆਟਲ, ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸ਼ਿਕਾਗੋ, ਇੰਡੀਆ-ਏਸ਼ੀਆ ਕਬੱਡੀ ਟੀਮ ਅਤੇ ਨੌਰਥ ਸਪੋਰਟਸ ਕਬੱਡੀ ਕਲੱਬ ਦੀਆਂ ਕੁੱਲ ਚਾਰ ਟੀਮਾਂ ਨੇ ਹਿੱਸਾ ਲਿਆ। ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸਿਆਟਲ ਦੀ ਟੀਮ ਬਰੇਟੀ ਗਿੱਲ, ਮੋਹਨਾ ਸਿਆਟਲ, ਸੰਦੀਪ ਅਤੇ ਵਰਿੰਦਰ ਵੱਲੋਂ ਸਪਾਂਸਰਡ ਸੀ।

ਪਹਿਲਾ ਮੈਚ ਸ਼ੇਰੇ ਪੰਜਾਬ ਸਪੋਰਟਸ ਕਲੱਬ ਸਿਆਟਲ ਅਤੇ ਇੰਡੀਆ-ਏਸ਼ੀਆ ਟੀਮਾਂ ਵਿਚਾਲੇ ਖੇਡਿਆ ਗਿਆ, ਜਿਸ ਵਿਚ ਸ਼ੇਰੇ ਪੰਜਾਬ ਸਪੋਰਟਸ ਕਲੱਬ ਸਿਆਟਲ  ਦੀ ਟੀਮ 28-20 ਅੰਕਾਂ ਨਾਲ ਜੇਤੂ ਰਹੀ। ਦੂਸਰੇ ਮੈਚ ਵਿੱਚ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੀ ਟੀਮ ਉੱਤਰੀ ਅਮਰੀਕਾ ਸਪੋਰਟਸ ਕਲੱਬ ਤੋਂ 31 ਅੰਕਾਂ ਦੇ ਮੁਕਾਬਲੇ 37 ਅੰਕਾਂ ਨਾਲ ਜੇਤੂ ਰਹੀ। ਪਹਿਲਾ ਸੈਮੀਫਾਈਨਲ ਉੱਤਰੀ ਅਮਰੀਕਾ ਸਪੋਰਟਸ ਕਬੱਡੀ ਕਲੱਬ ਅਤੇ ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸਿਆਟਲ ਦਰਮਿਆਨ ਖੇਡਿਆ ਗਿਆ। ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸਿਆਟਲ ਨੇ ਨੌਰਥ ਅਮਰੀਕਾ ਸਪੋਰਟਸ ਕਬੱਡੀ ਕਲੱਬ ਨੂੰ ਹਰਾਉਣ ਤੋਂ ਬਾਅਦ ਫਾਈਨਲਜ਼ ਵਿਚ ਜਗ੍ਹਾ ਬਣਾਈ।

ਦੂਜੇ ਸੈਮੀਫਾਈਨਲ ਵਿਚ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ 32 ਅੰਕਾਂ ਨਾਲ ਜੇਤੂ ਰਿਹਾ। ਇੰਡੀਆ ਏਸ਼ੀਆ ਕਲੱਬ 32 ਅੰਕਾਂ ਨਾਲ ਉਪ ਜੇਤੂ ਬਣਿਆ।

ਫਾਈਨਲ ਮੁਕਾਬਲਾ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਅਤੇ ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸਿਆਟਲ ਦਰਮਿਆਨ ਹੋਇਆ। ਜਿਸ ਵਿਚ ਸ਼ੇਰੇ ਪੰਜਾਬ ਕਲੱਬ ਸਿਆਟਲ ਦੀ ਟੀਮ ਜੇਤੂ ਰਹੀ। ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੀ ਪ੍ਰਤੀਨਿਧਤਾ ਕਰ ਰਹੇ ਧਾਵੀ ਖੁਸ਼ੀ, ਯਾਦ ਕੋਟਲੀ, ਪਹਿਲਵਾਨ ਕਾਹਲਵਾਂ, ਭਿੰਡਰ, ਰੇਡਰ ਰਵੀ, ਪਾਲੀ ਅਤੇ ਮੰਨਾ ਨੇ ਆਪਣੀ ਟੀਮ ਨੂੰ ਜਿੱਤ ਦਾ ਸਨਮਾਨ ਦਿਵਾਉਣ ਲਈ ਪੂਰੀ ਵਾਹ ਲਾਈ। ਪਰ ਚੋਟੀ ਦੇ ਸਥਾਨ ਨੂੰ ਹਾਸਲ ਕਰਨ ਵਿਚ ਖੁੰਝ ਗਏ। ਮੰਨਾ ਬਾਲਨੂ ਨੂੰ ਸਰਬੋਤਮ ਰੇਡਰ ਚੁਣਿਆ ਗਿਆ ਅਤੇ ਪਾਲਾ ਜਲਾਲਪੁਰ ਸਰਬੋਤਮ ਜਾਫੀ ਐਲਾਨੇ ਗਏ। ਅਮੋਲਕ ਸਿੰਘ ਜਾਖਲ ਅਤੇ ਇਕਬਾਲ ਸਿੰਘ ਗਾਖਲ ਨੇ ਬੈਸਟ ਰੇਡਰ ਅਤੇ ਬੈਸਟ ਜਾਫੀ ਨੂੰ 500-500 ਡਾਲਰ ਦੇ ਨਕਦ ਇਨਾਮ ਦਿੱਤੇ। ਰੀਗਲ ਜਵੇਲਰਜ਼ ਵੱਲੋਂ ਬੈਸਟ ਰੇਡਰ ਅਤੇ ਬੈਸਟ ਜਾਫੀ ਨੂੰ ਇਨਾਮ ਦੇਣ ਲਈ ਸੋਨੇ ਦੇ ਸਿੱਕੇ ਦਿੱਤੇ ਗਏ। ਮਿਲਵਾਕੀ ਦੇ ਕਾਰੋਬਾਰੀ ਦਰਸ਼ਨ ਸਿੰਘ ਧਾਲੀਵਾਲ ਨੇ ਆਪਣੇ ਪਿਤਾ ਸੂਬੇਦਾਰ ਕਰਤਾਰ ਸਿੰਘ ਦੀਆਂ ਯਾਦਾਂ ਦਾ ਸਨਮਾਨ ਕਰਦਿਆਂ ਪਹਿਲੇ ਇਨਾਮ ਨੂੰ ਸਪਾਂਸਰ ਕੀਤਾ। ਦੂਜਾ ਇਨਾਮ ਇੰਡੀਆਨਾ ਦੇ ਘੁਮਾਣ ਬ੍ਰਦਰਜ਼ ਦੁਆਰਾ ਉਨ੍ਹਾਂ ਦੇ ਸਵਰਗਵਾਸੀ ਭਰਾ ਹਰਭਜਨ ਸਿੰਘ ਘੁੰਮਣ ਦੀ ਯਾਦ ਵਿਚ ਦਿੱਤਾ ਗਿਆ। ਰਾਜਾ ਤਾਲਨ, ਰਾਜਾ ਭੰਡਾਲ, ਦਿਲਬਾਗ ਹੋਠੀ ਅਤੇ ਨੀਲੋਨ ਨੇ ਰੈਫਰੀਆਂ ਵਜੋਂ ਕੰਮ ਕੀਤਾ। ਰਘਵਿੰਦਰ ਸਿੰਘ ਮਾਹਲ ਨੇ ਸਕੋਰਰ ਦੀਆਂ ਡਿਊਟੀਆਂ ਨਿਭਾਈਆਂ।

ਇਸ ਮੌਕੇ ਚਾਰ ਟੀਮਾਂ ਭਗਤ ਸਿੰਘ ਸਪੋਰਟਸ ਕਲੱਬ ਸ਼ਿਕਾਗੋ, ਵਾਲੀਬਾਲ ਸ਼ਿਕਾਗੋ-ਬੀ ਟੀਮ, ਮੈਡੀਸਨ ਵਾਲੀਬਾਲ ਅਤੇ ਮਿਲਵਾਕੀ ਦੀਆਂ ਟੀਮਾਂ ਵਿਚਕਾਰ ਵਾਲੀਬਾਲ ਦੇ ਮੁਕਾਬਲੇ ਵੀ ਕਰਵਾਏ ਗਏ। ਇਸ ‘ਚ ਭਗਤ ਸਿੰਘ ਸਪੋਰਟਸ ਕਲੱਬ ਸ਼ਿਕਾਗੋ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦਕਿ ਮਿਲਵਾਕੀ ਦੀ ਟੀਮ ਨੇ ਦੂਸਰਾ ਸਥਾਨ ਹਾਸਲ ਕੀਤਾ। ਰਣਦੀਪ ਸਿੰਘ ਸੰਘੇੜਾ, ਸ਼ਾਨ ਸੰਘੇੜਾ, ਮੈਥਿ,, ਟੋਨੀ ਸੰਘੇੜਾ ਅਤੇ ਫਿਲਿਪਸ ਦਾ ਸ਼ਾਨਦਾਰ ਪ੍ਰਦਰਸ਼ਨ ਜ਼ਿਕਰਯੋਗ ਸੀ। ਮਿਲਵਾਕੀ ਟੀਮ ਵਿਚ ਰਾਜ, ਗੋਪੀ, ਭੁਪਿੰਦਰ, ਵਿੱਕੀ, ਧਰਮ ਅਤੇ ਰਵੀ ਸ਼ਾਨਦਾਰ ਪ੍ਰਦਰਸ਼ਨ ਵਾਲੇ ਖਿਡਾਰੀ ਰਹੇ। ਵਾਲੀਬਾਲ ਟੂਰਨਾਮੈਂਟ ਮਰਹੂਮ ਹਰਭਜਨ ਸਿੰਘ ਗਾਖਲ, ਹਰਜਾਪ ਸਿੰਘ ਸੰਘਾ ਅਤੇ ਮੇਜਰ ਸਿੰਘ ਮੌਜੀ ਦੀਆਂ ਯਾਦਾਂ ਨੂੰ ਸਮਰਪਿਤ ਕੀਤਾ ਗਿਆ। ਵਾਲੀਬਾਲ ਜੇਤੂਆਂ ਨੂੰ ਇਨਾਮ ਦੀ ਰਕਮ ਲੱਖਾ ਢੀਂਡਸਾ ਅਤੇ ਅਮਰਜੀਤ ਢੀਂਡਸਾ ਨੇ ਸਪਾਂਸਰ ਕੀਤੀ । ਮੈਨੇਜਮੈਂਟ ਨੇ ਸਾਰੇ ਸਪਾਂਸਰਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ।

ਮੇਲੇ ਵਿਚ ਸ਼ਾਨਦਾਰ ਖਾਣ ਪੀਣ ਦੇ ਸਟਾਲਾਂ ਦਾ ਵਧੀਆ ਪ੍ਰਬੰਧ ਸੀ। ਲੋਕਾਂ ਨੇ  ਇੰਡੀਆ ਕੈਫੇ ਮਿਲਵਾਕੀ ਦੁਆਰਾ ਤਿਆਰ ਕੀਤੇ ਜਲੇਬੀਆਂ, ਗੁਲਾਬ ਜਾਮੁਨ, ਸਮੋਸੇ, ਗੋਲ ਗੱਪੇ ਅਤੇ ਗਰਮ ਚਾਹ ਸਮੇਤ ਹੋਰ ਪਕਵਾਨਾਂ ਦਾ ਆਨੰਦ ਲਿਆ। ਈਵੈਂਟ ਮੈਨੇਜਮੈਂਟ ਕਮੇਟੀ ਨੇ ਪੂਰੇ ਖੇਤਰ ਵਿਚ ਸਫਾਈ ਵਿਵਸਥਾ ਬਣਾਈ ਰੱਖਣ ਲਈ ਪ੍ਰਭਾਵਸ਼ਾਲੀ ਪ੍ਰਬੰਧ ਕੀਤੇ ਸਨ। ਗੀਤ-ਸੰਗੀਤ ਦੌਰਾਨ ਗੈਰੀ ਸੰਧੂ ਨੇ ਕਈ ਪੰਜਾਬੀ ਗਾਣੇ ਸੁਣਾਏ। ਆਪਣੀ ਸਹਿ-ਗਾਇਕਾ ਜੈਸਮੀਨ ਸੈਂਡਲਜ਼ ਨਾਲ ਦੋਗਾਣੇ ਤੇ ਬੋਲੀਆਂ ਪੇਸ਼ ਕੀਤੀਆਂ। ਸਟੇਜ ਦਾ ਸੰਚਾਲਨ ਹੈਪੀ ਹੀਰ, ਡਾ: ਹਰਜਿੰਦਰ ਸਿੰਘ ਖਹਿਰਾ ਅਤੇ ਗੁਰਮੁਖ ਭੁੱਲਰ ਨੇ ਕੀਤਾ। ਲਖਬੀਰ ਸਿੰਘ ਸੰਧੂ ਅਤੇ ਪਾਲ ਧਾਲੀਵਾਲ ਸਵੇਰ ਤੋਂ ਹੀ ਪ੍ਰਬੰਧਕਾਂ ਦੀ ਸਹਾਇਤਾ ਵਿੱਚ ਰੁੱਝੇ ਹੋਏ ਸਨ। ਚੇਅਰਮੈਨ ਲਵ ਮਿਨਹਾਸ, ਚੀਫ ਰਾਜਿੰਦਰ ਸਿੰਘ ਦਿਆਲ, ਮੀਤ ਚੀਫ਼ ਅੰਮ੍ਰਿਤਪਾਲ ਸਿੰਘ ਸੰਘਾ ਅਤੇ ਕਲੱਬ ਦੇ ਮੈਂਬਰਾਂ ਹੈਪੀ ਹੀਰ, ਨਰਿੰਦਰ ਸਰਾਂ, ਹਰਵਿੰਦਰ ਸਿੰਘ ਬਿੱਲਾ, ਜਸਕਰਨ ਸਿੰਘ ਧਾਲੀਵਾਲ, ਲਵਦੀਪ ਸਿੰਘ ਦੁੱਲਤ, ਡਾ. ਹਰਜਿੰਦਰ ਸਿੰਘ ਖਹਿਰਾ , ਗੁਰਮੀਤ ਸਿੰਘ ਭੋਲਾ, ਲਖਵੀਰ ਸਿੰਘ ਸਹੋਤਾ,ਹਰਦੀਪ ਗਿੱਲ, ਮਿੱਢਾ ਮਾਹਿਲਪੁਰੀਆ ਅਤੇ ਯਾਦਵਿੰਦਰ ਸਿੰਘ ਗਰੇਵਾਲ ਨੇ ਟੂਰਨਾਮੈਂਟ ਦੀ ਸਫਲਤਾ ਲਈ ਸ਼ਲਾਘਾਯੋਗ ਭੂਮਿਕਾ ਨਿਭਾਈ।

# ਉਨਾਵ ਬਲਾਤਕਾਰ ਕਾਂਡ ਦੇ ਦੋਸ਼ੀ ਭਾਜਪਾ ਵਿਧਾਇਕ ਕੁਲਦੀਪ ਸੇਂਗਰ 'ਤੇ ਹੱਤਿਆ ਦਾ ਕੇਸ ਦਰਜ

○ ਪੀੜਤਾ ਦੇ ਪਰਿਵਾਰ ਨੂੰ ਟਰੱਕ ਹਾਦਸੇ 'ਚ ਮਰਵਾਉਣ ਦੇ ਲੱਗੇ ਦੋਸ਼, ਪੀੜਤਾ ਸਖ਼ਤ ਜ਼ਖ਼ਮੀ ਹਸਪਤਾਲ 'ਚ ਦਾਖ਼ਲ ○ ਵਕੀਲ ਗੰਭੀਰ ਹਾਲਤ 'ਚ ਹਸਪਤਾਲ 'ਚ ਦਾਖ਼ਲ

ਪੁਲੀਸ ਨੇ ਪੀੜਤਾ ਦੇ ਪਿਤਾ ਨੂੰ ਕੇਸ ਵਾਪਸ ਲੈਣ ਲਈ ਥਾਣੇ 'ਚ ਧਮਕਾਇਆ ਤੇ ਵਿਧਾਇਕ ਦੇ ਭਰਾ ਦੇ ਕਹਿਣ 'ਤੇ ਨਜਾਇਜ਼ ਹਥਿਆਰ ਪਾ ਕੇ ਜੇਲ੍ਹ 'ਚ ਸੁੱਟਿਆ

**ਲਖਨਊ/ਏਟੀ ਨਿਊਜ਼ :**
ਉੱਤਰ ਪ੍ਰਦੇਸ਼ ਦੇ ਉਨਾਵ ਬਲਾਤਕਾਰ ਕਾਂਡ ਵਿੱਚ ਉਸ ਸਮੇਂ ਦੁਖਦਾਈ ਮੋੜ ਆ ਗਿਆ ਹੈ, ਜਦੋਂ ਬੀਤੇ ਦਿਨੀਂ ਇੱਕ ਟਰੱਕ ਨੇ ਉਸ ਕਾਰ ਨੂੰ ਟੱਕਰ ਮਾਰ ਦਿੱਤੀ, ਜਿਸ ਵਿੱਚ ਬਲਾਤਕਾਰ ਦੀ ਸ਼ਿਕਾਰ ਲੜਕੀ ਤੇ ਉਸ ਦੇ ਪਰਿਵਾਰ ਦੇ ਮੈਂਬਰ ਸਵਾਰ ਸਨ। ਇਸ ਹਾਦਸੇ ਵਿੱਚ ਪੀੜਤ ਲੜਕੀ ਦੀ ਚਾਚੀ ਤੇ ਮਾਸੀ ਦੀ ਮੌਤ ਹੋ ਗਈ ਅਤੇ ਪੀੜਤ ਲੜਕੀ ਤੇ ਉਸ ਦੇ ਵਕੀਲ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਦਾਖ਼ਲ ਕਰਾਇਆ ਗਿਆ ਹੈ। ਦੋਹਾਂ ਜ਼ਖ਼ਮੀਆਂ ਦੀ ਹਾਲਤ ਚਿੰਤਾਜਨਕ ਹੈ। ਇੱਥੇ ਜ਼ਿਕਰਯੋਗ ਹੈ ਕਿ ਇਸ ਬਲਾਤਕਾਰ ਕਾਂਡ ਦਾ ਮੁੱਖ ਦੋਸ਼ੀ ਬਾਂਗਰਮਊ ਤੋਂ ਭਾਜਪਾ ਦਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਹੈ। ਮਿਤੀ 4 ਜੂਨ 2017 ਨੂੰ ਉਨਾਵ ਦੀ ਰਹਿਣ ਵਾਲੀ ਇੱਕ 17 ਸਾਲਾ ਲੜਕੀ ਨੇ ਦੋਸ਼ ਲਾਇਆ ਸੀ ਕਿ ਜਦੋਂ ਉਹ ਆਪਣੀ ਇੱਕ ਰਿਸ਼ਤੇਦਾਰ ਨਾਲ ਵਿਧਾਇਕ ਸੇਂਗਰ ਦੇ ਘਰ ਨੌਕਰੀ ਮੰਗਣ ਗਈ ਸੀ ਤਾਂ ਵਿਧਾਇਕ ਨੇ ਉਸ ਨਾਲ ਬਲਾਤਕਾਰ ਕੀਤਾ ਸੀ। ਇਸ ਤੋਂ ਬਾਅਦ ਪੀੜਤ ਲੜਕੀ ਅਚਾਨਕ ਗਾਇਬ ਹੋ ਗਈ, ਜਿਸ ਦੀ ਗੁੰਮਸ਼ੁਦਗੀ ਦੀ ਰਿਪੋਰਟ ਉਸ ਦੀ ਮਾਂ ਵੱਲੋਂ 12 ਜੂਨ ਨੂੰ ਦਰਜ ਕਰਾਈ ਗਈ। 20 ਜੂਨ ਨੂੰ ਪੁਲਸ ਨੇ ਲੜਕੀ ਨੂੰ ਔਰੱਈਆ ਜ਼ਿਲ੍ਹੇ ਦੇ ਇੱਕ ਪਿੰਡ ਵਿੱਚੋਂ ਬਰਾਮਦ ਕਰ ਲਿਆ। 22 ਜੂਨ ਨੂੰ ਪੁਲਸ ਨੇ ਪੀੜਤਾ ਨੂੰ ਅਦਾਲਤ ਵਿੱਚ ਪੇਸ਼ ਕਰਕੇ ਉਸ ਦੇ ਬਿਆਨ ਦਰਜ ਕਰਾਏ, ਪਰ ਇਨ੍ਹਾਂ ਬਿਆਨਾਂ ਵਿੱਚ ਵਿਧਾਇਕ ਕੁਲਦੀਪ ਸੇਂਗਰ ਦਾ ਨਾਂ ਨਹੀਂ ਸੀ। ਬਾਅਦ ਵਿੱਚ ਪੀੜਤ ਨੇ ਦੋਸ਼ ਲਾਇਆ ਕਿ ਪੁਲਸ ਵੱਲੋਂ ਉਸ ਉੱਤੇ ਵਿਧਾਇਕ ਦਾ ਨਾਂ ਨਾ ਲੈਣ ਲਈ ਦਬਾਅ ਪਾਇਆ ਗਿਆ ਸੀ। 30 ਜੂਨ ਨੂੰ ਪੁਲਸ ਨੇ ਪੀੜਤਾ ਨੂੰ ਪਰਿਵਾਰ ਦੇ ਹਵਾਲੇ ਕੀਤਾ ਤਾਂ ਇਹ ਗੱਲ ਸਾਹਮਣੇ ਆਈ ਕਿ ਪੁਲਸ ਵੱਲੋਂ ਕੁੜੀ ਨੂੰ ਟਾਰਚਰ ਕੀਤਾ ਗਿਆ ਸੀ। ਉਸ ਉਪਰੰਤ 17 ਅਗਸਤ 2017 ਨੂੰ ਪੀੜਤਾ ਨੇ ਵੱਖ-ਵੱਖ ਧੱਧਰਾਂ ਉੱਤੇ 4 ਜੂਨ ਦੀ ਘਟਨਾ ਦਾ ਵੇਰਵਾ ਦੇ ਕੇ ਸ਼ਿਕਾਇਤ ਪੱਤਰ ਦਿੱਤੇ, ਪਰ ਪੁਲਸ ਨੇ ਫਿਰ ਵੀ ਵਿਧਾਇਕ ਦੇ ਵਿਰੁੱਧ ਕੋਈ ਕਾਰਵਾਈ ਨਾ ਕੀਤੀ। ਆਖ਼ਿਰ 24 ਫ਼ਰਵਰੀ 2018 ਨੂੰ ਪੀੜਤਾ ਦੀ ਮਾਂ ਨੇ ਉਨਾਵ ਦੀ ਚੀਫ਼ ਮੈਜਿਸਟ੍ਰੇਟ ਅਦਾਲਤ ਵਿੱਚ ਅਰਜੀ ਦੇ ਕੇ ਐੱਫ਼ ਆਈ ਆਰ ਦਰਜ ਕਰਨ ਦੀ ਮੰਗ ਕੀਤੀ। 3 ਅਪ੍ਰੈਲ ਨੂੰ ਇਸ ਅਰਜ਼ੀ ਉੱਤੇ ਸੁਣਵਾਈ ਸ਼ੁਰੂ ਹੋਈ। ਇਸੇ ਦਿਨ ਹੀ ਪੁਲਸ ਨੇ ਪਰਿਵਾਰ ਉੱਤੇ ਦਬਾਅ ਬਣਾਉਣ ਲਈ ਪੀੜਤਾ ਦੇ ਪਿਤਾ ਨੂੰ ਗ੍ਰਿਫ਼ਤਾਰ ਕਰਕੇ ਥਾਣੇ ਲੈ ਆਂਦਾ। ਉੱਥੇ ਉਸ ਨੂੰ ਵਿਧਾਇਕ ਦੇ ਭਰਾ ਅਤੁਲ ਕੁਮਾਰ ਤੇ ਉਸ ਦੇ ਸਾਥੀਆ ਨੇ ਬੁਰੀ ਤਰ੍ਹਾਂ ਕੁੱਟਿਆ ਅਤੇ ਨਾਜਾਇਜ਼ ਹਥਿਆਰ ਰੱਖਣ ਦੇ ਦੋਸ਼ ਹੇਠ ਮੁਕੱਦਮਾ ਦਰਜ ਕਰਕੇ 5 ਅਪ੍ਰੈਲ ਨੂੰ ਜੇਲ੍ਹ ਭੇਜ ਦਿੱਤਾ। ਜੇਲ੍ਹ ਭੇਜੇ ਜਾਣ ਤੋਂ ਕੁਝ ਸਮੇਂ ਬਾਅਦ ਹੀ ਲੜਕੀ ਦੇ ਪਿਤਾ ਦੀ ਹਸਪਤਾਲ ਵਿੱਚ ਮੌਤ ਹੋ ਗਈ। ਇਸ ਤੋਂ ਪਹਿਲਾਂ ਹੀ ਲੜਕੀ ਦੇ ਪਿਤਾ ਦਾ ਸੋਸ਼ਲ ਮੀਡੀਆ ਉੱਤੇ ਇੱਕ ਵੀਡੀਓ ਵਾਇਰਲ ਹੋ ਗਿਆ, ਜਿਸ ਵਿੱਚ ਉਹ ਕਹਿ ਰਿਹਾ ਸੀ ਕਿ ਵਿਧਾਇਕ ਦੇ ਭਰਾ ਤੇ ਉਸ ਦੇ ਸਾਥੀਆਂ ਨੇ ਪੁਲਸ ਸਾਹਮਣੇ ਹੀ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ ਸੀ। 8 ਅਪ੍ਰੈਲ ਨੂੰ ਪੀੜਤਾ ਨੇ ਵਿਧਾਇਕ ਵਿਰੁੱਧ ਕੇਸ ਦਰਜ ਕਰਨ ਦੀ ਮੰਗ ਨੂੰ ਲੈ ਕੇ ਮੁੱਖ ਮੰਤਰੀ ਯੋਗੀ ਦੇ ਸਰਕਾਰੀ ਘਰ ਅੱਗੇ ਆਤਮਦਾਹ ਕਰਨ ਦੀ ਕੋਸ਼ਿਸ਼ ਕੀਤੀ। ਉਪਰਲੇ ਹੁਕਮ ਆਉਣ ਉੱਤੇ ਸੰਬੰਧਤ ਥਾਣੇ ਦੇ ਮੁਖੀ ਸਮੇਤ 6 ਪੁਲਸ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਵਿਧਾਇਕ ਦੇ ਭਰਾ ਤੇ ਉਸ ਦੇ 4 ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।




ਅਲਾਹਾਬਾਦ ਹਾਈ ਕੋਰਟ ਨੇ ਕੇਸ ਨੂੰ ਆਪਣੇ ਹੱਥਾਂ ਵਿੱਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ। ਰਾਜ ਸਰਕਾਰ ਨੇ ਵੀ ਮਾਮਲੇ ਨੂੰ ਵਧਦਾ ਵੇਖ ਕੇ ਇਸ ਕੇਸ ਨੂੰ ਸੀ ਬੀ ਆਈ ਨੂੰ ਸੌਂਪਣ ਦਾ ਆਦੇਸ਼ ਦੇ ਦਿੱਤਾ। ਸੀ ਬੀ ਆਈ ਨੇ ਕੁਲਦੀਪ ਸੇਂਗਰ ਨੂੰ ਪੁੱਛ-ਪੜਤਾਲ ਲਈ ਆਪਣੀ ਹਿਰਾਸਤ ਲੈ ਲਿਆ। ਬਾਅਦ ਵਿੱਚ ਇਲਾਹਾਬਾਦ ਹਾਈ ਕੋਰਟ ਦੇ ਹੁਕਮ ਉੱਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸੀ ਬੀ ਆਈ ਨੇ 11 ਜੁਲਾਈ ਨੂੰ ਕੁਲਦੀਪ ਵਿਰੁੱਧ ਚਾਰਜਸ਼ੀਟ ਦਾਖਲ ਕਰ ਦਿੱਤੀ ਅਤੇ 12 ਜੁਲਾਈ ਨੂੰ ਪੀੜਤਾ ਦੇ ਪਿਤਾ ਦੀ ਹੱਤਿਆ ਦੇ ਕੇਸ ਵਿੱਚ ਕੁਲਦੀਪ, ਉਸ ਦੇ ਭਰਾ ਤੇ ਤਿੰਨ ਪੁਲਸ ਮੁਲਾਜ਼ਮਾਂ ਵਿਰੁੱਧ ਦੂਜੀ ਚਾਰਜਸ਼ੀਟ ਦਾਖਲ ਕੀਤੀ ਗਈ। 18 ਅਗਸਤ 2018 ਨੂੰ ਇਸ ਕੇਸ ਦੇ ਇੱਕ ਗਵਾਹ ਦੀ ਭੇਦਭਰੀ ਹਾਲਤ ਵਿੱਚ ਮੌਤ ਹੋ ਗਈ ਤੇ ਬਿਨਾਂ ਪੋਸਟ-ਮਾਰਟਮ ਦੇ ਹੀ ਉਸ ਦਾ ਜਲਦਬਾਜ਼ੀ ਵਿੱਚ ਸਸਕਾਰ ਕਰ ਦਿੱਤਾ ਗਿਆ।

ਇਸ ਘਟਨਾਕ੍ਰਮ ਤੋਂ ਇਹੋ ਸਿੱਟਾ ਨਿਕਲਦਾ ਹੈ ਕਿ ਪੀੜਤਾ ਤੇ ਪਰਿਵਾਰ ਨਾਲ ਹੋਇਆ ਇਹ ਜਾਨਲੇਵਾ ਹਾਦਸਾ ਇਕ ਕਤਲ ਹੈ। ਟਰੱਕ ਦੀਆਂ ਨੰਬਰ ਪਲੇਟਾਂ ਉੱਤੇ ਗਰੀਸ ਲਾ ਕੇ ਬੇਪਛਾਣ ਕਰਨਾ, ਪੀੜਤਾ ਨੂੰ ਮਿਲੇ ਸੁਰੱਖਿਆ ਕਰਮਚਾਰੀਆਂ ਦਾ ਉਸ ਦੇ ਨਾਲ ਨਾ ਹੋਣਾ ਤੇ ਕਾਰ ਦੇ ਪਿੱਛੇ ਚੱਲ ਰਹੇ ਇੱਕ ਵਿਅਕਤੀ ਵੱਲੋਂ ਹਾਦਸੇ ਦੀ ਵੀਡੀਓ ਬਣਾ ਕੇ ਘਟਨਾ ਸਥਾਨ ਤੋਂ ਭੱਜ ਜਾਣਾ ਇਸੇ ਗੱਲ ਦੀ ਗਵਾਹੀ ਭਰਦਾ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਏਨੀ ਖੇਹ ਉਡਣ ਦੇ ਬਾਵਜੂਦ ਭਾਜਪਾ ਨੇ ਹਾਲੇ ਤੱਕ ਆਪਣੇ ਵਿਧਾਇਕ ਨੂੰ ਆਪਣੀ ਪਾਰਟੀ ਵਿੱਚ ਰੱਖਿਆ ਹੋਇਆ ਹੈ। ਏਨਾ ਹੀ ਨਹੀਂ, ਪਿਛਲੀਂ ਦਿਨੀਂ ਭਾਜਪਾ ਦੇ ਸਾਂਸਦ ਸਾਕਸ਼ੀ ਮਹਾਰਾਜ ਨੇ ਜੇਲ੍ਹ ਵਿੱਚ ਜਾ ਕੇ ਸੇਂਗਰ ਨਾਲ ਮੁਲਾਕਾਤ ਕੀਤੀ ਤੇ ਉਸ ਦੀ ਉਸਤਤ ਦੇ ਸੋਹਲੇ ਗਾਏ ਸਨ।

# ਇੰਡੀਅਨ ਓਵਰਸੀਜ਼ ਕਾਂਗਰਸ ਅਮਰੀਕਾ ਵੱਲੋਂ ਮੋਦੀ ਸਰਕਾਰ ਦੇ ਆਰਟੀਆਈ ਸੋਧ ਬਿੱਲ ਦਾ ਸਖਤ ਵਿਰੋਧ

**ਵਾਸ਼ਿੰਗਟਨ/ਏਟੀ ਨਿਊਜ਼ :**
ਇੰਡੀਅਨ ਓਵਰਸੀਜ਼ ਕਾਂਗਰਸ ਅਮਰੀਕਾ ਦੇ ਉਪ-ਚੇਅਰਮੈਨ ਜਾਰਜ ਅਬਰਾਹਿਮ ਨੇ ਕਿਹਾ ਹੈ ਕਿਭਾਰਤ ਸਰਕਾਰ ਵੱਲੋਂ ਹਾਲ ਹੀ ਵਿਚ ਕੀਤੀ ਗਈ ਆਰਟੀਆਈ ਐਕਟ ਵਿਚ ਸੋਧ ਇਸ ਪ੍ਰਸਿੱਧ ਕਾਨੂੰਨ ਦੀ ਮੌਤ ਸਮਾਨ ਹੈ, ਜਿਸ ਨੇ ਸਾਲ 2005 ਤੋਂ ਜਨਤਕ ਜੀਵਨ ਦੇ ਭ੍ਰਿਸ਼ਟਾਚਾਰ ਅਤੇ ਗ਼ਲਤ ਕੰਮਾਂ ਨੂੰ ਬੇਪਰਦ ਕਰ ਕੇ ਆਮ ਲੋਕਾਂ ਦੀ ਸੇਵਾ ਕੀਤੀ ਹੈ।22

ਉਨ੍ਹਾਂ ਕਿਹਾ ਕਿ ਐਨਡੀਏ ਸਰਕਾਰ ਦਾ ਉਦੇਸ਼ ਸਪੱਸ਼ਟ ਹੈ ਕਿ ਉਹ ਸੂਚਨਾ ਦੇ ਅਧਿਕਾਰ ਐਕਟ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ। ਬਿੱਲ ਨੂੰ ਇਸ ਤਰ੍ਹਾਂ ਖਤਮ ਕਰ ਕੇ ਮੋਦੀ ਹਕੂਮਤ ਭ੍ਰਿਸ਼ਟਾਚਾਰ ਵਿਚ ਸ਼ਾਮਲ ਲੋਕਾਂ ਤੇ ਪੂੰਜੀਪਤੀਆਂ ਦਾ ਬਚਾਅ ਕਰ ਰਹੀ ਹੈ। ਇਹ ਭਾਰਤ ਵਿਚ ਲੋਕਤੰਤਰੀ ਸੰਸਥਾਵਾਂ ਨੂੰ ਕਮਜ਼ੋਰ ਕਰਨ ਅਤੇ ਉਨ੍ਹਾਂ ਨੂੰ ਆਪਣੇ ਅਧੀਨ ਕਰਨ ਦੀ ਉਨ੍ਹਾਂ ਦੀ ਰਣਨੀਤੀ ਦੇ ਅਨੁਕੂਲ ਹੈ। ਸ੍ਰੀ ਅਬਰਾਹਿਮ ਨੇ ਅੱਗੇ ਕਿਹਾ ਕਿ ਨਿਊਜ਼ ਰਿਪੋਰਟਾਂ ਅਨੁਸਾਰ, 22 ਜੁਲਾਈ ਨੂੰ, ਲੋਕ ਸਭਾ ਨੇ ਆਰਟੀਆਈ ਸੋਧ ਬਿੱਲ, 2019 ਨੂੰ ਪਾਸ ਕਰ ਦਿੱਤਾ, ਜੋ ਕੇਂਦਰੀ ਅਤੇ ਰਾਜ ਦੇ ਸੂਚਨਾ ਕਮਿਸ਼ਨਰਾਂ ਨੂੰ ਦਿੱਤੇ ਕਾਰਜਕਾਲ, ਤਨਖਾਹਾਂ, ਭੱਤਿਆਂ ਅਤੇ ਸੇਵਾਵਾਂ ਦੀਆਂ ਸ਼ਰਤਾਂ ਨੂੰ ਹਟਾਉਂਦੀ ਹੈ। ਇਹ ਨਵੀਂ ਸੋਧ ਕਹਿੰਦੀ ਹੈ ਕਿ ਉਨ੍ਹਾਂ ਦਾ ਕਾਰਜਕਾਲ ਅਤੇ ਤਨਖਾਹਾਂ ਕੇਂਦਰ ਸਰਕਾਰ ਦੁਆਰਾ ਨਿਰਧਾਰਤ ਕੀਤੀਆਂ ਜਾਣਗੀਆਂ।

ਇਸ ਤਰ੍ਹਾਂ ਇਹ ਤਬਦੀਲੀਆਂ ਕਾਨੂੰਨ ਲਾਗੂ ਕਰਨ ਵਾਲੇ ਕਮਿਸ਼ਨਰਾਂ ਦੀ ਖੁਦਮੁਖਤਿਆਰੀ ਨੂੰ ਕਮਜ਼ੋਰ ਕਰਦੀਆਂ ਹਨ ਅਤੇ ਇਸ ਤਰ੍ਹਾਂ ਭਾਰਤ ਦੇ ਸਭ ਤੋਂ ਮਜ਼ਬੂਤ ਅਤੇ ਪਾਰਦਰਸ਼ਤਾ ਰੱਖਣ ਵਾਲੇ ਕਾਨੂੰਨ ਨੂੰ ਕਮਜ਼ੋਰ ਕੀਤਾ ਗਿਆ ਹੈ।

ਆਰਟੀਆਈ ਐਕਟ ਨੂੰ ਕਮਜ਼ੋਰ ਕਰਨ ਦੀ ਮੋਦੀ ਸਰਕਾਰ ਦੀ ਇਹ ਪਹਿਲੀ ਕੋਸ਼ਿਸ਼ ਨਹੀਂ ਹੈ। ਸਾਲ 2008 ਵਿਚ ਵੀ ਉਨ੍ਹਾਂ ਨੇ ਇਕ ਬਿੱਲ ਲਿਆਂਦਾ ਸੀ ਪਰ ਸਿਵਲ ਸੁਸਾਇਟੀ ਦੇ ਦਬਾਅ ਹੇਠ ਵਾਪਸ ਲੈਣਾ ਪਿਆ ਸੀ। ਕੇਂਦਰ ਸਰਕਾਰ ਨੂੰ ਉਨ੍ਹਾਂ ਦੀਆਂ ਤਨਖਾਹਾਂ ਅਤੇ ਕਾਰਜਕਾਲਾਂ ਦਾ ਫ਼ੈਸਲਾ ਕਰਨ ਦੀ ਤਾਕਤ ਲੈਣ ਦੇ ਨਾਲ, ਪ੍ਰਸਤਾਵਿਤ ਸੋਧਾਂ ਰਾਜ ਸਰਕਾਰਾਂ ਦੇ ਅਧਿਕਾਰ ਅਤੇ ਸੰਘਵਾਦ ਦੀ ਭਾਵਨਾ ਨੂੰ ਕਮਜ਼ੋਰ ਕਰਦੀਆਂ ਹਨ ਅਤੇ ਕੇਂਦਰ ਸਰਕਾਰ ਕੋਲ ਸ਼ਕਤੀਆਂ ਨੂੰ ਕੇਂਦਰਿਤ ਕਰਦੀਆਂ ਹਨ।

ਐਮਪੀ. ਸ਼ਸ਼ੀ ਥਰੂਰ ਕੇਰਲਾ ਨੇ ਵੀ ਇਸ ਸੋਧ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਇਹ ਆਰਟੀਆਈ ਸੋਧ ਬਿੱਲ ਨਹੀਂ ਬਲਕਿ ਆਰਟੀਆਈ ਐਕਟ ਖਾਤਮਾ ਬਿੱਲ ਹੈ ਜੋ ਆਜ਼ਾਦੀ ਅਤੇ ਸੰਘਵਾਦ ਦੇ ਸੰਵਿਧਾਨਕ ਸਿਧਾਂਤਾਂ ਦੀ ਉਲੰਘਣਾ ਕਰਦਾ ਹੈ ਅਤੇ ਆਰਟੀਆਈ ਕਮਿਸ਼ਨਰਾਂ ਦੇ ਅਧਿਕਾਰ ਨੂੰ ਕਮਜ਼ੋਰ ਕਰਦਾ ਹੈ।

## ਬੀਬੀ ਗੁਰਮੇਜ ਕੌਰ ਤੇ ਉਨ੍ਹਾਂ ਦੀ ਨੂੰਹ ਨਾਲ ਲੁੱਟ-ਖੋਹ

**ਸੈਨਹੋਜ਼ੇ/ਏਟੀ ਨਿਊਜ਼ :** ਪਿਛਲੇ ਚਾਲ੍ਹੀ ਕੁ ਸਾਲ ਤੋਂ ਸੈਨਹੋਜ਼ੇ ਦੇ ਮੋਂਟਰੇ ਰੋਡ 'ਤੇ ਰਹਿਣ ਵਾਲੇ ਬੀਬੀ ਗੁਰਮੇਜ ਕੌਰ ਸੁਪਤਨੀ ਸਵਰਗੀ ਮਹਿੰਦਰ ਸਿੰਘ ਅਤੇ ਉਨ੍ਹਾਂ ਦੀ ਨੂੰਹ ਬੀਬੀ ਅਮਰਜੀਤ ਕੌਰ ਕੋਲੋਂ ਤਿੰਨ ਲੁਟੇਰੀਆਂ ਕੁੜੀਆਂ ਪਰਸ ਖੋਹ ਕੇ ਦੌੜ ਗਈਆਂ। 27 ਜੁਲਾਈ ਦੀ ਸ਼ਾਮ ਸਾਢੇ ਕੁ ਛੇ ਵਜੇ, ਜਦੋਂ ਉਹ ਬਲੌਸਮ ਹਿਲਜ਼ ਰੋਡ 'ਤੇ ਸਥਿਤ ਮੈਸ੍ਰੀ ਸਟੋਰ ਤੋਂ ਖਰੀਦੋ-ਫਰੋਖਤ ਕਰਨ ਉਪਰੰਤ ਪਾਰਕਿੰਗ ਲਾਟ ਵਿਚ ਖੜ੍ਹੀ ਆਪਣੀ ਕਾਰ ਨੇੜੇ ਆਈਆਂ ਤਾਂ ਅਚਾਨਕ ਪਿੱਛੋਂ ਆਈ ਇਕ ਕਾਰ ਵਿਚੋਂ ਅੱਲੜ੍ਹ ਉਮਰ ਦੀਆਂ ਤਿੰਨ ਕੁੜੀਆਂ ਅਮਰਜੀਤ ਕੌਰ ਉੱਤੇ ਝਪਟ ਪਈਆਂ ਤੇ ਉਸ ਦਾ ਬੈਗ (ਪਰਸ) ਖਿੱਚਣ ਲੱਗੀਆਂ। ਨੂੰਹ ਦਾ ਰੌਲ਼ਾ ਸੁਣ ਕੇ ਬੀਬੀ ਗੁਰਮੇਜ ਕੌਰ ਨੇ ਡੰਗੋਰੀ ਦੇ ਤੌਰ 'ਤੇ ਹੱਥ ਵਿਚ ਫੜੀ ਸਟਿੱਕ ਇਕ ਲੁਟੇਰੀ ਦੀ ਬਾਂਹ 'ਤੇ ਮਾਰੀ। ਉਸ ਕੁੜੀ ਨੇ ਜ਼ੋਰ ਦੀ ਧੱਕਾ ਮਾਰ ਕੇ ਗੁਰਮੇਜ ਕੌਰ ਨੂੰ ਥੱਲੇ ਸੁੱਟ ਦਿੱਤਾ। ਡਿੱਗਦੇ ਸਾਰ ਹੀ ਲੁਟੇਰੀ ਕੁੜੀ ਨੇ ਉਸ ਦਾ ਵੀ ਪਰਸ ਖੋਹ ਲਿਆ। ਇਸ ਤੋਂ ਬਾਅਦ ਉਹ ਤਿੰਨੋਂ ਜਣੀਆਂ ਕਾਰ ਵਿਚ ਫਰਾਰ ਹੋ ਗਈਆਂ। ਗੁਰਮੇਜ ਕੌਰ ਨੂੰ ਪੁਲੀਸ ਵਾਲਿਆਂ ਨੇ ਚੁੱਕ ਕੇ ਹਸਪਤਾਲ ਪਹੁੰਚਾਇਆ। ਉਨ੍ਹਾਂ ਦੇ ਪੁੱਤਰ ਮਨਜੀਤ ਸਿੰਘ ਦੇ ਦੱਸਣ ਅਨੁਸਾਰ ਬੀਬੀ ਗੁਰਮੇਜ ਕੌਰ ਦਾ ਕਿਸੇ ਗਹਿਰੀ ਸੱਟ-ਚੋਟ ਤੋਂ ਤਾਂ ਬਚਾਅ ਹੋ ਗਿਆ ਹੈ ਪਰ ਬੁਰੀ ਤਰ੍ਹਾਂ ਲੱਕ ਠੁੱਕ ਜਾਣ ਕਾਰਨ ਉਨ੍ਹਾਂ ਨੂੰ ਕਾਫੀ ਤਕਲੀਫ ਹੋ ਰਹੀ ਹੈ। ਬਾਅਦ ਦੀ ਸੂਚਨਾ ਅਨੁਸਾਰ ਦੂਜੇ ਦਿਨ 28 ਜੁਲਾਈ ਨੂੰ ਤਿੰਨੋਂ ਲੁਟੇਰੀਆਂ ਪੁਲੀਸ ਨੇ ਕਾਬੂ ਕਰ ਲਈਆਂ ਅਤੇ ਅਗਲੀ ਤਫਤੀਸ਼ ਜਾਰੀ ਹੈ। ਬੀਬੀ ਗੁਰਮੇਜ ਕੌਰ ਦੇ ਛੋਟੇ ਭਰਾ ਅਤੇ ਸਿੱਖ ਚਿੰਤਕ ਸ. ਤਰਲੋਚਨ ਸਿੰਘ ਦੁਪਾਲਪੁਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸਮੂਹ ਪੰਜਾਬਣ ਬੀਬੀਆਂ ਨੂੰ ਸਟੋਰਾਂ ਵਿਚ ਖਰੀਦੋ-ਫਰੋਖਤ ਕਰਨ ਵੇਲੇ ਚੌਕੰਨੇ ਰਹਿਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਖਦਸ਼ਾ ਜ਼ਾਹਰ ਕੀਤਾ ਹੈ ਕਿ ਹੋ ਸਕਦਾ ਹੈ ਕਿ ਅਜਿਹੇ ਲੁਟੇਰੇ ਗਿਰੋਹਾਂ ਦਾ ਖਾਸ ਨਿਸ਼ਾਨਾ ਏਸ਼ੀਅਨ ਲੋਕ ਹੋਣ।



# ਸਿੱਖ ਪ੍ਰਚਾਰਕਾਂ ਵੱਲੋਂ ਰੁੱਖ ਲਾਉਣ ਦੀ ਕਾਰਸੇਵਾ

**ਖਡੂਰ ਸਾਹਿਬ/ਏਟੀ ਨਿਊਜ਼ :**
ਬਾਬਾ ਸੇਵਾ ਸਿੰਘ ਕਾਰਸੇਵਾ ਖਡੂਰ ਸਾਹਿਬ ਵਾਲਿਆਂ ਵਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਨੂੰ ਸਮਰਪਿਤ ਜੰਗਲ ਲਗਾਉਣ ਦੀ ਚਲਾਈ ਗਈ ਮੁਹਿੰਮ ਦੇ ਤਹਿਤ ਮੋਗਾ ਜ਼ਿਲ੍ਹੇ ਦੇ ਪਿੰਡ ਰਾਜ਼ੋਆਣਾ ਦੀ 6 ਕਨਾਲ ਪੰਚਾਇਤੀ ਜ਼ਮੀਨ ਵਿਚ ਜੰਗਲ ਲਗਾਇਆ ਗਿਆ।ਭਾਈ ਮਨਸਾ ਸਿੰਘ ਦੀ ਅਗਵਾਈ ਵਾਲੀ ਕਾਰਸੇਵਕਾਂ ਦੀ ਟੀਮ ਨੇ ਇਹ ਜੰਗਲ ਲਗਾਇਆ। ਜੰਗਲ ਲਗਾਉਣ ਦੀ ਰਸਮੀ ਸ਼ੁਰੂਆਤ ਕਰਨ ਸਮੇਂ ਪਿੰਡ ਰਾਜ਼ੋਆਣਾ ਦੇ ਮੌਜੂਦਾ ਸਰਪੰਚ ਜਸਵੀਰ ਸਿੰਘ ਅਤੇ ਸਾਬਕਾ ਸਰਪੰਚ ਲੇਖ ਰਾਜ ਤੋਂ ਇਲਾਵਾ ਕਾਫੀ ਗਿਣਤੀ ਵਿਚ ਸੰਗਤ ਮੌਜੂਦ ਸੀ। ਪਿੰਡ ਦੀ ਮੌਜੂਦ ਸੰਗਤ ਨੇ ਕਾਰਸੇਵਕਾਂ ਨਾਲ ਮਿਲ ਕੇ ਜੰਗਲ ਲਗਾਉਣ ਵਿਚ ਕਾਫੀ ਉਤਸ਼ਾਹ ਵਿਖਾਇਆ। ਪਿੰਡ ਦੀ ਸੰਗਤ ਨੇ ਸੇਵਾਦਾਰਾਂ ਲਈ



ਚਾਹ ਪਾਣੀ ਦਾ ਪ੍ਰਬੰਧ ਵੀ ਕੀਤਾ। ਯਾਦ ਰਹੇ ਕਿ ਖਡੂਰ ਸਾਹਿਬ ਕਾਰਸੇਵਾ ਨਾਲ ਜੁੜੇ ਸੇਵਾਦਾਰਾਂ ਵਲੋਂ ਤਰਨਤਾਰਨ ਜ਼ਿਲ੍ਹੇ ਵਿਚ ਪੈਂਦੇ ਪਿੰਡ ਲੁਹਾਰ ਡੇਹਰਾ ਸਾਹਿਬ ਵਿਖੇ ਸ. ਕੁਲਵੰਤ ਸਿੰਘ ਵਲੋਂ ਦਿੱਤੀ ਗਈ ਪੰਜ ਮਰਲੇ ਜ਼ਮੀਨ ਵਿਚ ਜੰਗਲ ਲਗਾਇਆ ਗਿਆ ਸੀ। ਕਾਰਸੇਵਕਾਂ ਦੀ ਟੀਮ ਨੇ ਪਿੰਡ ਲੁਹਾਰ ਡੇਹਰਾ ਪੁੱਜ ਕੇ ਬੂਟੇ ਲਗਾਏ ਅਤੇ ਪਿੰਡ ਅਤੇ ਇਸ ਦੇ ਆਸ-ਪਾਸ ਦੇ ਹੋਰ ਪਿੰਡਾਂ ਦੇ ਲੋਕਾਂ ਨੂੰ ਵੀ ਜੰਗਲ ਲਗਵਾਉਣ ਦੀ ਮੁਹਿੰਮ ਵਿਚ ਹਿੱਸਾ ਪਾਉਣ ਦਾ ਸੱਦਾ ਦਿੱਤਾ। ਕੁਲਵੰਤ ਸਿੰਘ ਨੇ ਜੰਗਲ ਲਗਾਉਣ ਆਏ ਕਾਰਸੇਵਕਾਂ ਦਾ ਧੰਨਵਾਦ ਕੀਤਾ।

## ਅਣਖ ਖਾਤਿਰ ਪਰਿਵਾਰ ਦੇ ਤਿੰਨ ਜੀਆਂ ਦੀ ਹੱਤਿਆ

**ਤਰਨ ਤਾਰਨ/ਏਟੀ ਨਿਊਜ਼ :** ਥਾਣਾ ਸਰਾਏ ਅਮਾਨਤ ਖਾਂ ਦੇ ਸਰਹੱਦੀ ਪਿੰਡ ਨੌਸ਼ਿਹਰਾ ਢਾਲਾ ਵਿਖੇ ਇਕ ਲੜਕੀ ਨਾਲ ਪ੍ਰੇਮ ਵਿਆਹ ਕਰਾਉਣ ਵਾਲੇ ਮੁੰਡੇ ਹਰਮਨਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਦੇ ਘਰ ਲੜਕੀ ਪਰਿਵਾਰ ਦੇ ਕੁਝ ਵਿਅਕਤੀਆਂ ਵਲੋਂ ਦਾਖ਼ਲ ਹੋ ਕੇ ਲੜਕੇ ਦੇ ਪਿਤਾ ਜੋਗਿੰਦਰ ਸਿੰਘ, ਭੈਣ ਪ੍ਰਭਜੀਤ ਕੌਰ ਅਤੇ ਭਰਾ ਪਵਨਦੀਪ ਸਿੰਘ ਨੂੰ ਕਤਲ ਕਰ ਦਿੱਤਾ। ਇਸ ਕਾਰਨ ਪੂਰੇ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਹਰਮਨਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਨੇ ਦੱਸਿਆ ਕਿ ਉਸ ਨੇ ਆਪਣੇ ਨੇੜਲੇ ਪਿੰਡ ਢਾਲਾ ਦੀ ਰਹਿਣ ਵਾਲੀ ਲੜਕੀ ਨਵਦੀਪ ਕੌਰ ਬੇਬੀ ਪੁੱਤਰੀ ਬੀਰ ਸਿੰਘ ਨਾਲ ਡੇਢ ਮਹੀਨਾ ਪਹਿਲਾ ਅਦਾਲਤ ਰਾਹੀਂ ਪ੍ਰੇਮ ਵਿਆਹ ਕਰਵਾਇਆ ਸੀ। ਉਸ ਸਮੇਂ ਤੋਂ ਹੀ ਉਹ ਘਰੋਂ ਬਾਹਰ ਰਹਿ ਰਹੇ ਸਨ। ਹਰਮਨਜੀਤ ਸਿੰਘ ਅਨੁਸਾਰ ਦੋਵੇਂ ਜੀਅ ਪਿਛਲੇ ਕੁਝ ਦਿਨਾਂ ਤੋਂ ਪਿੰਡ ਵਿਚ ਆਏ ਹੋਏ ਸਨ ਜਿਸ ਦਾ ਲੜਕੀ ਦੇ ਘਰਵਾਲਿਆਂ ਨੂੰ ਪਤਾ ਲੱਗ ਗਿਆ ਤੇ ਉਹ ਉਨ੍ਹਾਂ ਦਾ ਪਿੱਛਾ ਕਰ ਰਹੇ ਸਨ। ਹਰਮਨਜੀਤ ਨੇ ਦੱਸਿਆ ਕਿ ਲੜਕੀ ਦਾ ਪਿਤਾ ਬੀਰ ਸਿੰਘ ਪੁੱਤਰ ਗੁਰਮੇਜ ਸਿੰਘ, ਭਰਾ ਸੁੱਖਾ ਪੁੱਤਰ ਬੀਰ ਸਿੰਘ, ਅਰਸ਼ਦੀਪ ਸਿੰਘ ਪੁੱਤਰ, ਵਰਦੀਪ ਸਿੰਘ ਪੁੱਤਰ ਬੀਰ ਸਿੰਘ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਹੈਪੀ, ਗੋਬਿੰਦ, ਮਨੀ ਅਤੇ ਛੇ ਹੋਰ ਅਣਪਛਾਤੇ



ਬਾਕੀ ਸਫ਼ਾ 32 'ਤੇ

# ਦੇਵ ਘੋਲੀਏ ਵੱਲੋਂ 1971 ਦੀ ਲੜਾਈ 'ਚ ਭਾਰਤ ਵਲੋਂ ਕਰਤਾਰਪੁਰ ਸਾਹਿਬ 'ਤੇ ਦਾਗੀ ਮਿਜ਼ਾਇਲ ਬਾਰੇ ਖੁਲਾਸੇ

**ਫਰਿਜ਼ਨੋ/ਏਟੀ ਨਿਊਜ਼ :** ਪਾਕਿਸਤਾਨ ਦੇ ਦੌਰੇ ਤੋਂ ਵਾਪਸ ਪਰਤੇ ਦੇਵ ਘੋਲੀਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਗੁਰੂਘਰ ਕਰਤਾਰਪੁਰ ਸਾਹਿਬ ਉਤੇ ਮਿਜ਼ਾਇਲ ਦਾਗੇ ਜਾਣ ਬਾਰੇ



ਹੈਰਾਨੀਜਨਕ ਨਤੀਜਾ ਸਾਹਮਣੇ ਆਇਆ ਹੈ। ਸੰਨ 1971 ਦੀ ਲੜਾਈ ਵੇਲੇ ਪਠਾਨਕੋਟ ਬੇਸ ਤੋਂ 11 ਦਸੰਬਰ ਦੀ ਰਾਤ ਨੂੰ ਕੀਤੇ ਗਏ ਹਮਲਿਆਂ ਵਿਚ ਗੁਰੂਘਰ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਦੇਵ ਘੋਲੀਏ ਨੇ ਦੱਸਿਆ ਕਿ ਗੁਰੂਘਰ ਦੇ ਆਸ ਪਾਸ ਦੇ ਪਿੰਡਾਂ ਦਾ ਦੌਰਾ ਕਰਨ ਤੋਂ ਬਾਅਦ ਪਤਾ ਲੱਗਿਆ ਕਿ ਮਿਜ਼ਾਇਲ ਨੇ ਥੋੜਾ ਬਹੁਤ ਪਿੰਡਾਂ ਦਾ ਨੁਕਸਾਨ ਕੀਤਾ ਪਰ ਗੁਰੂਘਰ ਵਿਚ ਡਿੱਗੀ ਮਿਜ਼ਾਇਲ ਜੋ ਖੂਹ ਦੇ ਐਨ ਇਕ ਫੁੱਟ ਦੇ ਫਾਸਲੇ 'ਤੇ ਡਿੱਗੀ ਸੀ, ਡਿੱਗਣ ਸਾਰ ਮਿਸ ਹੋ ਗਈ। ਗੁਰੂਘਰ ਸੰਨ 1947 ਤੋਂ ਬਾਅਦ ਬੰਦ ਪਿਆ ਸੀ ਜੋ ਕਿ ਸੰਨ 2002 ਵਿਚ ਦਰਸ਼ਨਾਂ ਲਈ ਖੁੱਲ੍ਹਿਆ। ਇਹ ਮਿਜ਼ਾਇਲ ਅੱਜ ਵੀ ਉਥੇ ਮੌਜੂਦ ਹੈ। ਭਾਰਤੀ ਫੌਜੀ ਅਧਿਕਾਰੀਆਂ ਨੇ ਗੁਸਤਾਖੀ ਮੁਆਫ਼ ਕਹਿ ਕੇ ਖਹਿੜਾ ਛੁਡਾ ਲਿਆ। ਮਿਜ਼ਾਇਲ ਸੰਗਤ ਦੇ ਦਰਸ਼ਨ ਲਈ ਸ਼ੀਸੇ ਦਾ ਚੈਂਬਰ ਬਣਾ ਕੇ ਰੱਖੀ ਗਈ ਹੈ। ਅਖੀਰ ਦੇਵ ਘੋਲੀਏ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਗੁਰੂਘਰਾਂ 'ਤੇ ਹਮਲੇ ਕਰਨ ਵਾਲੇ ਅਜਿਹੇ ਕੰਮ ਤੋਂ ਗੁਰੇਜ਼ ਕਰਨ ਨਹੀਂ ਤਾਂ ਇਥੇ ਸੁੱਟੀ ਗਈ ਮਿਜ਼ਾਇਲ ਦੀਆਂ ਲਾਹਣਤਾਂ ਪੈਣਗੀਆਂ।



# ਸਿਆਟਲ 'ਚ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਦਾ ਨਿੱਘਾ ਸਵਾਗਤ



**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਅਕਾਲੀ ਦਲ ਦੇ ਨਕੋਦਰ ਤੋਂ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਨਿੱਜੀ ਦੌਰੇ ਦੌਰਾਨ ਸਿਆਟਲ ਪਹੁੰਚੇ। ਪੰਜਾਬੀ ਭਾਈਚਾਰੇ ਵਲੋਂ ਉਨਾਂ ਦਾ ਰੈਡਲਾਈਨ ਹੋਟਲ ਰੈਂਟਲ ਵਿਚ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਪੰਜਾਬ ਸਰਕਾਰ ਦੀ ਮੌਜੂਦਾ ਸਥਿਤੀ ਅਤੇ ਕਰਤਾਰਪੁਰ ਦੇ ਲਾਂਘੇ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਸਰਬੱਤ ਦਾ ਭਲਾ ਟਰੱਸਟ ਸਿਆਟਲ ਦੇ ਪ੍ਰਧਾਨ ਦਯਿਆਬੀਰ ਸਿੰਘ ਪਿੰਟੂ ਬਾਠ ਨੇ ਦੱਸਿਆ ਕਿ ਸੀਨੀਅਰ ਅਕਾਲੀ ਨੇਤਾ ਸਵਰਗੀ ਬਾਪੂ ਕੁਲਦੀਪ ਸਿੰਘ ਵਡਾਲਾ ਨੇ ਹਰੇਕ ਮੱਸਿਆ 'ਤੇ ਲਾਂਘਾ ਖੋਲਣ ਲਈ ਅਰਦਾਸ ਕਰਕੇ ਸ਼ੁਭ ਆਰੰਭ ਕੀਤਾ ਸੀ ਜੋ ਪ੍ਰਮਾਤਮਾ ਨੇ ਸਭ ਦੀਆਂ ਅਰਦਾਸਾਂ ਸੰਪੂਰਨ ਕੀਤੀਆਂ ਹਨ। ਗੁਰਪ੍ਰਤਾਪ ਸਿੰਘ ਵਡਾਲਾ ਐਮ.ਐਲ.ਏ. ਨੇ ਦੱਸਿਆ ਕਿ ਦੋਨੋਂ ਪਾਸਿਓਂ ਜ਼ੋਰਦਾਰ ਤਿਆਰੀ ਚੱਲ ਰਹੀ ਹੈ ਅਤੇ ਆਸ ਹੈ ਕਿ ਨਵੰਬਰ ਤੋਂ ਪਹਿਲਾਂ ਡੇਰਾ ਬਾਬਾ ਨਾਨਕ ਤੋਂ ਕਰਤਾਰਪੁਰ ਸਾਹਿਬ ਤੱਕ ਲਾਂਘਾ ਚਾਲੂ ਹੋ ਜਾਵੇਗਾ। ਵਡਾਲਾ ਨੇ ਦੱਸਿਆ ਕਿ ਪ੍ਰਵਾਸੀ ਪੰਜਾਬੀਆਂ ਦਾ ਹਰੇਕ ਖੇਤਰ ਵਿਚ ਪੰਜਾਬ ਲਈ ਵੱਡਾ ਯੋਗਦਾਨ ਹੈ ਜੋ ਆਉਣ ਵਾਲੇ ਸਮੇਂ ਵਿਚ ਵੀ ਸਮੱਸਿਆਵਾਂ ਹੱਲ ਕਰਵਾ ਸਕਦੇ ਹਨ। ਪ੍ਰਵਾਸੀ ਪੰਜਾਬੀਆਂ ਨੂੰ ਆਪਣੇ ਆਪਣੇ ਪਿੰਡ ਜਾਂ ਇਲਾਕੇ ਵਿਚ ਵਿਕਾਸ ਦੇ ਕਾਰਜਾਂ ਵਿਚ ਯੋਗਦਾਨ ਪਾਉਣਾ ਚਾਹੀਦਾ ਹੈ। ਉਨਾਂ ਦੱਸਿਆ ਕਿ ਇਸ ਸਮੇਂ ਪਾਣੀ ਤੇ ਸ਼ੁੱਧ ਹਵਾ ਦੀ ਮੁੱਖ ਸਮੱਸਿਆ ਹੈ। ਜਿੰਦ ਅਟਵਾਲ ਨੇ ਪਹੁੰਚੇ ਪਤਵੰਤਿਆਂ ਦਾ ਧੰਨਵਾਦ ਕੀਤਾ।

# ਪਾਕਿਸਤਾਨ ਵੱਲੋਂ ਕੀਤੇ ਵਾਅਦੇ ਦੀ ਪੂਰਤੀ ਦੀ ਅਮਰੀਕਾ ਉਡੀਕ ਕਰੇਗਾ

**ਵਾਸ਼ਿੰਗਟਨ ਡੀਸੀ/ਰਾਜ ਗੋਗਨਾ :** ਸੰਯੁਕਤ ਰਾਜ ਅਮਰੀਕਾ ਪਾਕਿਸਤਾਨ ਦੇ ਨਾਲ ਇਕ ਮਜ਼ਬੂਤ ਸਬੰਧ ਬਣਾਉਣ ਦਾ ਇੱਛੁਕ ਹੈ, ਜੋ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋ ਕੀਤੇ ਗਏ ਵਾਅਦਿਆਂ ਦੇ ਆਧਾਰ 'ਤੇ ਹੈ।ਅਮਰੀਕੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮੋਰਗਨ ਔਰਟਗਾਸ ਨੇ ਪ੍ਰੈੱਸ ਦੇ ਇਕ ਸਵਾਲ ਦੇ ਜਵਾਬ ਵਿਚ ਕਿਹਾ, ਕਿ ਇਮਰਾਨ ਖਾਨ ਦੀ ਫੇਰੀ ਨੇ ਇਕ ਮੌਕਾ ਪ੍ਰਦਾਨ ਕੀਤਾ ਹੈ। ਪ੍ਰਧਾਨ ਮੰਤਰੀ ਖਾਨ ਨਾਲ ਰਾਸ਼ਟਰਪਤੀ ਡੌਨਲਡ ਟਰੰਪ ਅਤੇ ਸੈਕਟਰੀ ਮਾਈਕ ਪੌਂਪੋ ਵਿਚਾਲੇ ਮੁਲਾਕਾਤ ਕਰਨ ਨਾਲ ਮੌਕਾ ਮਿਲਿਆ ਹੈ, ਕਿ ਦੋਹਾਂ ਮੁਲਕਾਂ 'ਚ ਵਿਅਕਤੀਗਤ ਸਬੰਧ ਅਤੇ ਤਾਲਮੇਲ ਬਣਾਇਆ ਜਾ ਸਕੇ।ਆਸਿਫ ਨੇ ਕਿਹਾ, "ਅਸੀਂ ਸੋਚਦੇ ਹਾਂ ਕਿ ਇਹ ਸਹੀ ਸਮਾਂ ਹੈ, ਤਾਂ ਜੋ ਸਫਲਤਾ 'ਤੇ ਤਰੱਕੀ ਲਈ ਕੰਮ ਕਰਨ ਨੂੰ ਤਰਜੀਹ ਮਿਲੇ। ਉਮੀਦਾਂ ਦਾ ਵਿਸਤਾਰ ਕਰਦੇ ਹੋਏ, ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਕਿਹਾ, "ਕਈ ਮੁੱਦਿਆਂ 'ਤੇ ਨਾ ਸਿਰਫ ਰਾਸ਼ਟਰਪਤੀ ਨਾਲ ਮੀਟਿੰਗ ਵਿੱਚ ਸਗੋਂ ਸੈਕਟਰੀ ਦੀ ਬੈਠਕ 'ਚ ਵੀ ਚਰਚਾ ਕੀਤੀ ਗਈ ਸੀ। ਹੁਣ ਪਾਕਿਸਤਾਨ ਦੀਆਂ ਵਚਨਬੱਧਤਾਵਾਂ 'ਤੇ ਭਰੋਸਾ ਕਰਨ ਦਾ ਸਮਾਂ ਹੈ। ਇਸ ਦੇ ਨਤੀਜੇ ਵਧੀਆਂ ਨਿਕਲਣਗੇ ਜੇਕਰ ਜੋ ਇਮਰਾਨ ਖਾਨ ਪ੍ਰਧਾਨ ਮੰਤਰੀ ਪਾਕਿਸਤਾਨ ਨੇ ਕਿਹਾ ਹੈ, ਉਹ ਉਸ ਦੇ ਪਾਬੰਦ ਹੋ ਕੇ ਕੀਤੇ ਵਾਅਦਿਆਂ ਨੂੰ ਪੂਰਿਆਂ ਕਰਨ ਅਤੇ ਅਮਰੀਕਾ ਦਾ ਮਨ ਜਿੱਤਣ। ਫਿਰ ਹੀ ਅਮਰੀਕਾ ਪਾਕਿਸਤਾਨ ਨੂੰ ਵਿੱਤੀ ਸਹਾਇਤਾ ਦੇਵੇਗਾ।

# ਸ਼੍ਰੋਮਣੀ ਅਕਾਲੀ ਦਲ (ਅ) ਅਮਰੀਕਾ ਦੇ ਆਗੂ ਸੁਲਤਾਨ ਸਿੰਘ ਦੇ ਛੋਟੇ ਭਰਾ ਦਲੇਰ ਸਿੰਘ ਦੀ ਅਚਾਨਕ ਮੌਤ

**ਸਟਾਕਟਨ/ਮੱਖਣ ਸਿੰਘ ਕਲੇਰ ਸ਼ਿਕਾਗੋ :** ਕੈਲੀਫੋਰਨੀਆ ਰਹਿੰਦੇ ਸ. ਦਲੇਰ ਸਿੰਘ ਦੀ ਘਰ ਵਿਚ ਹੀ ਅਚਾਨਕ ਹੋਈ ਮੌਤ ਨਾਲ ਉਸ ਦੇ ਪਰਿਵਾਰ, ਰਿਸ਼ਤੇਦਾਰਾਂ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਸਮੁੱਚੀ ਪਾਰਟੀ ਵਿਚ ਸੋਗ ਦੀ ਲਹਿਰ ਦੌੜ ਗਈ ਹੈ। ਸ. ਦਲੇਰ ਸਿੰਘ ਤੀਹ-ਕੁ ਸਾਲ ਦੀ ਭਰ ਜਵਾਨੀ ਵਿਚ ਹੀ ਸਦੀਵੀ ਵਿਛੋੜਾ ਦੇ ਗਿਆ ਹੈ। ਦਲੇਰ ਸਿੰਘ ਦੇ ਵੱਡੇ ਭਰਾ ਸੁਲਤਾਨ ਸਿੰਘ ਮਿਸੀ ਸਿੱਪੀ ਏਰੀਏ ਵਿਚ ਆਪਣੇ ਪਰਿਵਾਰ ਸਮੇਤ ਰਹਿੰਦੇ ਹਨ। ਇਸ ਅਚਾਨਕ ਵਰਤੇ ਭਾਣੇ ਦੀ ਖਬਰ ਸੁਣ ਕੇ ਉਹ ਤੁਰੰਤ ਕੈਲੀਫੋਰਨੀਆ ਪਹੁੰਚੇ। ਮੰਗਲਵਾਰ ਤੀਹ ਜੁਲਾਈ ਨੂੰ ਸ. ਦਲੇਰ ਸਿੰਘ ਦੇ ਪੰਜ ਭੂਤਕ ਸਰੀਰ ਦਾ ਅੰਤਿਮ ਸੰਸਕਾਰ ਕੀਤਾ ਗਿਆ। ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਅੰਤਿਮ ਅਰਦਾਸ ਅਤੇ ਭੋਗ ਪਾਏ ਗਏ। ਇਸ ਦੁੱਖ ਦੀ ਘੜੀ ਵਿਚ ਸਮੁੱਚੀ ਜਥੇਬੰਦੀ ਪਰਿਵਾਰ ਦੇ ਨਾਲ ਖੜੀ ਹੈ। ਕੈਲੀਫੋਰਨੀਆ ਯੂਨਿਟ ਦੇ ਮੁਖੀ ਸ. ਤਰਸੇਮ ਸਿੰਘ ਟੁਲੈਰੀ, ਰਮਿੰਦਰਜੀਤ ਸਿੰਘ ਮਿੰਟੂ ਅਤੇ ਅਰਵਿੰਦਰ ਸਿੰਘ ਯੂਥ ਆਗੂ ਨੇ ਆਪਣੇ ਸ਼ੋਕ ਸੁਨੇਹੇ ਵਿਚ ਕਿਹਾ ਕਿ ਵਾਹਿਗੁਰੂ ਸਮੁੱਚੇ ਪਰਿਵਾਰ ਤੇ ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਸ. ਸੁਲਤਾਨ ਸਿੰਘ ਨਾਲ ਫੋਨ ਨੰ. 1-859-967-4088 'ਤੇ ਸੰਪਰਕ ਕੀਤਾ ਜਾ ਸਕਦਾ ਹੈ।




WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

*Call for more Info:*

510 774 4191 (Kuljit Singh) 209 242 9569 (Dispatched)

209 564 8899 (Davinder Singh) 209 345 6968 (Ranthir Singh)

2101 MARTIN LUTHER KING JR WAY STOCKTON, CA 95205


APNA VIRSA ASSOCIATION
APNA VIRSA ASSOCIATION
Presents
Satinder Sartaaj's
Live
in Concert
STOCKTON
Bob Hop Theatre
Stocton, USA
242 E Main St STOCKTON
AUGUST 17, 2019
SHOW STARTS AT 7:30PM & DOORS OPEN AT 7:00 PM
MANNA BARING : 209-495-6992
LAKHVIR SINGH : 209-985-9310
RUPINDER MANGAT : 510-371-2571
HARSIMRAN SINGH : 209-735-0240
BIKRAM GILL : 408-824-8692


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA Nasdaq Listed


Dedicated to Sri Guru Nanak Dev ji's 550th Parkash Purb
UNITED SPORTS CLUB CALIFORNIA, AMERICA
15TH WORLD KABADDI CUP
15 SEPTEIMBER 2019, SUNDAY
(Timing 09:00am - 06pm)
(James Logan High School 1800 H Street, Union City, California 94587)
Major League Kabaddi Federation
ਅਤੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਣ ਵਾਲਾ '15ਵਾਂ ਵਿਸ਼ਵ ਕਬੱਡੀ ਕੱਪ 2019' ਇਤਿਹਾਸਿਕ ਹੋਵੇਗਾ
ਤੀਰਥ ਗਾਖਲ
ਰੰਗ ਕਬੱਡੀ ਦੇ
ਇਸ ਵਿਸ਼ਵ ਕੱਪ ਵਿਚ ਡਰੱਗ ਫ੍ਰੀ ਸਰਟੀਫਿਕੇਟ ਪ੍ਰਾਪਤ ਖਿਡਾਰੀ ਹੀ ਖੇਡ ਸਕਣਗੇ
Amolak Singh Gakhal
Chief Patron, United Sports Club
Sponsor of 1st Prize
Jagjit Singh Rakkar
Ocean Transport
Kuljit Singh Nijjar
White Hawlk
Sponsor of 2nd Prize
Jugraj Singh Sahota & Narinder Singh Sahota of Sahota Family
Dedicated to Sweet Memory of Late. Kashmir Singh Sahota
Sponsor of 3rd Prize
Jaswinder Boparai, Dalbir Boparai
Malkit Bopari, Gurdev Boparai
Diamond Sponsor
Inder Dosanjh
Dosanjh Family
Auto Group Inc.
Diamond Sponsor
In the loving Memory of
Late S. Mehnga Singh Sarai
By: Sarai Family
Sponsor of U-25
1st Prize Sponsored by
TAKHAR FAMILY
in loving memory of Late. Santokh Singh Takhar Apna Punjab & Northern California Club
ਮੁੱਖ ਮਹਿਮਾਨ
ਮੈਨੀ ਗਰੇਵਾਲ
OPENING
ਸੁਰਜੀਤ ਸਿੰਘ ਟੁੱਟ
ਸੇਵਾ ਸਿੰਘ ਰੰਧਾਵਾ
ਜਸਪ੍ਰੀਤ ਸਿੰਘ ਅਟਾਰਨੀ
ਰਾਜ ਸਲਵਾਨ
ਮੇਜਰ ਸਿੰਘ ਬੈਂਸ
ਵਿਸ਼ੇਸ਼ ਮਹਿਮਾਨ
ਸ.ਮਹਿੰਦਰ ਸਿੰਘ ਗਿੱਲ
ਗੈਰੀ ਸਿੰਘ
ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਸ. ਤਰਲੋਚਨ ਸਿੰਘ ਦੁਪਾਲਪੁਰ
ਗਾਖਲ ਭਰਾਵਾਂ ਵਲੋਂ ਆਪਣੇ ਪਿਤਾ ਸ੍ਰ. ਨਸੀਬ ਸਿੰਘ ਗਾਖਲ ਦੀ ਯਾਦ ਵਿਚ ਨੇਕੀ ਸਿੱਧਵਾਂ, ਮੰਗੀ ਬੱਗਾ ਪਿੰਡ, ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ ਅਤੇ ਸੁਲਤਾਨ ਸ਼ਮਸ਼ਪੁਰ ਦਾ ਗੋਲਡ ਮੈਡਲਾਂ ਨਾਲ ਸਨਮਾਨ ਕੀਤਾ ਜਾਵੇਗਾ
ਗੋਲਡ ਮੈਡਲ ਨਾਲ ਸਨਮਾਨ
ਨੇਕੀ ਸਿੱਧਵਾਂ
ਮੰਗੀ ਬੱਗਾ ਪਿੰਡ
ਸੰਦੀਪ ਨੰਗਲ ਅੰਬੀਆਂ
ਪਾਲਾ ਜਲਾਲਪੁਰ
ਖ਼ੁਸ਼ੀ ਦੁੱਗਾਂ
ਸੁਲਤਾਨ ਸ਼ਮਸ਼ਪੁਰ
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Director
S. Ashok Bhaura Gen. Sec & Media Incharge
Narinder Singh Sahota Treasurer
Pinki Atwal Director
Sadhu Singh Khlaur Advisor
Balvir Singh Bhatia Director
Natha Singh Gakhal Advisor
Makhan Singh Dhaliwal
Debi Sohal Sidhwan Dona Director
Inderjit Singh Thind Director
Bakhtawar Singh Gakhal Director
Gurpreet Singh Gakhal Director
Giani Ravinder Singh Director
Baljinder Singh Gakhal Director
Gulwinder Singh Gakhal Director
Harjinder Ladhar Director
Dalwinder Padda Director
Arundeep Singh Advisor
Baljinder Singh Advisor
Kirandeep Singh (director)
Kala Gakhal Director
Media In charge World Kabaddi Cup
S. Ashok Bhaura
Phone: 510 415 3315,
Email: ashokbhaura@gmail.com
GUEST OF HONOR
Jagir Singh
Baljit Singh Sandhu
Rana Tutt
Hardumman Singh Grewal (Billa Sanghera)
Pritam Singh
Bhupinder Singh Parmar
Makhan Sandhu
Amarjit Sangha
Bhjan Singh Thiara
Kuldip S. Sahota
Uppal Manjit Singh
Pamma deol
Jaswant Singh Hothi
Mangal Singh Bhandal
Dr. Harjinder Khehra
Happy Heer
Ram Saroye
Rana Dhillon
Balwinder Walia
Dr. Baljinder Grewal
Gurdeep Singh Gakhal
Nirmal Singh Sahota
Lucky Sahota
Jaskaran Singh Dhaliwal
SP Singh
Ruby Harkhowal
Amrik Chand Lakha CPA
Santokh Singh Judge
Sarabjit Dhaliwal
Satnam Singh Bal
Sukhdev Singh Grewal
Sukhjit Singh Sandhu
Kulwant Singh Khaira
Jaswant Singh Sarai
Ateetpal Singh
Arundeep Singh
Jagdeep Singh
Ravinder Singh Dhaliwal
Paramjit Sekhon
Super Star Players
ਵਿਸ਼ਵ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Bay Area Sports Club 2. United Sports Club
3. Metro Sports Club New York 4. Canada Club
ਕੁਮੈਂਟੇਟਰ
All Kabaddi Lovers are openly Invited
ਅੰਡਰ-25 ਟੀਮਾਂ: ਯੂਨਾਈਟਡ ਸਪੋਰਟਸ ਕਲੱਬ, ਯੰਗ ਸਪੋਰਟਸ ਕਲੱਬ
Spectator Have to reach at James Logan High School, International Law of Kabddi will apply, United Sports Club has reserve the right for last decisions.

# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੋਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

Now Open

Indiana
1480 N State Road 1, Cambridge City, IN 47327. 70 Exit 137
Diesel/Gas

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet over 100 gallons
open 6am to midnight
Phone: 765-478-6300



Star Alliance BROKERAGE



## Indianapolis, Indiana...
## ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ONE OF THE FASTEST GROWING CITY IN AMERICA AND BEST SCHOOL SYSTEM...



Manjit Singh Nagra

Manjit Singh Nagra
Realtor/Broker
Cell 317-750-1900

Gurdeep (Garry) Chhokar
Realtor/Broker
Cell 317-500-1247



Gurdeep (Garry) Chhokar

We do all type of Home and Commercial Loans, Same day loan approval...

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

6979 Hillsdale Court, Indianapolis, Indiana 46250


SATINDER
SARTAAJ
LIVE
AUGUST 10TH, 2019
VENUE
CALIFORNIA THEATRE
345 SOUTH FIRST STREET
SAN JOSE, CA
FOR MORE INFO CONTACT
BALWINDER (LALLY) DHANOA : (510)224-7380
Bull 18
FOR TICKETS VISIT WWW.SATINDERSARTAAJ.COM


REAL ESTATE INVESTMENTS?
BUY OR SELL PROPERTY ?
1031 EXCHANGE ?
NEW HOMES ?
ONE STOP SHOP FOR YOU
FREE ONE YEAR PROPERTY MANAGEMENT & SAVE $3000
FEW AREAS ARE GROWING RAPIDLY, TRACY, LATHROP, MANTECA, MOUNTAIN HOUSE,
We can help you get loan approval. Purchase, manage your property and handle all repairs.
TRACY, LATHROP, MANTECA, MOUNTAIN HOUSE
Expert Realtor PARTH GHAI
209-420-5653
HINDI, PUNJABI, AND ENGLISH
Call AnyTime 209-420-5653
VALLEY PACIFIC REALTY AND INVESTMENTS STOCKTON # 01722418


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الإتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
Serving the Bay Area Since 1996
We have moved to
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com


AJ GRAPHIC
GRAPHIC
DESIGN
SERVICES
Logo Design
Flyer design
Stationary Design
Business Card Design
Brochure Design
Press Advt
Marketing Material
Poster
ਹਰ ਤਰ੍ਹਾਂ ਦੀ ਪੋਸਟਰ, ਕੈਲੰਡਰ, ਲੋਗੋ ਅਤੇ ਹੋਰ
ਗਰਾਫਿਕਸ ਡਿਜ਼ਾਇਨਿੰਗ ਦਾ ਕੰਮ ਬਹੁਤ ਹੀ ਵਧੀਆ
ਅਤੇ ਸਸਤੇ ਰੇਟ 'ਤੇ ਕਰਵਾਉਣ ਲਈ ਸੰਪਰਕ ਕਰੋ
Amarjeet Lamber
Please Contoct Whatapp Number
94653-45635


kw DALLAS PRESTON ROAD
KELLERWILLIAMS. REALTY
MLS
Buy Sell Homes
REAL ESTATE
Baljeet Kaur Pannu
REALTOR®
Call/Text: 972-522-9427
Web : www.MyDesiAgent.com
Email : bpannu@kw.com
18383 Preston Rd Ste-150, Dallas TX, 75252
Each office is individually owned and operated


Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com
Items Serving:
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Catering Services:
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Additional Services:
Warmers
Chaffing Dishes
China & Silverware
Linen Rental
Waiters & Bartenders


Raja SWEETS & CATERING
Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com
SERVICES INCLUDE
• CATERING
• SILVERWARE
• CHINAWARE
• DECORATED HALL
• LINEN
• SEVERAL BAR OPTIONS
• SECURITY
• WAIT STAFF
• FULL SETUP INCLUDING
TABLE CLOTH, NAPKINS, CHAIRS ETC.




22




GET FLAT 22 CENTS

DISCOUNT AT

TA TravelCenters of America

PETRO Stopping Centers®

We also offer Line of Credit for Fuel Card

*Additional Services with our Fuel Card*

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com

# ਭਾਜਪਾ ਨੇ ਚਾਣਕਿਆ ਨੀਤੀ ਖੇਡ ਕੇ ਕਾਂਗਰਸ ਮੁਕਤ ਕੀਤਾ ਕਰਨਾਟਕ

**ਬੰਗਲੁਰੂ/ਏਟੀ ਨਿਊਜ਼ :** ਕਰਨਾਟਕ ਵਿਚ ਚੱਲ ਰਿਹਾ ਸਿਆਸੀ ਨਾਟਕ ਐੱਚਡੀ ਕੁਮਾਰਸਵਾਮੀ ਦੀ ਅਗਵਾਈ ਹੇਠਲੀ ਸਰਕਾਰ ਡਿੱਗਣ ਨਾਲ ਖ਼ਤਮ ਹੋ ਗਿਆ ਹੈ। ਮੁੱਖ ਮੰਤਰੀ ਬੀਐੱਸ ਯੇਦੀਯੁਰੱਪਾ ਵੱਲੋਂ ਰੱਖੇ ਮਤੇ ਦੇ ਵਿਰੋਧ ਵਿਚ ਕਾਂਗਰਸ ਅਤੇ ਜਨਤਾ ਦਲ (ਐੱਸ) ਨੇ ਵੋਟਿੰਗ ਦੀ ਮੰਗ ਨਹੀਂ ਕੀਤੀ ਕਿਉਂਕਿ ਵਿਸ਼ਵਾਸ ਮੱਤ ਤੋਂ ਪਹਿਲਾਂ ਸਪੀਕਰ ਕੇਆਰ ਰਮੇਸ਼ ਨੇ ਕਾਂਗਰਸ ਦੇ 11 ਅਤੇ ਜਨਤਾ ਦਲ ਦੇ 3 ਵਿਧਾਇਕਾਂ ਨੂੰ ਦਲ-ਬਦਲੀ ਵਿਰੋਧੀ ਕਾਨੂੰਨ ਦੇ ਉਲੰਘਣਾ ਤਹਿਤ ਅਯੋਗ ਕਰਾਰ ਦੇ ਦਿੱਤਾ ਸੀ। ਤਿੰਨ ਵਿਧਾਇਕ ਪਹਿਲਾਂ ਹੀ ਅਯੋਗ ਕਰਾਰ ਦਿੱਤੇ ਜਾ ਚੁੱਕੇ ਸਨ। ਇਸ ਤਰ੍ਹਾਂ 225 ਮੈਂਬਰੀ ਵਿਧਾਨ ਸਭਾ ਦੇ ਯੋਗ ਮੈਂਬਰਾਂ ਦੀ ਗਿਣਤੀ ਘਟ ਕੇ 208 ਤੱਕ ਆ ਗਈ ਅਤੇ ਭਾਜਪਾ ਕੋਲ ਪਹਿਲਾਂ ਹੀ 105 ਮੈਂਬਰ ਹੋਣ ਕਰਕੇ ਬਹੁਮੱਤ ਯਕੀਨੀ ਬਣ ਗਿਆ। ਬੀ.ਐੱਸ. ਯੇਦੀਯੁਰੱਪਾ ਦੀ ਅਗਵਾਈ ਵਾਲੀ ਤਿੰਨ ਦਿਨ ਪੁਰਾਣੀ ਕਰਨਾਟਕ ਸਰਕਾਰ ਨੇ ਅਸੈਂਬਲੀ ਵਿੱਚ ਜ਼ੁਬਾਨੀ ਵੋਟਾਂ ਨਾਲ ਬਹੁਮੱਤ ਸਾਬਤ ਕਰ ਦਿੱਤਾ। ਉਧਰ ਸਦਨ ਦੀ ਕਾਰਵਾਈ ਮੁਕੰਮਲ ਹੁੰਦੇ ਹੀ ਅਸੈਂਬਲੀ ਸਪੀਕਰ ਕੇ.ਆਰ.ਰਮੇਸ਼ ਕੁਮਾਰ ਨੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਕਰਨਾਟਕ ਵਿਚ ਭਾਜਪਾ ਦੇ ਸਿਆਸੀ ਨਾਟਕ ਨੇ ਸਿਆਸੀ ਨੈਤਿਕਤਾ, ਕਾਨੂੰਨ ਨੂੰ ਬੇਪਰਦ ਕਰ ਦਿੱਤਾ ਹੈ ਤੇ ਬਹੁਤ ਸਾਰੇ ਪ੍ਰਾਂਤਾਂ ਵਿਚ ਕਰਨਾਟਕਾ ਵਰਗਾ ਇਤਿਹਾਸ ਦੁਹਰਾਇਆ ਜਾਵੇਗਾ। ਇੱਥੇ ਜ਼ਿਕਰਯੋਗ ਹੈ ਕਿ ਵਿਧਾਨ ਸਭਾ ਦੀਆਂ ਪਿਛਲੀਆਂ ਚੋਣਾਂ ਵਿਚ ਭਾਜਪਾ ਸਭ ਤੋਂ ਵੱਡੀ ਪਾਰਟੀ ਬਣ ਕੇ ਉੱਭਰੀ ਸੀ ਪਰ ਉਹ ਲੋੜੀਂਦਾ ਬਹੁਮਤ ਪ੍ਰਾਪਤ ਨਹੀਂ ਸੀ ਕਰ ਸਕੀ। ਭਾਜਪਾ ਨੂੰ ਸੱਤਾ ਤੋਂ ਬਾਹਰ ਰੱਖਣ ਲਈ ਕਾਂਗਰਸ ਨੇ ਜਨਤਾ ਦਲ (ਸੈਕੂਲਰ) ਨੂੰ ਸਮਰਥਨ ਦਿੱਤਾ ਤੇ ਸਾਂਝੀ ਸਰਕਾਰ ਬਣਾਈ ਸੀ। ਇਸ ਸਰਕਾਰ ਦੇ ਬਣਨ ਵੇਲ਼ੇ ਵਿਰੋਧੀ ਧਿਰ ਦੇ ਲਗਭਗ ਸਭ ਆਗੂ ਬੰਗਲੌਰ ਆਏ ਅਤੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਕਿ ਇਸ ਸਾਂਝਾ ਸਰਕਾਰ ਦੇ ਮਾਡਲ ਉੱਤੇ ਭਾਜਪਾ-ਵਿਰੋਧੀ ਮੁਹਾਜ਼ ਉਸਾਰਿਆ ਜਾਏਗਾ। ਇਸ ਤੋਂ ਬਾਅਦ ਕਾਂਗਰਸ ਨੇ ਛੱਤੀਸਗੜ੍ਹ, ਮੱਧ ਪ੍ਰਦੇਸ਼ ਤੇ ਰਾਜਸਥਾਨ ਦੀਆਂ ਵਿਧਾਨ ਸਭਾ ਚੋਣਾਂ ਵੀ ਜਿੱਤੀਆਂ ਪਰ ਲੋਕ ਸਭਾ ਦੀਆਂ ਚੋਣਾਂ ਵਿਚ ਵਿਰੋਧੀ ਪਾਰਟੀਆਂ ਬਿਖਰਦੀਆਂ ਨਜ਼ਰ ਆਈਆਂ ਤੇ ਸਾਂਝਾ ਮੁਹਾਜ਼ ਨਾ ਬਣ ਸਕਿਆ। ਪੁਲਵਾਮਾ ਵਿਚ ਹੋਏ ਦੁਖਾਂਤ ਤੋਂ ਬਾਅਦ ਬਾਲਾਕੋਟ ਵਿਚ ਕੀਤੀ ਹਵਾਈ ਕਾਰਵਾਈ ਕਾਰਨ ਭਾਜਪਾ ਨੇ ਰਾਸ਼ਟਰਵਾਦ ਦੇ ਨਾਂ ਹੇਠ ਚੋਣਾਂ ਲੜੀਆਂ ਤੇ ਵੱਡੀ ਜਿੱਤ ਪ੍ਰਾਪਤ ਕੀਤੀ। ਇਸ ਜਿੱਤ ਤੋਂ ਬਾਅਦ ਸਭ ਤੋਂ ਪਹਿਲਾਂ ਭਾਜਪਾ ਨੇ ਕਰਨਾਟਕ 'ਤੇ ਨਿਸ਼ਾਨਾ ਸਾਧਿਆ ਅਤੇ ਕਾਂਗਰਸ ਤੇ ਜਨਤਾ ਦਲ (ਸੈਕੂਲਰ) ਦੇ 16 ਵਿਧਾਇਕਾਂ ਨੇ ਅਸਤੀਫ਼ੇ ਦੇ ਦਿੱਤੇ। ਕੁਝ ਆਜ਼ਾਦ ਵਿਧਾਇਕ, ਜਿਹੜੇ ਸਾਂਝਾ ਸਰਕਾਰ ਦੀ ਹਮਾਇਤ ਕਰ ਰਹੇ ਸਨ, ਵੀ ਅਸਤੀਫ਼ੇ ਦੇ ਗਏ। ਇਸ ਨੂੰ 'ਅਪਰੇਸ਼ਨ ਕਮਲ' ਦਾ ਨਾਂ ਦਿੱਤਾ ਗਿਆ। ਇਨ੍ਹਾਂ ਵਿਧਾਇਕਾਂ ਦੇ ਅਸਤੀਫ਼ਿਆਂ ਕਾਰਨ ਸਾਂਝਾ ਸਰਕਾਰ ਘੱਟਗਿਣਤੀ ਵਿਚ ਰਹਿ ਗਈ। ਮੱਧ ਪ੍ਰਦੇਸ਼ ਵਿਚ ਇਕ ਭਾਜਪਾ ਆਗੂ ਗੋਪਾਲ ਭਾਰਗਵ ਨੇ ਕਿਹਾ ਕਿ ਉਨ੍ਹਾਂ ਦੇ ਕੇਂਦਰੀ ਆਗੂਆਂ ਤੋਂ ਇਸ਼ਾਰਾ ਮਿਲਣ 'ਤੇ ਮੱਧ ਪ੍ਰਦੇਸ਼ ਦੀ ਸਰਕਾਰ ਵੀ ਡੇਗੀ ਜਾ ਸਕਦੀ ਹੈ। ਇਸ ਤਰ੍ਹਾਂ ਇਹ ਸਿਆਸੀ ਨਾਟਕ ਖ਼ਤਮ ਨਹੀਂ ਹੋਇਆ ਸਗੋਂ ਨਵੇਂ ਸਿਰੇ ਤੋਂ ਸ਼ੁਰੂ ਹੋਣ ਵਾਲਾ ਹੈ। ਪੰਜਾਬ ਵਿਚ ਵੀ ਭਾਜਪਾ ਦਾ ਡਰਾਮਾ ਵਾਪਰਨ ਵਾਲਾ ਹੈ।

# ਕੈਨੇਡਾ ਚੋਣਾਂ : ਸਰਵੇਖਣਾਂ ਵਿਚ ਟਰੂਡੋ ਦਾ ਹੱਥ ਉੱਤੇ

### *ਕੰਜ਼ਰਵੇਟਿਵ, ਲਿਬਰਲ, ਗ੍ਰੀਨ ਪਾਰਟੀ ਤੇ ਐਨਡੀਪੀ 'ਚ ਚੁਣਾਵੀ ਦੌੜ ਸ਼ੁਰੂ*



**ਵੈਨਕੂਵਰ /ਡਾ. ਗੁਰਵਿੰਦਰ ਸਿੰਘ :** ਕੈਨੇਡਾ ਵਿਚ ਕੰਜ਼ਰਵੇਟਿਵ, ਲਿਬਰਲ, ਗ੍ਰੀਨ ਪਾਰਟੀ ਤੇ ਐਨਡੀਪੀ ਤੋਂ ਇਲਾਵਾ ਹੋਰ ਪਾਰਟੀਆਂ ਨੇ ਇਸ ਵਾਰ ਦੇ ਚੁਣਾਵੀ ਦੰਗਲ ਲਈ ਕਮਰ ਕੱਸ ਲਈ ਹੈ। ਸਰਵੇਖਣਾਂ ਮੁਤਾਬਕ ਕੰਜ਼ਰਵੇਟਿਵ ਪਾਰਟੀ ਵੱਲੋਂ ਲਿਬਰਲ ਪਾਰਟੀ ਨੂੰ ਤਿੱਖੀ ਟੱਕਰ ਦਿੱਤੇ ਜਾਣ ਦੇ ਦਾਅਵੇ ਕੀਤੇ ਗਏ ਸਨ ਪਰ ਚੋਣਾਂ ਦੇ ਨੇੜੇ ਪਹੁੰਚਦੇ-ਪਹੁੰਚਦੇ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਸਰਕਾਰ ਪ੍ਰਤੀ ਕੈਨੇਡਾ ਦੇ ਲੋਕਾਂ ਦਾ ਝੁਕਾਅ ਵਧਣਾ ਸ਼ੁਰੂ ਹੋ ਗਿਆ ਹੈ। ਇਕ ਤਾਜ਼ਾ ਸਰਵੇਖਣ ਮੁਤਾਬਕ ਫਰਵਰੀ ਤੋਂ ਲੋਕਾਂ ਦੀ ਬਹੁਤੀ ਹਮਾਇਤ ਕੰਜ਼ਰਵੇਟਿਵ ਪਾਰਟੀ ਨਾਲ ਸੀ ਪਰ ਜੁਲਾਈ ਦੇ ਅੰਤ ਵੱਲ ਨੂੰ ਪਹੁੰਚਦੇ-ਪਹੁੰਚਦੇ ਲਿਬਰਲ ਦੇ ਚਾਹੁਣ ਵਾਲਿਆਂ ਦੀ ਗਿਣਤੀ ਵੱਧਦੀ ਦਿਖਾਈ ਦੇ ਰਹੀ ਹੈ। ਸਰਵੇਖਣ ਏਜੰਸੀ ਨੈਨੋ ਮੁਤਾਬਕ 35 ਫ਼ੀਸਦੀ ਲੋਕ ਲਿਬਰਲ ਪਾਰਟੀ ਦੇ ਹੱਕ ਵਿਚ ਆ ਰਹੇ ਹਨ ਜਦਕਿ ਤਕਰੀਬਨ 30 ਫ਼ੀਸਦੀ ਲੋਕਾਂ ਨੇ ਕੰਜ਼ਰਵੇਟਿਵ ਪਾਰਟੀ ਦੀ ਹਮਾਇਤ ਕੀਤੀ। ਸਰਵੇਖਣ ਮੁਤਾਬਕ ਐਂਡਰਿਊ ਸ਼ੀਅਰ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਪਾਰਟੀ ਵੱਲ ਲੋਕਾਂ ਦਾ ਝੁਕਾਅ ਘੱਟ ਰਿਹਾ ਹੈ। ਜਗਮੀਤ ਸਿੰਘ ਦੀ ਅਗਵਾਈ ਵਾਲੀ ਐਨਡੀਪੀ ਇਨ੍ਹਾਂ ਸਰਵੇਖਣਾਂ ਵਿਚ ਤੀਜੇ ਸਥਾਨ 'ਤੇ ਹੈ। ਜੇਕਰ ਗੱਲ ਓਂਟਾਰੀਓ ਦੀ ਕੀਤੀ ਜਾਵੇ ਤਾਂ ਇੱਥੇ ਵੀ ਲਿਬਰਲ ਪਾਰਟੀ ਅੱਗੇ ਚੱਲਦੀ ਦਿਖਾਈ ਦੇ ਰਹੀ ਹੈ। ਕੰਜ਼ਰਵੇਟਿਵ ਪੱਛਮੀ ਕੈਨੇਡਾ ਵਿਚ ਅੱਗੇ ਹਨ ਜਦੋਂਕਿ ਲਿਬਰਲ ਓਂਟਾਰੀਓ, ਕਿਊਬੈਕ ਅਤੇ ਐਟਲਾਂਟਿਕ ਕੈਨੇਡਾ ਵਿਚ ਅੱਗੇ ਮੰਨੇ ਜਾ ਰਹੇ ਹਨ। ਤਾਜ਼ਾ ਅੰਕੜਿਆਂ ਮੁਤਾਬਕ ਓਂਟਾਰੀਓ ਵਿਚ ਲਿਬਰਲ 36.4 ਫ਼ੀਸਦੀ, ਕੰਜ਼ਰਵੇਟਿਵ ਨੂੰ 33.2 ਫ਼ੀਸਦੀ ਬਹੁਮਤ ਹਾਸਲ ਹੋ ਸਕਦਾ ਹੈ। ਬ੍ਰੈਂਪਟਨ, ਜਿਸ ਨੂੰ ਪੰਜਾਬੀਆਂ ਦਾ ਗੜ੍ਹ ਮੰਨਿਆ ਜਾਂਦਾ ਹੈ, ਵਿਚ ਵੀ ਸਰਵੇਖਣਾਂ ਮੁਤਾਬਕ ਇੱਥੇ ਸੱਤਾ ਧਿਰ ਦੇ ਉਮੀਦਵਾਰ ਮੁੜ ਤੋਂ ਆਪਣੀਆਂ ਕੁਰਸੀਆਂ 'ਤੇ ਕਾਬਜ਼ ਹੋ ਜਾਣਗੇ। ਦੱਸ ਦੇਈਏ ਕਿ ਬ੍ਰੈਂਪਟਨ ਦੇ ਸਾਰੇ ਐੱਮਪੀ ਭਾਰਤੀ ਮੂਲ ਦੇ ਹਨ। ਕਿਊਬੈਕ ਸੂਬੇ ਵਿਚ ਟਰੂਡੋ ਸਰਕਾਰ ਦੀ ਝੋਲੀ ਵਿਚ 115-198 ਸੀਟਾਂ ਪੈਣ ਦੀ ਉਮੀਦ ਹੈ ਜਦਕਿ ਕੰਜ਼ਰਵੇਟਿਵ ਵੱਲੋਂ 86-196 ਸੀਟਾਂ 'ਤੇ ਕਾਬਜ਼ ਹੋਣ ਦੀ ਉਮੀਦ ਹੈ। ਜੇ ਬੀਸੀ ਸੂਬੇ ਦੀ ਗੱਲ ਕੀਤੀ ਜਾਵੇ ਤਾਂ ਕੰਜ਼ਰਵੇਟਿਵ ਦਾ ਜਿੱਤ ਪ੍ਰਤੀਸ਼ਤ 59 ਫ਼ੀਸਦੀ, ਜਦ ਕਿ 41 ਫ਼ੀਸਦੀ ਜਿੱਤ ਲਿਬਰਲ ਦੇ ਹੱਕ ਵਿਚ ਜਾ ਸਕਦੀ ਹੈ। ਦਰਅਸਲ, ਡੱਗ ਫੋਰਡ ਦੀਆਂ ਨੀਤੀਆਂ ਕਿਤੇ ਨਾ ਕਿਤੇ ਕੈਨੇਡਾ ਵਾਸੀਆਂ ਲਈ ਤਾਨਾਸ਼ਾਹੀ ਵਾਲੀਆਂ ਸਾਬਿਤ ਹੋ ਰਹੀਆਂ ਹਨ। ਉਸ ਵੱਲੋਂ ਕਈ ਵਿੱਤੀ ਸਹਾਇਤਾ ਸਕੀਮਾਂ ਅਤੇ ਲਾਭ ਸਕੀਮਾਂ ਵਿਚ ਲਾਏ ਜਾ ਰਹੇ ਕੱਟਾਂ ਕਾਰਨ ਲੋਕਾਂ ਦਾ ਉਸ ਤੋਂ ਮੋਹ ਭੰਗ ਹੋ ਰਿਹਾ ਹੈ। ਉਸ ਦਾ ਫ਼ਾਇਦਾ ਟਰੂਡੋ ਸਰਕਾਰ ਨੂੰ ਮਿਲਣ ਦੀ ਆਸ ਹੈ। ਆਉਣ ਵਾਲੀਆਂ ਚੋਣਾਂ ਵਿਚ ਲੋਕ ਲਿਬਰਲ ਪਾਰਟੀ ਨੂੰ ਮੁੜ ਤੋਂ ਸੱਤਾ 'ਤੇ ਕਾਬਜ਼ ਦੇਖਣਾ ਚਾਹੁੰਦੇ ਹਨ ਤਾਂ ਜੋ ਅਮਰੀਕਾ ਵਰਗੀ ਸਥਿਤੀ ਕੈਨੇਡਾ ਵਿਚ ਨਾ ਬਣੇ। ਜ਼ਿਕਰਯੋਗ ਹੈ ਕਿ ਟਰੂਡੋ, ਪੰਜਾਬੀਆਂ ਦਾ ਪਸੰਦੀਦਾ ਨੇਤਾ ਹੈ ਅਤੇ ਉਸ ਵੱਲੋਂ ਬਣਾਈਆਂ ਗਈਆਂ ਨੀਤੀਆਂ ਵੀ ਲੋਕਾਂ ਲਈ ਕਾਫੀ ਫ਼ਾਇਦੇਮੰਦ ਰਹੀਆਂ ਹਨ। ਕੈਨੇਡਾ ਚਾਈਲਡ ਕੇਅਰ ਬੈਨੀਫਿਟ, ਟ੍ਰਾਂਜ਼ਿਟ ਸਬੰਧੀ ਸੁਵਿਧਾਵਾਂ, ਮੈਡੀਕਲ ਸਹੂਲਤਾਂ, ਘਟ ਰਹੀ ਬੇਰੁਜ਼ਗਾਰੀ ਦਰ ਅਤੇ ਹੋਰ ਸੁਚਾਰੂ ਨੀਤੀਆਂ ਕਾਰਨ ਲੋਕਾਂ ਦਾ ਝੁਕਾਅ ਮੁੜ ਤੋਂ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਵੱਲ ਵਧਣ ਲੱਗਿਆ ਹੈ।

# ਮੋਰਚਾ ਗੁਰੂ ਕਾ ਬਾਗ-08 ਅਗਸਤ, 1922

**ਪ੍ਰਮਿੰਦਰ ਸਿੰਘ ਪ੍ਰਵਾਨਾ**
(510-781-0487)

ਸਿੱਖ ਧਰਮ ਅਤੇ ਰਾਜਨੀਤੀ ਸੰਸਾਰ ਵਿਚ ਹਮੇਸ਼ਾ ਚਰਚਾ ਦਾ ਵਿਸ਼ਾ ਰਿਹਾ ਹੈ। ਇਸ ਨੇ ਸਦਾ ਹੀ ਸਮਾਜ ਨੂੰ ਪ੍ਰਭਾਵਤ ਕੀਤਾ ਹੈ। ਸਿੱਖ ਧਰਮ ਮੂਲ ਰੂਪ ਵਿਚ ਸਮਾਜ ਸੁਧਾਰਕ ਲਹਿਰ ਅਤੇ ਇਕ ਮਾਨਵਵਾਦੀ ਧਰਮ ਹੈ। ਕੱਟੜਤਾ ਤੇ ਹਕੂਮਤੀ ਜ਼ੁਲਮਾਂ ਦਾ ਟਾਕਰਾ ਕਰਨ ਲਈ, ਮਨੁੱਖੀ ਕਦਰਾਂ ਕੀਮਤਾਂ ਹੱਕ-ਸੱਚ, ਸਵੈਮਾਣ, ਸਵੈ ਰੱਖਿਆ ਅਤੇ ਆਜ਼ਾਦੀ ਵਾਸਤੇ ਫੌਜੀ ਖ਼ਾਲਸਾ ਤਿਆਰ ਹੋਇਆ, ਜਿਸ ਨੇ ਹਮੇਸ਼ਾ ਜ਼ੁਲਮ ਸਹਿੰਦੇ ਵੀ ਹੱਸ ਹੱਸ ਕੇ ਕੁਰਬਾਨੀਆਂ ਦਿੱਤੀਆਂ। ਅਖ਼ੀਰ ਆਪਣਾ ਰਾਜ ਸਥਾਪਤ ਕੀਤਾ ਪਰ ਅੰਗਰੇਜ਼ੀ ਰਾਜ ਵਿਚ ਹਕੂਮਤ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਦੁਆਰਿਆਂ ਅਤੇ ਸਿੱਖੀ ਨੂੰ ਢਾਹ ਲਾਉਣੀ ਸ਼ੁਰੂ ਕਰ ਦਿੱਤੀ। ਇਸ ਵਿਚ ਮਹੰਤਾਂ ਨੂੰ ਆਪਣੇ ਨਾਲ ਰਲਾ ਲਿਆ। ਗੁਰਦੁਆਰਿਆਂ 'ਤੇ ਮਹੰਤਾਂ ਦਾ ਕਬਜ਼ਾ ਕਰਵਾ ਲਿਆ, ਜਿਨ੍ਹਾਂ ਨੇ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਬਣਾ ਕੇ ਅਯਾਸ਼ੀ ਦੇ ਅੱਡੇ ਬਣਾ ਕੇ ਵਰਤਣਾ ਸ਼ੁਰੂ ਕਰ ਦਿੱਤਾ।

ਪਾਵਨ ਇਤਿਹਾਸਕ ਗੁਰਧਾਮਾਂ ਨੂੰ ਭ੍ਰਿਸ਼ਟ ਮਹੰਤਾਂ ਦੇ ਕਬਜ਼ੇ ਵਿਚੋਂ ਆਜ਼ਾਦ ਕਰਵਾਉਣ ਲਈ ਚੱਲੀ ਗੁਰਦੁਆਰਾ ਸੁਧਾਰ ਲਹਿਰ ਹੇਠ ਇਕ ਤੋਂ ਬਾਅਦ ਇਕ ਮੋਰਚਾ ਅੰਗਰੇਜ਼ੀ ਹਕੂਮਤ ਵਿਰੁਧ ਲਾਉਣਾ ਪਿਆ। ਚਾਬੀਆਂ ਦਾ ਮੋਰਚਾ, ਨਨਕਾਣਾ ਸਾਹਿਬ, ਤਰਨ ਤਾਰਨ, ਜੈਤੋਂ, ਗੁਰੂ ਕਾ ਬਾਗ ਆਦਿ ਮੋਰਚੇ ਲੱਗੇ। ਇਸ ਜਨਤਕ ਸ਼ਾਂਤਮਈ ਸੰਘਰਸ਼ ਵਿਚ ਸਿੱਖਾਂ ਨੇ ਬੜੇ ਜੋਸ਼ ਨਾਲ ਵਧ ਚੜ੍ਹ ਕੇ ਹਿੱਸਾ ਲਿਆ। ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਗੁਰਦੁਆਰਿਆਂ ਵਿਚੋਂ ਦੁਰਾਚਾਰੀ ਮਹੰਤਾਂ ਨੂੰ ਕੱਢ ਕੇ ਗੁਰਦੁਆਰਿਆਂ ਨੂੰ ਆਜ਼ਾਦ ਕਰਵਾ ਕੇ ਪ੍ਰਬੰਧ ਸੰਗਤਾਂ ਨੂੰ ਸੌਂਪਿਆ। ਇਨ੍ਹਾਂ ਸਾਰੇ ਮੋਰਚਿਆਂ ਨੇ ਅੱਗੇ ਜਾ ਕੇ ਆਜ਼ਾਦੀ ਦੀ ਲੜਾਈ ਵਿਚ ਕੜੀ ਦਾ ਕੰਮ ਕੀਤਾ।

ਇਨ੍ਹਾਂ ਮੋਰਚਿਆਂ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘੁਕੇਵਾਲੀ ਸੀਂਹਸਰਾ ਆਦਿ ਦੇ ਵਿਚਕਾਰ ਸਥਿਤ ਗੁਰਦੁਆਰਾ 'ਗੁਰੂ ਕਾ ਬਾਗ' ਮੋਰਚਾ ਅਕਾਲੀ ਲਹਿਰ ਦਾ ਮਹੱਤਵਪੂਰਨ ਮੋਰਚਾ ਹੈ। ਅੰਮ੍ਰਿਤਸਰ ਤੋਂ 13 ਕੁ ਮੀਲ ਦੀ ਦੂਰੀ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ



ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਸਥਾਪਤ ਹਨ। ਇਨ੍ਹਾਂ ਗੁਰਧਾਮਾਂ ਦੇ ਨਾਉਂ ਕਾਫ਼ੀ ਜ਼ਮੀਨ ਸੀ। ਮਹੰਤ ਸੁੰਦਰ ਦਾਸ ਦਾ ਕਬਜ਼ਾ ਸੀ ਜੋ ਕਿ ਦੁਰਾਚਾਰੀ, ਅਯਾਸ਼ ਅਤੇ ਭ੍ਰਿਸ਼ਟ ਸੀ। ਉਸ ਨੂੰ ਸਿੱਖਾਂ ਵਿਰੁਧ ਅੰਗਰੇਜ਼ ਸਰਕਾਰ ਦੀ ਸ਼ਹਿ ਮਿਲੀ ਹੋਈ ਸੀ। ਮਹੰਤ ਦੀ ਮਿਲੀਭੁਗਤ ਨਾਲ ਹੀ 20 ਫਰਵਰੀ, 1921 ਈ. ਨੂੰ ਵਾਪਰੇ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਤੋਂ ਬਾਅਦ 8 ਅਗਸਤ, 1922 ਈ. ਨੂੰ ਸਾਕਾ ਗੁਰੂ ਕਾ ਬਾਗ ਵਾਪਰਿਆ, ਜੋ ਸਿੱਖ ਕੌਮ ਦੀ ਅੰਗਰੇਜ਼ੀ ਸਰਕਾਰ ਦੇ ਜ਼ੁਲਮ ਵਿਰੁਧ ਅਤੇ ਆਪਣੇ ਧਰਮ ਪ੍ਰਤੀ ਵਿਖਾਈ ਕੁਰਬਾਨੀ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਕ ਦਿਨ ਗੁਰੂ ਕਾ ਬਾਗ ਦੀ ਜ਼ਮੀਨ ਤੋਂ ਲੰਗਰਾਂ ਦੀ ਸੇਵਾ ਵਾਸਤੇ ਬਾਲਣ ਲੈਣ ਗਏ ਪੰਜ ਸਿੰਘਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਿੰਘਾਂ ਨੂੰ 6 ਮਹੀਨੇ ਦੀ ਕੈਦ ਅਤੇ ਜੁਰਮਾਨਾ ਕਰ ਦਿੱਤਾ। ਇਸ ਘਟਨਾ ਦੇ ਨਾਲ ਹੀ 'ਮੋਰਚਾ ਗੁਰੂ ਕਾ ਬਾਗ' ਆਰੰਭ ਹੁੰਦਾ ਹੈ।

ਸ਼੍ਰੋਮਣੀ ਕਮੇਟੀ ਵਲੋਂ ਪੁਰਅਮਨ ਸੰਘਰਸ਼ ਕਰਨ ਲਈ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ। ਰੋਸ ਵਜੋਂ 5 ਸਿੰਘਾਂ ਦਾ ਜਥਾ ਗ੍ਰਿਫ਼ਤਾਰੀ ਲਈ ਭੇਜਿਆ ਜਾਣ ਲੱਗਾ, ਜਿਸ ਨੂੰ ਪੁਲਿਸ ਫੜ ਕੇ ਦੂਰ ਦੁਰਾਡੇ ਛੱਡ ਆਉਂਦੇ। ਜਦੋਂ ਗ੍ਰਿਫ਼ਤਾਰੀਆਂ ਦੀ ਗਿਣਤੀ ਵਧਦੀ ਗਈ ਤਾਂ ਪੁਲਿਸ ਦੀ ਸਖ਼ਤੀ ਵਧਦੀ ਗਈ। ਫਿਰ 31 ਅਗਸਤ, 1922 ਨੂੰ 200 ਅਕਾਲੀਆਂ ਦਾ ਜਥਾ ਅੰਮ੍ਰਿਤਸਰ ਤੋਂ ਗੁਰੂ ਕਾ ਬਾਗ ਭੇਜਿਆ ਗਿਆ। ਜਥੇ ਨੂੰ ਗੁੰਮਟਾਲਾ ਪੁਲ ਤੇ ਘੇਰ ਕੇ ਕੁੱਟਿਆ ਗਿਆ। ਪਿੰਡ ਸਹਿਸਰਾ, ਘੁਕੇਵਾਲੀ, ਲਸ਼ਕਰੀ, ਨੰਗਲ, ਜਗਦੇਵ ਕਲਾਂ ਵਿਚ ਵੀ ਸਿੱਖਾਂ ਦੀ ਕਾਫ਼ੀ ਮਾਰ ਕੁੱਟ ਕੀਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਵਿਚ ਬੈਠੇ ਸਿੰਘਾਂ ਨੂੰ ਕੇਸਾਂ ਤੋਂ ਧੂਹ ਕੇ ਸੁੱਟਿਆ ਗਿਆ। ਬੰਦੂਕਾਂ ਦੇ ਦਸਤੇ ਅਤੇ ਡਾਂਗਾਂ ਨਾਲ ਭਾਰੀ ਕੁੱਟ ਮਾਰ ਕੀਤੀ ਗਈ। ਮੁੱਖ ਆਗੂਆਂ ਦੀ ਗ੍ਰਿਫ਼ਤਾਰੀ ਦੇ ਵੀ ਸੰਮਨ ਜਾਰੀ ਹੋ ਗਏ। ਅੰਮ੍ਰਿਤਸਰ ਤੋਂ ਪਹਿਲਾ 50 ਦਾ ਜਥਾ, ਫਿਰ 100 ਦਾ ਜਥਾ ਭੇਜਿਆ ਜਾਣ ਲੱਗਾ। ਰੋਜ਼ਾਨਾ ਤੁਰਨ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਤੋਂ ਅਰਦਾਸਾ ਸੋਧ ਕੇ ਸ਼ਾਂਤਮਈ ਗੁਰੂ ਕਾ ਬਾਗ ਮੋਰਚੇ ਲਈ ਕੁਰਬਾਨੀਆਂ ਦੇਣ ਲੱਗੇ। ਪਰ ਇਹ ਰੱਬ ਦੇ ਭਾਣੇ ਵਿਚ ਰਹਿ ਕੇ ਸਤਿਨਾਮ ਦਾ ਜਾਪ ਕਰਦੇ ਅੱਗੇ ਤੁਰੀ ਜਾਂਦੇ। ਪੁਲਿਸ ਉਨ੍ਹਾਂ ਦੇ ਲਾਠੀਆਂ ਵਰ੍ਹਾਉਂਦੀ। ਇਹ ਸਾਰਾ ਤਸ਼ੱਦਦ ਤਨ ਤੇ ਹੰਢਾਉਂਦੇ ਹੋਏ ਫੱਟੜ ਹੋ ਕੇ ਡਿੱਗ ਜਾਂਦੇ। ਹੌਂਸਲਾ ਕਰਕੇ ਫਿਰ ਉਠਦੇ ਅਤੇ ਮਾਰ ਖਾਣ ਲਈ ਛਾਤੀਆਂ ਤਾਣ ਦੇਂਦੇ। ਪੁਲਿਸ ਨੇ ਡਾਂਗਾਂ ਨਾਲ ਹੀ ਬਸ ਨਹੀਂ ਕੀਤੀ, ਸਗੋਂ ਫੱਟੜ ਹੋ ਕੇ ਡਿੱਗੇ ਸਿੰਘਾਂ ਤੇ ਘੋੜੇ ਵੀ ਦੁੜਾਏ ਜਾਣ ਲੱਗੇ। ਸੰਸਾਰ ਭਰ ਵਿਚ ਸਿੰਘਾਂ ਦੇ ਸਬਰ ਅਤੇ ਸ਼ਾਂਤਮਈ ਵਿਰੋਧ ਦੇ ਚਰਚੇ ਹੋਣ ਲੱਗੇ। ਅੰਗਰੇਜ਼ੀ ਹਕੂਮਤ ਦੇ ਵਹਿਸ਼ੀਪੁਣੇ ਅਣਮਨੁੱਖੀ ਤਸ਼ੱਦਦ ਦੀ ਘੋਰ ਨਿਖੇਧੀ ਹੋਣ ਲੱਗੀ। ਭਾਰੀ ਗਿਣਤੀ ਵਿਚ ਲੋਕ ਅਤੇ ਨੇਤਾ ਗੁਰੂ ਕਾ ਬਾਗ ਪਹੁੰਚਣ ਲੱਗੇ ਜਿਨ੍ਹਾਂ ਵਿਚ ਮਦਨ ਮੋਹਨ ਮਾਲਵੀਆ, C.F. Andrews, ਜੋਗਿੰਦਰ ਸਿੰਘ, ਸੁੰਦਰ ਸਿੰਘ ਮਜੀਠੀਆ, ਹਰਬੰਸ ਸਿੰਘ ਅਟਾਰੀ, ਲਾਲ ਦੁਨੀ ਚੰਦ, ਮਲਕ ਲਾਲ ਖਾਂ, ਸਯਦ ਅਤਾਉਲਾ ਸ਼ਾਹ, ਪ੍ਰੋ. ਰੁਚੀ ਰਾਮ ਸਾਹਨੀ, ਹਕੀਮ ਅਜ਼ਮਲ ਖਾਂ, ਸਵਾਮੀ ਸ਼ਰਧਾਨੰਦਾ, ਡਾ. ਅਨਸਾਰੀ, ਭਾਈ ਜੋਧ ਸਿੰਘ, ਸ਼ੰਕਰ ਅਚਾਰੀਆ, ਪੰਡਤ ਮੋਤੀ ਲਾਲ ਨਹਿਰੂ, ਸਰੋਜਨੀ ਨਾਇਡੂ ਆਦਿ ਤੋਂ ਇਲਾਵਾ ਅਖ਼ਬਾਰ ਨਵੀਸ ਸਨ। ਸਭ ਨੇ ਅੰਗਰੇਜ਼ੀ ਹਕੂਮਤ ਦੀ ਇਸ ਕਾਰਵਾਈ ਦੀ ਨਿਖੇਧੀ ਕੀਤੀ। ਸਿੰਘਾਂ ਨੇ ਜਿਸ ਦ੍ਰਿੜਤਾ ਨਾਲ ਸਬਰ ਨਾਲ ਅਸਹਿ ਮੁਸੀਬਤਾਂ ਦਾ ਸਾਹਮਣਾ ਕੀਤਾ ਅਤੇ ਅਤਿ ਦੇ ਤਸ਼ੱਦਦ ਸਾਹਮਣੇ ਹੱਥ ਨਹੀਂ ਚੁੱਕੇ ਦੀ ਅਦੁੱਤੀ ਮਿਸਾਲ ਕਾਇਮ ਕੀਤੀ। C.F. Andrews ਜਿਸ ਨੇ ਇਕ ਮਸੀਹਾ ਸੂਲੀ ਚੜ੍ਹਦੇ ਸੁਣਿਆ ਸੀ, ਅੱਖਾਂ ਸਾਹਮਣੇ ਸੈਂਕੜੇ ਲੋਕ ਤਸੀਹੇ ਝਲਦੇ ਵੇਖ ਕੇ ਰੋ ਪਿਆ ਸੀ। ਉਸ ਨੇ ਅਖ਼ਬਾਰਾਂ ਨੂੰ ਭੇਜਿਆ ਕਿ ਇਹ ਅੰਗਰੇਜ਼ੀ ਸਰਕਾਰ ਦਾ ਅਣਮਨੁੱਖੀ ਤਸ਼ੱਦਦ ਹੈ। ਇਕ ਹਿਰਦੇਵੇਦਕ ਘਟਨਾ ਹੈ ਜੋ ਕਿ ਇਕ ਅੰਗਰੇਜ਼ ਤੋਂ ਵੀ ਨਹੀਂ ਦੇਖੀ ਜਾ ਸਕਦੀ। ਰੱਬ ਅਜਿਹਾ ਸਮਾਂ ਕਿਸੇ ਨੂੰ ਵੀ ਨਾ ਵਿਖਾਵੇ। ਅੰਗਰੇਜ਼ੀ ਫਿਲਮਸਾਜ਼ A.L.VERGES ਨੇ ਇਸ ਦਰਦਨਾਕ ਦ੍ਰਿਸ਼ਨ ਦੀ ਫਿਲਮ ਵੀ ਬਣਾਈ।

ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੇ ਗੁਰੂ ਕਾ ਬਾਗ ਦਾ ਦੌਰਾ ਕੀਤਾ। Sir Edward Mallagam ਉਸ ਦੇ ਦਖ਼ਲ ਦੇਣ ਨਾਲ ਸਿੰਘਾਂ ਤੇ ਡਾਂਗਾਂ ਵਰਨੀਆਂ ਤਾਂ ਬੰਦ ਹੋ ਗਈਆਂ ਪਰ ਗ੍ਰਿਫਤਾਰੀਆਂ ਦਾ ਦੌਰ 17 ਨਵੰਬਰ 1922 ਤੱਕ ਚੱਲਿਆ। ਅਕਤੂਬਰ ਦੇ ਪਹਿਲੇ ਹਫ਼ਤੇ ਗਵਰਨਰ ਜਨਰਲ Lord Reading ਨੇ ਪੰਜਾਬ ਦੇ ਗਵਰਨਰ ਨਾਲ ਇਸ ਮਸਲੇ ਦੇ ਹੱਲ ਲਈ ਗੱਲਬਾਤ ਕੀਤੀ। ਅਖ਼ੀਰ ਪੰਜਾਬ ਸਰਕਾਰ ਨੇ ਮਹੰਤ ਸੁੰਦਰ ਦਾਸ ਵਲੋਂ ਗੁਰਦੁਆਰਾ ਦੀ ਜ਼ਮੀਨ ਦਾ ਠੇਕਾ ਰਾਇ ਬਹਾਦਰ ਗੰਗਾ ਰਾਮ ਨੂੰ ਦਿਵਾ ਕੇ ਜ਼ਮੀਨ ਦਾ ਜ਼ੁੰਮਾ ਸੰਗਤਾਂ ਨੂੰ ਮਿਲ ਗਿਆ। ਅੰਤ 17 ਨਵੰਬਰ 1922 ਨੂੰ ਸਿੰਘ ਰਿਹਾਅ ਹੋ ਗਏ ਅਤੇ ਮੋਰਚਾ ਸਮਾਪਤ ਹੋਇਆ।

ਇਸ ਸ਼ਾਂਤਮਈ ਮੋਰਚੇ ਵਿਚ 839 ਸਿੰਘ ਜ਼ਖ਼ਮੀ ਅਤੇ 5605 ਸਿੰਘ ਗ੍ਰਿਫ਼ਤਾਰ ਹੋਏ ਸਨ। ਜਿਨ੍ਹਾਂ ਵਿਚ ਲਗਭਗ 35 ਸ਼੍ਰੋਮਣੀ ਕਮੇਟੀ ਦੇ ਮੈਂਬਰ ਅਤੇ 200 ਫੌਜੀ ਪੈਨਸ਼ਨੀਏ ਸਨ। ਇਸ ਮੋਰਚੇ ਨਾਲ ਗੁਰਦੁਆਰਾ ਸੁਧਾਰ ਲਹਿਰ ਨੂੰ ਬੜਾ ਬਲ ਮਿਲਿਆ, ਸਿੰਘਾਂ ਦੇ ਸਿਦਕ ਅਤੇ ਬਹਾਦਰੀ ਤੇ ਲੋਕਾਂ ਨੇ ਮਾਣ ਕੀਤਾ। ਸੂਰਬੀਰਾਂ ਨੇ ਅੰਗਰੇਜ਼ੀ ਪੁਲਿਸ ਦੇ ਅਣਮਨੁੱਖੀ ਤਸ਼ੱਦਦ ਨੂੰ ਸਹਿਣਸ਼ੀਲਤਾ, ਹੱਠ, ਤਿਆਗ ਦਾ ਸਬੂਤ ਦਿੰਦੇ ਹੋਏ ਆਪਣੇ ਤਨ ਤੇ ਜਰਿਆ। ਗੁਰਧਾਮਾਂ ਦੀ ਸ਼ਾਨ ਬਰਕਰਾਰ ਰੱਖਣ ਲਈ ਆਪਣੇ ਵਿਰਸੇ ਨੂੰ ਸੁਰਜੀਤ ਕੀਤਾ। ਮੋਰਚੇ ਦੀ ਜਿੱਤ ਨਾਲ ਆਜ਼ਾਦੀ ਅੰਦੋਲਨ ਦਾ ਰਾਹ ਪੱਧਰਾ ਹੋਇਆ। ਲੋਕਾਂ ਵਿਚ ਜਨਤਕ ਤੌਰ 'ਤੇ ਇਨਕਲਾਬੀ ਉਤਸ਼ਾਹ ਆਇਆ। ਕਿਉਂਕਿ ਇਹ ਮੋਰਚਾ ਸਿੱਧਾ ਹੀ ਅੰਗਰੇਜ਼ੀ ਹਕੂਮਤ ਦੇ ਖ਼ਿਲਾਫ਼ ਸੀ, ਇਸ ਮੋਰਚੇ ਨੇ ਚੜ੍ਹਦੀ ਕਲਾ, ਸਰਬੱਤ ਦਾ ਭਲਾ ਦੇ ਸਿਧਾਂਤ ਨੂੰ ਪ੍ਰਫੁੱਲਤ ਕੀਤਾ ਅਤੇ ਉਸ ਸਮੇਂ ਦੇ ਸਿੱਖ ਆਚਰਣ ਵਿਚ ਪ੍ਰਦਰਸ਼ਤ ਗੁਣਾਂ ਨੂੰ ਅਪਨਾਉਣ ਦੀ ਸਿੱਖਿਆ ਮਿਲਦੀ ਹੈ। ਇਹ ਇਕ ਗੌਰਵਮਈ ਇਤਿਹਾਸਕ ਮੋਰਚਾ ਸੀ।

# ਪੰਜਾਬ 'ਚ ਡਾਲਰ ਚਿਣ ਕੇ ਬਣਾਈਆਂ ਕੋਠੀਆਂ ਨੂੰ ਲੱਗੇ ਜਿੰਦਰੇ

- ਇਕੱਲੇ ਬਜ਼ੁਰਗ ਭੋਗ ਰਹੇ ਨੇ ਨਰਕ ਭਰਿਆ ਜੀਵਨ
- ਨੌਜਵਾਨ ਤਬਕੇ 'ਚ ਬੇਰੁਜ਼ਗਾਰੀ ਕਾਰਨ ਵਿਦੇਸ਼ ਜਾਣ ਦੀ ਹੋੜ ਲੱਗੀ
- ਆਈਲੈਟਸ ਕੇਂਦਰਾਂ ਤੇ ਠੱਗ ਟ੍ਰੈਵਲ ਏਜੰਟਾਂ ਦੀ ਗਿਣਤੀ 'ਚ ਭਾਰੀ ਇਜ਼ਾਫਾ
- ਸਟੱਡੀ ਵੀਜ਼ੇ ਲਈ ਪਾੜ੍ਹਿਆਂ ਦੇ ਖਰਚੇ ਨੇ ਮਾਪਿਆਂ 'ਤੇ ਚਾੜ੍ਹੇ ਕਰਜ਼ੇ



**ਜਲੰਧਰ/ਸਟਾਫ ਰਿਪੋਰਟਰ :**
ਪਿੰਡ ਮਿਆਣੀ ਦਾ 70 ਸਾਲਾ ਬਜ਼ੁਰਗ ਬਲਦੇਵ ਸਿੰਘ ਕੁਝ ਦਿਨ ਪਹਿਲਾਂ ਸਿਰ ਦੀ ਨਸ ਫ਼ਟਣ ਕਰ ਕੇ ਆਪਣੇ ਕਮਰੇ ਵਿਚ ਡਿੱਗ ਪਿਆ। ਘਰ ਵਿਚ ਹੋਰ ਕੋਈ ਨਹੀਂ ਸੀ। ਜਿਵੇਂ-ਕਿਵੇਂ ਟੈਲੀਫ਼ੋਨ ਕਰ ਕੇ ਪਿੰਡ ਦੇ ਇਕ ਵਾਕਿਫ਼ ਨੂੰ ਦੱਸਿਆ। ਉਹ ਆਪਣੇ ਸਾਥੀਆਂ ਨੂੰ ਲੈ ਕੇ ਘਰ ਤਾਂ ਆ ਗਿਆ, ਪਰ ਅੰਦਰੋਂ ਜਿੰਦਾ ਲੱਗਿਆ ਹੋਇਆ ਸੀ। ਕੰਧ ਟੱਪ ਕੇ ਮਦਦਗਾਰ ਅੰਦਰ ਪੁੱਜੇ। ਸਬੱਬੀਂ ਅੰਦਰਲਾ ਦਰਵਾਜ਼ਾ ਖੁੱਲ੍ਹਾ ਹੋਇਆ ਸੀ। ਉਨ੍ਹਾਂ ਬਜ਼ੁਰਗ ਨੂੰ ਗੱਡੀ ਵਿਚ ਪਾ ਕੇ ਹਸਪਤਾਲ ਪਹੁੰਚਾਇਆ। ਦੋ-ਤਿੰਨ ਦਿਨ ਉਸ ਦੀ ਖਿਦਮਤ ਕੀਤੀ ਤੇ ਫ਼ਿਰ ਕਿਸੇ ਦੂਰ ਦੇ ਰਿਸ਼ਤੇਦਾਰ ਨੂੰ ਸੱਦ ਕੇ ਉਸ ਦੇ ਹਵਾਲੇ ਕੀਤਾ। ਅਜੇ ਵੀ ਉਹ ਬਜ਼ੁਰਗ ਹਸਪਤਾਲ ਵਿਚ ਜ਼ੇਰੇ ਇਲਾਜ ਹੈ। ਪਤਨੀ ਤੇ ਬੱਚੇ ਵਿਦੇਸ਼ ਵਿਚ ਹਨ। ਦੋਆਬੇ ਵਿਚ ਇਸ ਤਰ੍ਹਾਂ ਦੇ ਕਈ ਬਲਦੇਵ ਸਿੰਘ ਆਪਣੇ ਪੁੱਤਾਂ-ਧੀਆਂ ਨੂੰ ਵਿਦੇਸ਼ ਭੇਜ ਕੇ ਖਾਲੀ ਹੋਏ ਬੈਠੇ ਹਨ। ਪੁਰਸ਼ਾਂ ਨਾਲੋਂ ਔਰਤਾਂ ਅਜਿਹੇ



ਹਾਲਾਤ ਦਾ ਸਾਹਮਣਾ ਜ਼ਿਆਦਾ ਕਰ ਰਹੀਆਂ ਹਨ। ਦੋਆਬੇ ਦੇ ਪਿੰਡਾਂ ਵਿਚ ਖ਼ਾਸ ਤੌਰ 'ਤੇ ਬਿਆਸ ਦਰਿਆ ਨਾਲ ਲੱਗਦੇ ਬੇਟ ਇਲਾਕੇ ਵਿਚ ਵਿਦੇਸ਼ਾਂ ਨੂੰ ਜਾਣਾ 'ਸਟੇਟਸ ਸਿੰਬਲ' ਹੈ। ਦੋਆਬੇ ਵਿਚ ਵਿਦੇਸ਼ੀਂ ਜਾਣ ਦਾ ਮੋਹ ਇੰਨਾ ਭਾਰੂ ਹੈ ਕਿ ਘਰਾਂ ਦੇ ਘਰ ਖਾਲੀ ਹੋਏ ਪਏ ਹਨ। ਡਾਲਰ ਚਿਣ ਕੇ ਬਣਾਈਆਂ ਇਮਾਰਤਾਂ ਭੂਤ ਬੰਗਲੇ ਬਣੇ ਪਏ ਹਨ, ਜਿੱਥੇ ਜਿੰਦਰੇ ਲੱਗੇ ਹਨ ਜਾਂ ਕਿਸੇ ਘਰ ਵਿਚ ਕੋਈ ਬਜ਼ੁਰਗ ਬੈਠਾ ਹੈ ਤੇ ਕਿਸੇ ਵਿਚ ਕੋਈ ਨੌਜਵਾਨ ਵੀਜ਼ੇ ਦੀ ਉਡੀਕ ਵਿਚ ਹੈ। ਵਿਦੇਸ਼ਾਂ ਵਿਚ ਪਰਵਾਸ ਕਰਨ ਦਾ ਰੁਝਾਨ 70ਵਿਆਂ ਵਿਚ ਸ਼ੁਰੂ ਹੋਇਆ ਸੀ, ਜੋ ਅੱਜ ਵੱਡੀ ਪੱਧਰ 'ਤੇ ਜਾਰੀ ਹੈ। ਇੰਝ ਜਾਪਦਾ ਹੈ ਕਿ ਪੂਰਾ ਪੰਜਾਬ ਕੈਨੇਡਾ ਜਾ ਵਸਣਾ ਹੈ।

**ਆਈਲੈਟਸ ਕੇਂਦਰਾਂ ਦੀ ਗਿਣਤੀ ਵਧੀ-**
ਪੰਜਾਬ ਵਿਚ ਆਈਲੈੱਟਸ ਕੇਂਦਰਾਂ ਦੇ ਨਾਲ-ਨਾਲ ਟਰੈਵਲ ਏਜੰਟਾਂ ਦੀ ਗਿਣਤੀ ਵੀ ਵਧ ਗਈ ਹੈ। ਸਰਕਾਰ ਦੀਆਂ ਹਦਾਇਤਾਂ ਤੋਂ ਬਾਅਦ ਟਰੈਵਲ ਏਜੰਟਾਂ ਨੇ ਰਜਿਸਟ੍ਰੇਸ਼ਨ ਕਰਾਉਣੀ ਸ਼ੁਰੂ ਕੀਤੀ ਹੈ। ਇਸ ਵੇਲੇ ਸਿਰਫ਼ 130 ਦੇ ਕਰੀਬ ਰਜਿਸਟਰਡ ਏਜੰਟ ਹਨ।
ਕੇਂਦਰੀ ਵਿੱਤ ਮੰਤਰਾਲੇ ਦੇ ਵੇਰਵੇ ਹਨ ਕਿ 2015-16 ਤੋਂ 2018-19 ਤੱਕ ਦੇ ਚਾਰ ਵਰ੍ਹਿਆਂ ਦੌਰਾਨ ਪੰਜਾਬ ਦੇ ਕਰੀਬ 50,499 ਵਿਦਿਆਰਥੀਆਂ ਨੂੰ ਦੇਸ਼ ਤੇ ਵਿਦੇਸ਼ ਵਿਚ ਪੜ੍ਹਾਈ ਲਈ 'ਐਜੂਕੇਸ਼ਨ ਕਰਜ਼' ਲੈਣਾ ਪਿਆ ਹੈ। ਇਨ੍ਹਾਂ ਚਾਰ ਵਰ੍ਹਿਆਂ ਦੌਰਾਨ ਮਾਪਿਆਂ ਸਿਰ ਐਜੂਕੇਸ਼ਨ ਲੋਨ ਦੇ 1718.93 ਕਰੋੜ ਰੁਪਏ ਚੜ੍ਹੇ ਹਨ। ਇਹ ਵੇਰਵਾ ਸਿਰਫ਼ ਪਬਲਿਕ ਸੈਕਟਰ ਦੇ ਬੈਂਕਾਂ ਦਾ ਹੈ। ਪ੍ਰਾਈਵੇਟ ਬੈਂਕਾਂ ਤਰਫ਼ੋਂ ਦਿੱਤਾ ਐਜੂਕੇਸ਼ਨ ਲੋਨ ਵੱਖਰਾ ਹੈ। ਦੇਸ਼ ਵਿਚ ਮੈਡੀਕਲ ਤੇ ਇੰਜਨੀਅਰਿੰਗ ਦੀ ਪੜ੍ਹਾਈ ਆਮ ਘਰਾਂ ਦੀ ਪਹੁੰਚ ਤੋਂ ਬਾਹਰ ਹੈ। ਨਵਾਂ ਰੁਝਾਨ ਹੁਣ ਵਿਦੇਸ਼ ਪੜ੍ਹਾਈ ਲਈ ਕਰਜ਼ਾ ਚੁੱਕਣ ਦਾ ਹੈ, ਜੋ ਹਰ ਵਰ੍ਹੇ ਵਧ ਰਿਹਾ ਹੈ।

ਮੋਟੇ ਅੰਦਾਜ਼ੇ ਅਨੁਸਾਰ ਪਬਲਿਕ ਸੈਕਟਰ ਬੈਂਕਾਂ ਵੱਲੋਂ ਪੰਜਾਬ ਦੇ ਕਰੀਬ 20 ਹਜ਼ਾਰ ਵਿਦਿਆਰਥੀਆਂ ਨੇ ਵਿਦੇਸ਼ ਪੜ੍ਹਾਈ ਲਈ ਕਰੀਬ ਇੱਕ ਹਜ਼ਾਰ ਕਰੋੜ ਦਾ ਐਜੂਕੇਸ਼ਨ ਲੋਨ ਲਿਆ ਹੈ ਜਦੋਂ ਕਿ ਤਿੰਨ ਵਰ੍ਹਿਆਂ ਵਿਚ 897 ਵਿਦਿਆਰਥੀਆਂ ਨੂੰ ਐਜੂਕੇਸ਼ਨ ਲੋਨ ਤੋਂ ਇਨਕਾਰ ਹੋਇਆ ਹੈ। ਸਟੇਟ ਬੈਂਕ ਆਫ਼ ਇੰਡੀਆ ਨੇ ਸਭ ਤੋਂ ਵੱਧ ਐਜੂਕੇਸ਼ਨ ਲੋਨ ਦਿੱਤਾ ਹੈ। ਇਸ ਬੈਂਕ ਨੇ 2016-17 ਤੋਂ ਹੁਣ ਤੱਕ 2162 ਵਿਦਿਆਰਥੀਆਂ ਨੂੰ ਵਿਦੇਸ਼ ਪੜ੍ਹਾਈ ਲਈ 326.63 ਕਰੋੜ ਰੁਪਏ ਦਾ ਐਜੂਕੇਸ਼ਨ ਲੋਨ ਦਿੱਤਾ ਹੈ ਜਦੋਂ ਕਿ ਪਬਲਿਕ ਸੈਕਟਰ ਦੇ ਹੋਰਨਾਂ 20 ਬੈਂਕਾਂ ਨੇ ਐਜੂਕੇਸ਼ਨ ਲੋਨ ਵੰਡਿਆ ਹੈ।
ਐਜੂਕੇਸ਼ਨ ਲੋਨ ਦੀ 15 ਵਰ੍ਹਿਆਂ ਵਿਚ ਵਾਪਸੀ ਕਰਨੀ ਹੁੰਦੀ ਹੈ। ਸਟੇਟ ਬੈਂਕ ਆਫ਼ ਇੰਡੀਆ ਦੇ ਚੀਫ਼ ਮੈਨੇਜਰ (ਲੋਨ ਸੈਕਸ਼ਨ) ਸ੍ਰੀ ਅਜੇ ਲੂਥਰਾ ਦਾ ਕਹਿਣਾ ਸੀ ਕਿ ਪੰਜਾਬ ਵਿਚ ਹਰ ਵਰ੍ਹੇ ਐਜੂਕੇਸ਼ਨ ਲੋਨ ਦੇ ਕੇਸਾਂ ਦੀ ਗਿਣਤੀ ਵਧ ਰਹੀ ਹੈ ਅਤੇ ਸ਼ਹਿਰੀ ਅਤੇ ਪੇਂਡੂ ਲੋਕਾਂ ਵੱਲੋਂ ਇਹ ਕਰਜ਼ ਲਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹੁਣ ਵਿਦੇਸ਼ ਪੜ੍ਹਾਈ ਲਈ ਵੀ ਐਜੂਕੇਸ਼ਨ ਲੋਨ ਲੈਣ ਦੀ ਦਰ ਵਧ ਰਹੀ ਹੈ। ਮਾਲ ਮਹਿਕਮੇ ਦੇ ਸੇਵਾ ਮੁਕਤ ਅਧਿਕਾਰੀ ਨਿਰਮਲ ਸਿੰਘ ਜੰਗੀਰਾਣਾ ਦਾ ਪ੍ਰਤੀਕਰਮ ਸੀ ਕਿ ਮਾਪੇ ਚੰਗੇਰੇ ਭਵਿੱਖ ਦੀ ਆਸ ਨਾਲ ਧੀਆਂ ਪੁੱਤਾਂ ਨੂੰ ਵਿਦੇਸ਼ ਭੇਜ ਰਹੇ ਹਨ ਕਿਉਂਕਿ ਨਸ਼ਿਆਂ ਦਾ ਡਰ ਅਤੇ ਰੁਜ਼ਗਾਰ ਦੇ ਮੌਕੇ ਨਾ ਹੋਣ ਕਰਕੇ ਹੁਣ ਪੰਜਾਬ ਸੁਰੱਖਿਅਤ ਨਹੀਂ ਰਿਹਾ।
ਪਬਲਿਕ ਸੈਕਟਰ ਬੈਂਕਾਂ ਨੇ ਪੰਜਾਬ ਵਿਚ ਸਾਲ 2018-19 ਵਿਚ 4815 ਵਿਦਿਆਰਥੀਆਂ ਅਤੇ ਸਾਲ 2017-18 ਵਿਚ 4644 ਅਤੇ ਉਸ ਤੋਂ ਪਹਿਲਾਂ ਸਾਲ 2016-17 ਵਿਚ 4107 ਵਿਦਿਆਰਥੀਆਂ ਨੂੰ ਵਿਦੇਸ਼ ਪੜ੍ਹਾਈ ਲਈ ਸਟੱਡੀ ਲੋਨ ਦਿੱਤਾ ਹੈ। ਪੰਜਾਬੀ ਵਿਦਿਆਰਥੀ ਦੇਸ਼ ਅਤੇ ਵਿਦੇਸ਼ ਵਿੱਚ ਪੜ੍ਹਾਈ ਲਈ ਹਰ ਵਰ੍ਹੇ ਔਸਤਨ 500 ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਚੁੱਕ ਰਹੇ ਹਨ। ਬੈਂਕਾਂ ਵੱਲੋਂ 7.50 ਲੱਖ ਰੁਪਏ ਤੱਕ ਦੇ ਐਜੂਕੇਸ਼ਨ ਲੋਨ 'ਤੇ ਕੋਈ ਪ੍ਰਾਪਰਟੀ ਵਗੈਰਾ ਪਲੈੱਜ ਨਹੀਂ ਕੀਤੀ ਜਾਂਦੀ। ਉਸ ਤੋਂ ਵੱਡੀ ਰਕਮ 'ਤੇ ਜ਼ਮੀਨ ਗਿਰਵੀ ਕਰਨੀ ਪੈਂਦੀ ਹੈ।
ਪੰਜਾਬ ਦੇ ਪੇਂਡੂ ਘਰਾਂ ਲਈ 'ਸਟੱਡੀ ਵੀਜ਼ਾ' ਹੁਣ ਸਸਤਾ ਸੌਦਾ ਨਹੀਂ। ਪੇਂਡੂ ਮਾਪੇ ਸਟੱਡੀ ਵੀਜ਼ੇ ਲਈ ਕਰਜ਼ੇ ਚੁੱਕ ਰਹੇ ਹਨ, ਜ਼ਮੀਨਾਂ ਵੇਚ ਰਹੇ ਹਨ ਤਾਂ ਜੋ ਧੀਆਂ ਪੁੱਤਾਂ ਨੂੰ ਵਿਦੇਸ਼ ਪੜ੍ਹਾਈ ਲਈ ਭੇਜ ਸਕਣ। ਇਵੇਂ ਮੁਲਕ ਵਿਚ ਵੀ ਪੜ੍ਹਾਈ ਮਹਿੰਗਾ ਸੌਦਾ ਬਣੀ ਹੈ, ਜਿਸ ਵਜੋਂ ਮੈਡੀਕਲ ਪੜ੍ਹਾਈ ਲਈ ਵੀ ਕਰਜ਼ਾ ਚੁੱਕਣਾ ਪੈਂਦਾ ਹੈ। ਭਾਵੇਂ ਹਰ ਤਬਕਾ ਐਜੂਕੇਸ਼ਨ ਲੋਨ ਚੁੱਕ ਰਿਹਾ ਹੈ ਪ੍ਰੰਤੂ ਦੋ ਤਿੰਨ ਵਰ੍ਹਿਆਂ ਤੋਂ ਪੇਂਡੂ ਕਿਸਾਨ ਪਰਿਵਾਰ ਆਪਣੇ ਬੱਚਿਆਂ ਨੂੰ ਸਟੱਡੀ ਵੀਜ਼ੇ ਤੇ ਵਿਦੇਸ਼ ਪੜ੍ਹਾਈ ਖਾਤਰ ਕਰਜ਼ਾ ਚੁੱਕ ਰਹੇ ਹਨ। ਇਥੋਂ ਤੱਕ ਵੱਡੀ ਪੱਧਰ 'ਤੇ ਪਿੰਡਾਂ ਵਿਚ ਜ਼ਮੀਨਾਂ ਵਿਕਣ ਕਾਰਨ ਜ਼ਮੀਨਾਂ ਦੇ ਭਾਅ ਥੱਲੇ ਡਿੱਗ ਰਹੇ ਹਨ।
ਪਿੰਡ ਗਿਲਜੀਆਂ ਦਾ ਨੌਜਵਾਨ ਗੁਰਮੀਤ ਸਿੰਘ ਵਿਦੇਸ਼ ਜਾਣ ਦੀ ਉਡੀਕ ਵਿਚ ਪੜ੍ਹਾਈ ਛੱਡ ਕੇ ਬੈਠਾ ਹੈ। ਮਾਪਿਆਂ ਨੇ ਕਰਜ਼ਾ ਲੈ ਕੇ ਉਸ ਦੇ ਵੱਡੇ ਭਰਾ ਨੂੰ ਬਾਹਰ ਭੇਜ ਦਿੱਤਾ ਸੀ। ਹੁਣ ਇੰਤਜ਼ਾਰ ਹੈ ਕਿ ਉਹ ਪੈਸੇ ਭੇਜ ਕੇ ਕਰਜ਼ਾ ਉਤਾਰੇ ਤੇ ਛੋਟੇ ਭਰਾ ਨੂੰ ਵਿਦੇਸ਼ ਲਿਜਾਣ ਲਈ ਪੈਸੇ ਦਾ ਬੰਦੋਬਸਤ ਕਰੇ।
ਵਿਦੇਸ਼ ਜਾਣ ਦੀ ਚਾਹਤ ਕਈ ਵਾਰ ਭਾਰੀ ਵੀ ਪੈ ਜਾਂਦੀ ਹੈ, ਇਸ ਦੇ ਬਾਵਜੂਦ ਪਰਵਾਸ ਦਾ ਰੁਝਾਨ ਜਾਰੀ ਹੈ। ਮਾਲਟਾ ਕਿਸ਼ਤੀ ਕਾਂਡ ਵਰਗੇ ਹਾਦਸੇ ਵੀ ਇਹ ਰੁਝਾਨ ਰੋਕ ਨਹੀਂ ਸਕੇ। ਪਿੰਡ ਕਲਿਆਣਪੁਰ ਦੇ ਮਨਜੀਤ ਸਿੰਘ ਨੂੰ ਜਦੋਂ ਪੁੱਛਿਆ ਗਿਆ ਕਿ ਖਤਰਾ ਮੁੱਲ ਲੈ ਕੇ ਬਾਹਰ ਜਾਣ ਦਾ ਕੀ ਫ਼ਾਇਦਾ ਤਾਂ ਉਸ ਦਾ ਜਵਾਬ ਸੀ ਕਿ ਨਸ਼ੇ ਵੀ ਸਿਹਤ ਲਈ ਹਾਨੀਕਾਰਕ ਹਨ, ਪਰ ਫ਼ਿਰ ਵੀ ਲੋਕ ਨਸ਼ੇ ਕਰਦੇ ਹਨ। ਵਿਦੇਸ਼ ਜਾਣ ਦੀ ਲਾਲਸਾ ਵੀ ਇਕ ਨਸ਼ਾ ਹੈ।
ਇਸੇ ਪਿੰਡ ਦੇ ਸੁਰਿੰਦਰਪਾਲ ਸਿੰਘ ਨੂੰ ਪਿਛਲੇ ਸਾਲ ਏਜੰਟਾਂ ਨੇ ਬੰਗਲੌਰ ਜਾ ਕੇ ਕਤਲ ਕਰ ਦਿੱਤਾ ਸੀ ਤੇ ਘਰਦਿਆਂ ਨੂੰ ਦੱਸਿਆ ਗਿਆ ਸੀ ਕਿ ਉਹ ਕੈਨੇਡਾ ਪੁੱਜ ਗਿਆ ਹੈ। ਇਸ ਗੱਲੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪਰਦੇਸ ਗਏ ਕਈ ਲੋਕਾਂ ਨੇ ਆਪਣਾ ਤੇ ਆਪਣੇ ਪਰਿਵਾਰ ਦਾ ਜੀਵਨ ਪੱਧਰ ਕਾਫ਼ੀ ਬਿਹਤਰ ਬਣਾ ਲਿਆ। ਜ਼ਿਲ੍ਹੇ ਦੇ ਕਈ ਐਨਆਰਆਈਜ਼ ਨੇ ਵਿਦੇਸ਼ਾਂ ਵਿਚ ਵੀ ਚੰਗਾ ਨਾਮਣਾ ਖੱਟਿਆ ਹੈ। ਨੰਗਲ ਸ਼ਹੀਦਾਂ ਦੇ ਲਾਲਾ ਲਾਜਪਤ ਰਾਏ ਮੁੰਗੇਰ ਕੈਲੀਫੋਰਨੀਆ ਵਿਚ 'ਪਿਸਤਾ ਕਿੰਗ' ਵਜੋਂ ਉੱਭਰੇ। ਉਨ੍ਹਾਂ ਦਾ ਪਰਿਵਾਰ ਅਮਰੀਕਾ ਵਿਚ ਹੀ ਵਸਿਆ ਹੋਇਆ ਹੈ। ਉਨ੍ਹਾਂ ਬਜਵਾੜਾ ਵਿਚ ਕਰੋੜਾਂ ਰੁਪਏ ਦੀ ਲਾਗਤ ਨਾਲ ਕਾਲਜ ਬਣਵਾਇਆ, ਜੋ ਅੱਜ ਪੰਜਾਬ ਯੂਨੀਵਰਸਿਟੀ ਦੇ ਰਿਜਨਲ ਕੈਂਪਸ ਵਜੋਂ ਕੰਮ ਕਰ ਰਿਹਾ ਹੈ।
ਇਸੇ ਤਰ੍ਹਾਂ ਦੀਦਾਰ ਸਿੰਘ ਬੈਂਸ ਯੂਬਾ ਸਿਟੀ ਅਮਰੀਕਾ ਵਿਚ ਸਭ ਤੋਂ ਵੱਡੇ ਆੜੂ ਉਤਪਾਦਕ ਬਣੇ। ਬੰਬੇਲੀ ਦੇ ਕੁੰਦਨ ਸਿੰਘ ਲਗਭਗ 45 ਸਾਲ ਪਹਿਲਾਂ ਕੈਨੇਡਾ ਗਏ ਸਨ। ਅੱਜ ਉਨ੍ਹਾਂ ਦਾ ਬੇਟਾ ਹਰਜੀਤ ਸਿੰਘ ਸੱਜਣ ਕੈਨੇਡਾ ਦਾ ਰੱਖਿਆ ਮੰਤਰੀ ਹੈ। ਦੋ ਐਨਆਰਆਈਜ਼ ਗੁਰਦੇਵ ਸਿੰਘ ਗਿੱਲ ਅਤੇ ਰਘੁਵੀਰ ਸਿੰਘ ਬੱਸੀ ਦੇ ਯਤਨਾਂ ਨਾਲ ਖੜੌਦੀ ਪਿੰਡ ਇਕ ਮਾਡਲ ਵਜੋਂ ਸਥਾਪਿਤ ਹੋਇਆ ਹੈ।

---

## ਡੇਰਾ ਸਿਰਸਾ ਦੇ ਹੱਕ 'ਚ ਭੁਗਤੀ ਸੀਬੀਆਈ

*ਸਫ਼ਾ ਇਕ ਦੀ ਬਾਕੀ*

ਸਨ। ਉਕਤ 19 ਮਾਮਲਿਆਂ ਵਿਚ ਨਾਮਜ਼ਦ ਮੁਲਜ਼ਮਾਂ ਅਤੇ ਉਨ੍ਹਾਂ ਮਾਮਲਿਆਂ ਦੇ ਪੜਤਾਲੀਆ ਅਫ਼ਸਰਾਂ ਦੀ ਪੁੱਛਗਿੱਛ ਤੋਂ ਬਾਅਦ ਬਰਗਾੜੀ ਨਾਲ ਸਬੰਧਿਤ ਤਿੰਨੇ ਮੁਲਜ਼ਮਾਂ ਖ਼ਿਲਾਫ਼ ਕੋਈ ਵੀ ਸਬੂਤ ਸਾਹਮਣੇ ਨਹੀਂ ਆਇਆ।
ਸੀਬੀਆਈ ਦਾ ਇਹ ਵੀ ਕਹਿਣਾ ਹੈ ਕਿ ਪੁਲਿਸ ਵਲੋਂ ਦਰਜ ਕੀਤੀ ਐਫ. ਆਈ. ਆਰ. ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਫਾੜ ਕੇ ਗਲੀਆਂ ਵਿਚ ਸੁੱਟੇ ਸਨ, ਪ੍ਰੰਤੂ ਉਨ੍ਹਾਂ ਦੀ ਜਾਂਚ ਵਿਚ ਕੋਈ ਵੀ ਅਜਿਹਾ ਵਿਅਕਤੀ ਸਾਹਮਣੇ ਨਹੀਂ ਆਇਆ, ਜਿਨ੍ਹਾਂ ਨੇ ਬਿੱਟੂ ਸਮੇਤ ਤਿੰਨੇ ਮੁਲਜ਼ਮਾਂ ਨੂੰ ਅਜਿਹਾ ਕਰਦਾ ਦੇਖਿਆ ਹੋਵੇ। ਬਰਗਾੜੀ ਵਿਖੇ ਲੱਗੇ ਭੱਦੀ ਸ਼ਬਦਾਵਲੀ ਵਾਲੇ ਪੋਸਟਰ ਬਾਰੇ ਵੀ ਕੋਈ ਅਜਿਹਾ ਗਵਾਹ ਨਹੀਂ ਮਿਲਿਆ, ਜਿਸ ਤੋਂ ਬਿੱਟੂ, ਸ਼ਕਤੀ ਅਤੇ ਸਨੀ ਨੂੰ ਕਸੂਰਵਾਰ ਠਹਿਰਾਇਆ ਜਾ ਸਕੇ। ਸੀਬੀਆਈ ਦਾ ਕਹਿਣਾ ਹੈ ਕਿ ਉਨ੍ਹਾਂ ਵਲੋਂ ਦਰਜ ਤਿੰਨ ਕੇਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਭੱਦੀ ਸ਼ਬਦਾਵਲੀ ਵਾਲੇ ਪੋਸਟਰ ਲਗਾਉਣੇ ਅਤੇ ਗੁਰੂ ਸਾਹਿਬ ਦੇ ਅੰਗਾਂ ਨੂੰ ਫਾੜ ਕੇ ਗਲੀਆਂ ਵਿਚ ਸੁੱਟਣ ਦੇ ਮਾਮਲੇ ਵਿਚ ਕਥਿਤ ਦੋਸ਼ੀਆਂ ਦੀ ਪਛਾਣ ਦੱਸਣ ਵਾਲੇ ਲਈ 10 ਲੱਖ ਰੁਪਏ ਦਾ ਇਨਾਮ ਰੱਖਿਆ ਗਿਆ ਸੀ ਅਤੇ ਇਨ੍ਹਾਂ ਇਨਾਮਾਂ ਵਾਲੇ ਪੋਸਟਰ ਵੀ ਲਗਾਏ ਗਏ ਸਨ, ਪ੍ਰੰਤੂ ਇਸ ਦੇ ਬਾਵਜੂਦ ਉਕਤ ਤਿੰਨਾਂ ਮਾਮਲਿਆਂ ਵਿਚ ਕੋਈ ਵੀ ਸੁਰਾਗ ਹੱਥ ਨਹੀਂ ਲੱਗਾ। ਸੀਬੀਆਈ ਮੰਨਦੀ ਹੈ ਕਿ ਜਦੋਂ ਪੰਜਾਬ ਵਿਚ ਸੌਦਾ ਸਾਧ ਦੀ ਫ਼ਿਲਮ ਐਮ. ਐਸ. ਜੀ-2 ਨਾ ਚੱਲਣ ਦਿੱਤੀ ਗਈ ਤਾਂ 24 ਸਤੰਬਰ 2015 ਨੂੰ ਅਕਾਲ ਤਖ਼ਤ ਸਾਹਿਬ ਤੋਂ ਡੇਰਾ ਮੁਖੀ ਨੂੰ ਮੁਆਫ਼ੀ ਦੇ ਦਿੱਤੀ ਗਈ ਅਤੇ 25 ਸਤੰਬਰ ਨੂੰ ਪੰਜਾਬ ਵਿਚ ਡੇਰਾ ਮੁਖੀ ਦੀ ਫ਼ਿਲਮ ਰਿਲੀਜ਼ ਕਰ ਦਿੱਤੀ ਗਈ। 12 ਅਕਤੂਬਰ ਨੂੰ ਬਰਗਾੜੀ ਵਿਚ ਗੁਰੂ ਸਾਹਿਬ ਦੇ ਅੰਗ ਮਿਲਣ ਤੋਂ ਬਾਅਦ ਪੰਜਾਬ ਵਿਚ ਧਰਨੇ ਲੱਗਣੇ ਸ਼ੁਰੂ ਹੋ ਗਏ ਅਤੇ 14 ਅਕਤੂਬਰ ਨੂੰ ਫ਼ਿਲਮ ਬੰਦ ਕਰ ਦਿੱਤੀ ਗਈ, ਪ੍ਰੰਤੂ ਜਦੋਂ ਫ਼ਿਲਮ ਵਧੀਆ ਚੱਲ ਰਹੀ ਸੀ ਤਾਂ ਡੇਰਾ ਪ੍ਰੇਮੀਆਂ ਨੂੰ ਅਜਿਹੀ ਹਰਕਤ ਕਰਨ ਦੀ ਕੋਈ ਲੋੜ ਨਹੀਂ ਸੀ। ਉਧਰ ਸ਼ਿਕਾਇਤਕਰਤਾਵਾਂ ਦੇ ਵਕੀਲ ਐਚ. ਐਸ. ਧਨੋਆ ਨੇ ਦੱਸਿਆ ਕਿ ਉਹ ਉਕਤ ਰਿਪੋਰਟ ਵਾਚਣ ਤੋਂ ਬਾਅਦ ਅਦਾਲਤ ਵਿਚ ਆਪਣਾ ਪੱਖ ਰੱਖਣਗੇ।
ਬੇਅਦਬੀ ਮਾਮਲਿਆਂ ਦੇ ਇਨ੍ਹਾਂ ਕੇਸਾਂ ਦੀ ਵਕਾਲਤ ਕਰ ਰਹੇ ਵਕੀਲ ਗਗਨ ਪ੍ਰਤਾਪ ਬੱਲ ਇਹ ਤਰਕ ਦਿੰਦੇ ਹਨ ਕਿ ਜੇਕਰ ਪੰਜਾਬ ਸਰਕਾਰ ਨੇ ਇਨ੍ਹਾਂ ਕੇਸਾਂ ਦੀ ਜਾਂਚ ਸੀਬੀਆਈ ਤੋਂ ਵਾਪਸ ਲੈਣ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਸੀ ਤਾਂ ਫਿਰ ਇਸ ਜਾਂਚ ਏਜੰਸੀ ਦੀ ਉਹ ਕਿਹੜੀ ਮਜਬੂਰੀ ਸੀ ਜਿਸ ਕਾਰਨ ਏਜੰਸੀ ਨੇ ਜਾਂਚ ਜਾਰੀ ਰੱਖੀ ਤੇ ਅਦਾਲਤ ਵਿੱਚ ਇਸ ਕੇਸ ਦੀ ਕਲੋਜ਼ਰ ਰਿਪੋਰਟ ਦਾਖਲ ਕਰਕੇ ਹੀ ਦਮ ਲਿਆ। ਬੱਲ ਆਖਦੇ ਹਨ ਕਿ ਜੇਕਰ ਸੀਬੀਆਈ ਇਹ ਕਹਿੰਦੀ ਹੈ ਕਿ ਜਿਸ ਗੁਰਦੁਆਰਾ ਸਾਹਿਬ ਵਿਚੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਹੋ ਕੇ ਉਨ੍ਹਾਂ ਦੀ ਬੇਅਦਬੀ ਹੋਈ ਉੱਥੇ ਕੋਈ ਸੀਸੀਟੀਵੀ ਕੈਮਰਾ ਨਹੀਂ ਸੀ ਜਿਸ ਕਾਰਨ ਜਾਂਚ ਏਜੰਸੀ ਨੂੰ ਕੋਈ ਸਬੂਤ ਨਹੀਂ ਮਿਲੇ ਤਾਂ ਫਿਰ ਜੋ ਬਿਆਨ ਮੁਲਜ਼ਮ ਬਿੱਟੂ ਨੇ ਦਿੱਤਾ, ਤੇ ਉਸ ਤੋਂ ਬਾਅਦ ਬਾਕੀ ਮੁਲਜ਼ਮਾਂ ਨੇ ਇਸ ਕੇਸ ਦੇ ਭੇਦ ਖੋਲ੍ਹੇ ਤੇ ਫਿਰ ਇਸ ਮਾਮਲੇ ਵਿਚ ਬਰਾਮਦਗੀਆਂ ਹੋਈਆਂ ਉਸ ਬਾਰੇ ਸੀਬੀਆਈ ਕੋਲ ਕੀ ਜਵਾਬ ਹੈ?

**ਹਾਈ ਕੋਰਟ ਵਿਚ ਚੁਣੌਤੀ ਦੇਣਗੇ ਸ਼ਿਕਾਇਤਕਰਤਾ-**
ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲਿਆਂ ਸਬੰਧੀ ਸ਼ਿਕਾਇਤ ਕਰਤਾਵਾਂ ਵੱਲੋਂ ਸੀਬੀਆਈ ਦੀ ਤਾਜ਼ਾ ਕਲੋਜ਼ਰ ਰਿਪੋਰਟ ਨੂੰ ਉੱਚ ਅਦਾਲਤ ਵਿੱਚ ਚੁਣੌਤੀ ਦਿੱਤੀ ਜਾਵੇਗੀ। ਸ਼ਿਕਾਇਤਕਰਤਾ ਰਣਜੀਤ ਸਿੰਘ ਵਾਸੀ ਪਿੰਡ ਬੁਰਜ ਜਵਾਹਰ ਸਿੰਘ ਵਾਲਾ (ਜ਼ਿਲ੍ਹਾ ਫਰੀਦਕੋਟ) ਅਤੇ ਇਸੇ ਪਿੰਡ ਦੇ ਗੁਰਦੁਆਰੇ ਦੇ ਗ੍ਰੰਥੀ ਗੋਰਾ ਸਿੰਘ ਨੇ ਸੀਬੀਆਈ ਵੱਲੋਂ ਕੇਸ ਖ਼ਤਮ ਕਰਨ ਲਈ ਮੁਹਾਲੀ ਅਦਾਲਤ ਵਿਚ ਪੇਸ਼ ਕੀਤੀ ਕਲੋਜ਼ਰ ਰਿਪੋਰਟ ਨੂੰ ਮੰਦਭਾਗਾ ਕਰਾਰ ਦਿੱਤਾ।
ਸ਼ਿਕਾਇਤਕਰਤਾਵਾਂ ਦੇ ਵਕੀਲ ਗਗਨਪ੍ਰਦੀਪ ਸਿੰਘ ਬੱਲ ਅਤੇ ਨਵਦੀਪ ਸਿੰਘ ਬਿੱਟਾ ਨੇ ਦੱਸਿਆ ਕਿ ਸੀਬੀਆਈ ਦੀ ਕਲੋਜ਼ਰ ਰਿਪੋਰਟ 'ਤੇ ਅਗਲੀ ਸੁਣਵਾਈ 23 ਅਗਸਤ ਨੂੰ ਹੋਵੇਗੀ। ਇਸ ਦਿਨ ਉਨ੍ਹਾਂ ਵੱਲੋਂ ਪ੍ਰੋਟੈਸਟ ਪਟੀਸ਼ਨ ਦਾਇਰ ਕੀਤੀ ਜਾਵੇਗੀ। ਇਸ ਸਬੰਧੀ ਰਿਪੋਰਟ ਵਿਚਲੇ ਵੱਖ ਵੱਖ ਪਹਿਲੂਆਂ ਨੂੰ ਵਾਚਿਆ ਜਾ ਰਿਹਾ ਹੈ ਤਾਂ ਜੋ ਪਟੀਸ਼ਨ ਵਿੱਚ ਠੋਸ ਤੱਥ ਸ਼ਾਮਲ ਕਰਕੇ ਇਸ ਕੇਸ ਨੂੰ ਕਿਸੇ ਕੰਢੇ ਲਾਇਆ ਜਾ ਸਕੇ। ਸ਼ਿਕਾਇਤਕਰਤਾਵਾਂ ਨੇ ਕਿਹਾ ਕਿ ਸੀਬੀਆਈ ਨੇ ਜਲਦਬਾਜ਼ੀ ਵਿਚ ਕਲੋਜ਼ਰ ਰਿਪੋਰਟ ਪੇਸ਼ ਕੀਤੀ ਹੈ ਜਦਕਿ ਕਾਨੂੰਨ ਅਨੁਸਾਰ ਜਾਂਚ ਏਜੰਸੀ ਨੂੰ ਸ਼ਿਕਾਇਤਕਰਤਾਵਾਂ ਅਤੇ ਸਿੱਟ ਨੂੰ ਭਰੋਸੇ ਵਿੱਚ ਲੈਣਾ ਚਾਹੀਦਾ ਸੀ ਅਤੇ ਦੋਵੇਂ ਏਜੰਸੀਆਂ ਨੂੰ ਆਪਸੀ ਤਾਲਮੇਲ ਨਾਲ ਇਸ ਮਾਮਲੇ ਨੂੰ ਕਿਸੇ ਫੈਸਲਾਕੁਨ ਕੰਢੇ ਲਾਉਣਾ ਚਾਹੀਦਾ ਸੀ।

**ਸੀਬੀਆਈ ਜਾਂਚ ਕਿਉਂ ਜਾਰੀ ਰਹੀ-**
ਪੰਜਾਬ ਸਰਕਾਰ ਵੱਲੋਂ ਬਰਗਾੜੀ ਕਾਂਡ ਦੀ ਤਫ਼ਤੀਸ਼ ਸੀਬੀਆਈ ਤੋਂ ਵਾਪਸ ਲੈਣ ਲਈ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਪੱਤਰ ਭੇਜ ਕੇ ਸਹਿਮਤੀ ਮੰਗੀ ਗਈ ਸੀ ਪਰ ਕੇਂਦਰ ਨੇ ਸੀਬੀਆਈ ਤੋਂ ਜਾਂਚ ਵਾਪਸ ਲੈਣ ਲਈ ਸਹਿਮਤੀ ਨਹੀਂ ਦਿੱਤੀ, ਜਿਸ ਕਾਰਨ ਸੀਬੀਆਈ ਵੱਲੋਂ ਇਸ ਕਾਂਡ ਦੀ ਜਾਂਚ ਜਾਰੀ ਰੱਖੀ ਗਈ। ਜ਼ਿਕਰਯੋਗ ਹੈ ਕਿ ਅਕਾਲੀ-ਭਾਜਪਾ ਸਰਕਾਰ ਨੇ ਬੇਅਦਬੀ ਕਾਂਡ ਦੀ ਜਾਂਚ ਸੀਬੀਆਈ ਨੂੰ ਸੌਂਪੀ ਸੀ ਤੇ ਕਾਂਗਰਸ ਸਰਕਾਰ ਨੇ ਰਾਜ ਵਿਧਾਨ ਸਭਾ ਵਿੱਚ ਬਹਿਸ ਤੋਂ ਬਾਅਦ ਵਿਸ਼ੇਸ਼ ਜਾਂਚ ਟੀਮ ਕਾਇਮ ਕਰਨ ਦਾ ਐਲਾਨ ਕੀਤਾ ਸੀ।

**ਸੀਬੀਆਈ ਨੇ ਲੋਕਾਂ ਦੀਆਂ ਉਮੀਦਾਂ 'ਤੇ ਪਾਣੀ ਫੇਰਿਆ : ਗ੍ਰੰਥੀ**
ਗ੍ਰੰਥੀ ਗੋਰਾ ਸਿੰਘ ਨੇ ਦੱਸਿਆ ਕਿ ਪਹਿਲਾਂ ਤਾਂ ਪੁਲੀਸ ਨੇ ਉਨ੍ਹਾਂ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਦਾ ਬਚਾਅ ਹੋ ਗਿਆ। ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਕਾਫੀ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਰਿਹਾ ਕਿ ਉਨ੍ਹਾਂ ਨੇ ਹੀ ਸਰੂਪ ਚੋਰੀ ਕਰਵਾਏ ਹਨ। ਇਸ ਤਰ੍ਹਾਂ ਉਨ੍ਹਾਂ ਆਪਣੇ ਪਿੰਡੇ 'ਤੇ ਸੰਤਾਪ ਭੋਗ ਕੇ ਬੜੀ ਮੁਸ਼ਕਲ ਨਾਲ ਇਸ ਕੇਸ ਨੂੰ ਇੱਥੇ ਤੱਕ ਪਹੁੰਚਾਇਆ ਸੀ ਅਤੇ ਪਿਛਲੇ ਸਮੇਂ ਦੌਰਾਨ ਇਹ ਮਾਮਲਾ ਪੂਰੇ ਵਿਸ਼ਵ ਵਿੱਚ ਛਾਇਆ ਰਿਹਾ ਹੈ। ਚੋਣਾਂ ਵੇਲੇ ਵੀ ਸਿਆਸੀ ਪਾਰਟੀਆਂ ਨੇ ਇਸ ਮੁੱਦੇ ਨੂੰ ਖੂਬ ਉਭਾਰਿਆ ਪਰ ਹੁਣ ਸੀਬੀਆਈ ਨੇ ਲੋਕਾਂ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ ਹੈ।



- ਨਸ਼ੇੜੀਆਂ ਦੇ ਪਰਿਵਾਰਾਂ ਦੀਆਂ ਜ਼ਮੀਨਾਂ ਵਿਕੀਆਂ, ਘਰ ਵਿਕੇ
- ਕੈਪਟਨ ਸਰਕਾਰ ਨਸ਼ਿਆਂ ਉੱਪਰ ਕਾਬੂ ਪਾਉਣ ਤੋਂ ਰਹੀ ਅਸਮਰੱਥ
- ਨਸ਼ਾ ਛੁਡਾਊ ਕੇਂਦਰਾਂ ’ਚ ਵੀ ਵੇਚਿਆ ਜਾਂਦਾ ਏ ਨਸ਼ਾ
- ਜੰਡਿਆਲਾ ਗੁਰੂ ’ਚ ਸ਼ਰੇਆਮ ਵਿਕ ਰਿਹਾ ਏ ਨਸ਼ਾ
- ਨਸ਼ੇ ਕਾਰਨ ਹੋਈ ਮੌਤ ਤਾਂ ਇਲਾਕੇ ਦੇ ਐਸਐਚਓ ਦੀ ਖੈਰ ਨਹੀਂ, ਮੁਅੱਤਲ ਕੀਤੇ ਜਾਣ ਦੇ ਨਾਲ ਨਾਲ ਹੋਵੇਗੀ ਵੱਡੀ ਕਾਰਵਾਈ

# ਨਸ਼ੇੜੀਆਂ ਕਾਰਨ ਪਰਿਵਾਰ ਭੁਗਤ ਰਹੇ ਹਨ ਨਰਕ

**ਜੰਡਿਆਲਾ ਗੁਰੂ/ਵਿਸ਼ੇਸ਼ ਪ੍ਰਤੀਨਿਧੀ :**
ਕੈਪਟਨ ਸਰਕਾਰ ਲਗਪਗ ਢਾਈ ਸਾਲ ਪੂਰੇ ਹੋਣ ਮਗਰੋਂ ਵੀ ਨਸ਼ਿਆਂ ਨੂੰ ਠੱਲ੍ਹ ਪਾਉਣ ਵਿਚ ਅਸਫ਼ਲ ਰਹੀ ਹੈ। ਨਸ਼ਿਆਂ ਕਾਰਨ ਹੱਸਦੇ ਵਸਦੇ ਘਰਾਂ ਵਿਚੋ ਖੁਸ਼ੀਆਂ ਖੰਭ ਲਾ ਕੇ ਉੱਡ ਗਈਆਂ, ਘਰਾਂ ਦੇ ਵਿਹੜੇ ਸੁੰਨਸਾਨ ਹਨ, ਨਸ਼ਿਆਂ ਦੇ ਦੈਂਤ ਨੇ ਅਨੇਕਾਂ ਮਾਵਾਂ ਦੇ ਪੁੱਤ, ਭੈਣਾਂ ਦੇ ਵੀਰ ਅਤੇ ਚੂੜੇ ਵਾਲੀਆਂ ਦੇ ਸੁਹਾਗ ਨਿਗਲ ਲਏ। ਅਜਿਹੇ ਹਾਲਾਤ ਤੋਂ ਫ਼ਿਕਰਮੰਦ ਪੰਜਾਬ ਲਈ ਹਾਕਮ ਬੇਫ਼ਿਕਰ ਨਜ਼ਰ ਆ ਰਹੇ ਹਨ। ਜਦੋਂ ਧਾਰਮਿਕ ਗੁਟਕਾ ਸਾਹਿਬ ਦੀਆਂ ਖਾਧੀਆਂ ਕਸਮਾਂ ਵੀ ਝੂਠੀਆਂ ਪੈ ਜਾਣ ਤਾਂ ਫਿਰ ਪੰਜਾਬ ਦੇ ਲੋਕ ਕੀਹਦੇ ’ਤੇ ਇਤਬਾਰ ਕਰਨ ਅਤੇ ਕੀਹਦੇ ਤੋਂ ਪੰਜਾਬ ਦੇ ਭਲੇ ਦੀ ਉਮੀਦ ਰੱਖਣ। ਭਾਵੇਂ ਕਿ ਪੰਜਾਬ ਪੁਲੀਸ ਐੱਨਡੀਪੀਐੱਸ ਐਕਟ ਤਹਿਤ ਦਰਜ ਕੀਤੇ ਕੇਸਾਂ ਦੇ ਅੰਕੜਿਆਂ ਨੂੰ ਨਸ਼ਿਆਂ ਖ਼ਿਲਾਫ਼ ਆਪਣੀ ਪ੍ਰਾਪਤੀ ਮੰਨਦੀ ਹੋਵੇ ਪਰੰਤੂ ਨਸ਼ਿਆਂ ਦੀ ਸਪਲਾਈ ਲਾਈਨ ਅਜੇ ਤੱਕ ਟੁੱਟੀ ਨਹੀਂ ਸਗੋਂ ਰਫ਼ਤਾਰ ਹੋਰ ਤੇਜ਼ ਹੋਈ ਜਾਪ ਰਹੀ ਹੈ। ਸਿਰਫ਼ ਆਦੇਸ਼ ਜਾਰੀ ਕਰ ਕੇ ਪੱਲਾ ਝਾੜਨ ਨਾਲ ਕੁੱਝ ਨਹੀਂ ਬਣਨਾ। ਸਰਕਾਰ ਦੀ ਅਸਫ਼ਲਤਾ ਵਿਚ ਪੰਜਾਬ ਪੁਲੀਸ ਦਾ ਵੀ ਹੱਥ ਮੰਨਿਆ ਜਾਂਦਾ ਹੈ ਕਿਉਂਕਿ ਕਈ ਪੁਲੀਸ ਅਫ਼ਸਰਾਂ ’ਤੇ ਨਸ਼ੇੜੀਆਂ ਨੂੰ ਪੈਸੇ ਲੈ ਕੇ ਛੱਡਣ ਦੇ ਦੋਸ਼ ਲੱਗਦੇ ਰਹਿੰਦੇ ਹਨ।

ਇੱਥੋਂ ਨੇੜਲੇ ਪਿੰਡ ਗੁੰਨੋਵਾਲ ਦੇ ਇਕ ਕਿਸਾਨ ਨੇ ਦੱਸਿਆ ਕਿ ਉਸ ਦਾ ਤੀਹ ਸਾਲਾਂ ਦਾ ਪੁੱਤਰ ਨਸ਼ੇ ਲੈਣ ਦਾ ਆਦੀ ਹੈ। ਪਿੰਡ ਵਿਚ ਦਸਵੀਂ ਕਰਾਉਣ ਤੋਂ ਬਾਅਦ ਉਨ੍ਹਾਂ ਨੇ ਉਸ ਨੂੰ ਆਪਣੇ ਰਿਸ਼ਤੇਦਾਰ ਕੋਲ ਤਰਨਤਾਰਨ ਪੜ੍ਹਨ ਵਾਸਤੇ ਭੇਜ ਦਿੱਤਾ ਸੀ, ਜਿੱਥੇ ਉਹ ਨਸ਼ਿਆਂ ਦੀ ਦਲਦਲ ਵਿਚ ਫਸ ਗਿਆ। ਉਸ ਨੇ ਦੱਸਿਆ ਕਿ ਉਨ੍ਹਾਂ ਕੋਲ ਅੱਧਾ ਕਿੱਲਾ ਜ਼ਮੀਨ ਹੈ ਅਤੇ ਉਹ ਇਕ ਨਿੱਜੀ ਸੰਸਥਾ ਵਿਚ ਕੰਮ ਕਰ ਕੇ ਘਰ ਦਾ ਗੁਜ਼ਾਰਾ ਚਲਾਉਂਦਾ ਹੈ। ਉਸ ਨੇ ਕਈ ਵਾਰ ਆਪਣੇ ਪੁੱਤਰ ਨੂੰ ਸਰਕਾਰੀ ਅਤੇ ਗ਼ੈਰ-ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿਚ ਭਰਤੀ ਕਰਾਇਆ ਪਰ ਉਹ ਨਸ਼ਿਆਂ ਦੀ ਦਲਦਲ ਵਿਚੋਂ ਬਾਹਰ ਨਹੀਂ ਆ ਸਕਿਆ, ਕਿਉਂਕਿ ਇਨ੍ਹਾਂ ਕੇਂਦਰਾਂ ਵਿਚ ਵੀ ਨੌਜਵਾਨਾਂ ਨੂੰ ਨਸ਼ਾ ਵੇਚਿਆ ਜਾਂਦਾ ਹੈ। ਇਸ ਕਾਰਨ ਉਹ ਨਸ਼ਾ ਨਹੀਂ ਛੱਡ ਪਾਉਂਦੇ।

ਉਸ ਨੇ ਦੱਸਿਆ ਕਿ ਉਸ ਦਾ ਪੁੱਤਰ ਦੋ ਸਾਲ ਦੁਬਈ ਅਤੇ ਦੋ ਸਾਲ ਦੋਹਾ ਕਤਰ ਲਗਾ ਕੇ ਆਇਆ ਹੈ, ਜਿੱਥੇ ਉਸ ਨੇ ਨਸ਼ੇ ਛੱਡ ਦਿੱਤੇ ਸਨ ਪਰ ਪੰਜਾਬ ਆਉਂਦਿਆਂ ਹੀ ਉਹ ਦੁਬਾਰਾ ਨਸ਼ਾ ਕਰਨ ਲੱਗ ਗਿਆ ਅਤੇ ਦੁਬਈ ਤੋਂ ਲਿਆਂਦੀ ਕਮਾਈ ਵੀ ਉਸ ਨੇ ਨਸ਼ੇ ਵਿਚ ਰੋੜ੍ਹ ਦਿੱਤੀ। ਉਸ ਨੇ ਆਖਿਆ ਕਿ ਆਪਣੇ ਪੁੱਤਰ ਦੀ ਨਸ਼ੇ ਦੀ ਆਦਤ ਕਾਰਨ ਜਿੱਥੇ ਉਹ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਹਨ, ਉੱਥੇ ਹੀ ਉਨ੍ਹਾਂ ਦੀ ਆਰਥਿਕ ਹਾਲਤ ਵੀ ਪਤਲੀ ਹੋ ਗਈ ਹੈ। ਉਸ ਨੇ ਦੱਸਿਆ ਕਿ ਦੋ-ਤਿੰਨ ਵਾਰ ਉਸ ਦਾ ਪੁੱਤਰ ਨਸ਼ਾ ਖਰੀਦਣ ਗਿਆ ਪੁਲੀਸ ਦੇ ਅੜਿੱਕੇ ਵੀ ਚੜ੍ਹ ਗਿਆ ਪਰ ਪੁਲੀਸ ਨੇ ਉਸ ਕੋਲੋਂ ਕਥਿਤ ਤੌਰ ’ਤੇ ਪੈਸੇ ਲੈ ਕੇ ਉਸ ਨੂੰ ਛੱਡ ਦਿੱਤਾ ਪਰ ਨਸ਼ਾ ਛੁਡਾਊ ਕੇਂਦਰ ਵਿਚ ਭਰਤੀ ਨਹੀਂ ਕਰਵਾਇਆ। ਉਸ ਨੇ ਕਿਹਾ ਕਿ ਪੁਲੀਸ ਨਸ਼ਾ ਵੇਚਣ ਵਾਲਿਆਂ ਦੀ ਥਾਂ ਨਸ਼ਾ ਲੈਣ ਵਾਲਿਆਂ ਨੂੰ ਫੜ ਕੇ ਪ੍ਰੇਸ਼ਾਨ ਕਰਦੀ ਹੈ ਅਤੇ ਨਸ਼ਾ ਵੇਚਣ ਵਾਲੇ ਸ਼ਰ੍ਹੇਆਮ ਨਸ਼ਾ ਵੇਚਦੇ ਹਨ।

ਨਸ਼ੇ ਸਬੰਧੀ ਪਿੰਡ ਦੇ ਮੈਂਬਰ ਪੰਚਾਇਤ ਸੁਖਜਿੰਦਰ ਸਿੰਘ ਨੇ ਕਿਹਾ ਕਿ ਜੰਡਿਆਲਾ ਗੁਰੂ ਅਤੇ ਨਾਲ ਲੱਗਦੇ ਪਿੰਡਾਂ ਵਿਚ ਨਸ਼ਾ ਸ਼ਰ੍ਹੇਆਮ ਵਿਕ ਰਿਹਾ ਹੈ ਤੇ ਪੁਲੀਸ ਕੋਈ ਕਾਰਵਾਈ ਨਹੀਂ ਕਰਦੀ।

## ਸੰਗਰੂਰ ’ਚ ਨਸ਼ਿਆਂ ਦੀ ਭੈੜੀ ਹਾਲਤ-

ਸੰਗਰੂਰ ਨੇੜਲੇ ਇੱਕ ਪਿੰਡ ਦੇ ਸਾਧਾਰਨ ਕਿਸਾਨ ਦੇ ਦੋ ਪੁੱਤਰਾਂ ਵਿਚੋ ਇੱਕ ਨੇ ਬੀਏ, ਬੀਐੱਡ ਦੀ ਪੜ੍ਹਾਈ ਮੁਕੰਮਲ ਕਰ ਲਈ, ਜਿਸ ਕਾਰਨ ਮਾਪਿਆਂ ਦੀ ਖੁਸ਼ੀ ਦਾ ਟਿਕਾਣਾ ਨਾ ਰਿਹਾ ਕਿ ਪੁੱਤ ਹੁਣ ਮਾਸਟਰ ਲੱਗ ਜਾਵੇਗਾ ਪਰੰਤੂ ਨਸ਼ਿਆਂ ਨੇ ਘਰ ਨੂੰ ਅਜਿਹਾ ਘੇਰਾ ਪਾਇਆ ਕਿ ਦੋਵੇਂ ਪੁੱਤ ਨਸ਼ਿਆਂ ਨੇ ਗੁਲਾਮ ਬਣਾ ਲਏ। ਢਾਈ ਏਕੜ ਜ਼ਮੀਨ ਵਿਚੋਂ ਡੇਢ ਏਕੜ ਜ਼ਮੀਨ ਵਿਕ ਗਈ। ਨਸ਼ਿਆਂ ਦੀ ਪੂਰਤੀ ਲਈ ਘਰ ਦੇ ਭਾਂਡੇ, ਮੰਜੇ, ਪੱਖਾ, ਮੋਟਰ ਆਦਿ ਹੋਰ ਸਾਮਾਨ ਨਸ਼ਿਆਂ ਦੀ ਭੇਟ ਚੜ੍ਹ ਗਿਆ। ਪੁੱਤ ਨਸ਼ੇ ਲਈ ਮਾਂ ਤੋਂ ਪੈਸੇ ਮੰਗਦਾ ਅਤੇ ਲੜਾਈ ਝਗੜਾ ਕਰਦਾ। ਦੁਖੀ ਹੋ ਕੇ ਮਾਂ ਆਪਣੇ ਪੇਕੇ ਚਲੀ ਗਈ। ਪਿਤਾ ਬਜ਼ੁਰਗ ਅਵਸਥਾ ਵਿਚ ਜਿਥੇ ਮਜ਼ਦੂਰੀ ਕਰਨ ਲਈ ਮਜਬੂਰ ਹੈ ਉਥੇ ਪਤਨੀ ਦੀ ਗ਼ੈਰ-ਮੌਜੂਦਗੀ ਵਿਚ ਚੁੱਲ੍ਹੇ ਚੌਂਕੇ ਦਾ ਕੰਮ ਵੀ ਗਲ਼ ਪੈ ਗਿਆ। ਪੀੜਤ ਦੀ ਸਰਕਾਰ ਤੋਂ ਮੰਗ ਹੈ ਕਿ ਉਸ ਦੇ ਪੁੱਤਰਾਂ ਦਾ ਇਲਾਜ ਕਰਵਾਇਆ ਜਾਵੇ।

ਇਸ ਤੋਂ ਇਲਾਵਾ ਨੇੜਲੇ ਹੀ ਪਿੰਡ ਦੇ ਇੱਕ ਘਰ ਵਿਚ ਦੁਖੀ ਮਾਂ ਗੱਲਬਾਤ ਦੌਰਾਨ ਦੱਸਿਆ ਕਿ ਜਦੋਂ ਪਤੀ ਦੀ ਮੌਤ ਹੋਈ ਤਾਂ ਪੁੱਤ ਦੀ ਉਮਰ ਸਾਢੇ ਤਿੰਨ ਸਾਲ ਅਤੇ ਧੀ ਦੀ ਉਮਰ ਸਿਰਫ਼ ਸਾਢੇ ਤਿੰਨ ਮਹੀਨੇ ਸੀ। ਪੀੜਤ ਮਹਿਲਾ ਨੇ ਦੱਸਿਆ ਕਿ ਉਸ ਦੇ ਪੁੱਤਰ ਨੇ ਪੜ੍ਹ ਲਿਖ ਕੇ ਮੈਡੀਕਲ ਦੀ ਦੁਕਾਨ ਕੀਤੀ ਸੀ ਪਰੰਤੂ ਕੀ ਪਤਾ ਸੀ ਖੁਦ ਹੀ ਮੈਡੀਕਲ ਨਸ਼ੇ ਦਾ ਆਦੀ ਬਣ ਜਾਵੇਗਾ। ਸਾਲ ਮਗਰੋਂ ਹੀ ਦੁਕਾਨ ਬੰਦ ਹੋ ਗਈ। ਤਿੰਨ ਸਾਲ ਤੋਂ ਨਸ਼ਿਆਂ ਦਾ ਸੰਤਾਪ ਹੰਢਾ ਰਹੀ ਹਾਂ। ਮੈਡੀਕਲ ਨਸ਼ੇ ਤੋਂ ਇਲਾਵਾ ਚਿੱਟੇ ਦਾ ਆਦੀ ਵੀ ਹੋ ਗਿਆ। ਘਰ ਵਿਚ ਕਣਕ, ਸੈਲੰਡਰ ਤੇ ਹੋਰ ਸਾਮਾਨ ਨਸ਼ੇ ਦੀ ਭੇਟ ਚੜ੍ਹ ਚੁੱਕਿਆ ਹੈ। ਨਸ਼ੇ ਲਈ ਪੈਸੇ ਮੰਗਦਾ ਹੈ, ਜੇ ਜਵਾਬ ਦਿੰਦੀ ਹਾਂ ਤਾਂ ਕਮਰੇ ਦੀ ਅੰਦਰੋਂ ਕੁੰਡੀ ਲਗਾ ਕੇ ਮਰਨ ਦੀਆਂ ਧਮਕੀਆਂ ਦਿੰਦਾ ਹੈ। ਉਸਨੇ ਦੱਸਿਆ ਕਿ ਦੋ ਸਾਲ ਪਹਿਲਾਂ ਸਪਰੇਅ ਪੀ ਗਿਆ ਸੀ, ਦਸ ਦਿਨ ਇਲਾਜ ਅਧੀਨ ਰਹਿਣ ਕਾਰਨ ਕਾਫ਼ੀ ਖਰਚਾ ਹੋ ਗਿਆ। ਪੁੱਤ ਨੂੰ ਬਚਾਉਣ ਲਈ ਕਰਜ਼ਾ ਤੱਕ ਲੈਣਾ ਪਿਆ। ਸਿਰਫ਼ ਇੱਕ ਏਕੜ ਜ਼ਮੀਨ ਹੈ ਅਤੇ ਕਰਜ਼ਾ 10 ਲੱਖ ਤੋਂ ਟੱਪ ਗਿਆ। ਨਸ਼ਿਆਂ ਕਾਰਨ ਦੁਖੀ ਹੋ ਕੇ ਉਸਦੀ ਨੂੰਹ, ਬੇਟੀ ਨੂੰ ਲੈ ਕੇ ਪੇਕੇ ਚਲੀ ਗਈ।



## ਨਸ਼ੇੜੀ ਪੁੱਤ ਦੇ ਇਲਾਜ ਲੇਖੇ ਲਾਈ ਛੇ ਏਕੜ ਜ਼ਮੀਨ ਅਤੇ ਘਰ

ਖੰਨਾ ਨੇੜਲੇ ਪਿੰਡ ਦੇ ਰਹਿਣ ਵਾਲੇ ਕਿਸਾਨ ਦਾ 31 ਸਾਲਾ ਇਕਲੌਤਾ ਪੁੱਤ ਚੜ੍ਹਦੀ ਜਵਾਨੀ ਵਿਚ ਹੀ ਨਸ਼ੇ ਦੀ ਦਲਦਲ ਵਿਚ ਫਸ ਗਿਆ। ਜਦੋਂ ਮਾਪਿਆਂ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਆਪਣੀ ਪੀੜ੍ਹੀ ਬਚਾਉਣ ਖਾਤਰ ਉਨ੍ਹਾਂ ਨੇ ਪਹਿਲਾਂ ਤਾਂ ਪੁੱਤ ਨੂੰ ਸਮਝਾਇਆ, ਪਰ ਕੋਈ ਅਸਰ ਨਾ ਹੁੰਦਾ ਦੇਖ ਕੇ ਉਸ ਨੂੰ ਨਸ਼ਾ ਛੁਡਾਊ ਕੇਂਦਰ ਭਰਤੀ ਕਰਾਇਆ ਗਿਆ। ਕੁਝ ਸਮੇਂ ਬਾਅਦ ਬਾਹਰ ਆ ਕੇ ਨੌਜਵਾਨ ਨੇ ਫਿਰ ਨਸ਼ਾ ਕਰਨਾ ਸ਼ੁਰੂ ਕਰ ਦਿੱਤਾ। ਪਰਿਵਾਰ ਵਾਲਿਆਂ ਨੇ ਉਸ ਨੂੰ ਦੋ ਵਾਰ ਵਿਦੇਸ਼ ਭੇਜਿਆ। ਉੱਥੇ ਜਾ ਕੇ ਮੁੜ ਨਸ਼ਾ ਨਾ ਕਰਨ ਦਾ ਵਾਅਦਾ ਕਰਕੇ ਨੌਜਵਾਨ ਪੰਜਾਬ ਪਰਤ ਆਇਆ। ਪੰਜਾਬ ਆ ਕੇ ਫਿਰ ਨਸ਼ਾ ਸ਼ੁਰੂ ਕਰ ਦਿੱਤਾ। ਪੁੱਤ ਦੇ ਮਹਿੰਗੇ ਤੋਂ ਮਹਿੰਗੇ ਇਲਾਜ ਲਈ ਮਾਪਿਆਂ ਨੇ ਉਸ ਨੂੰ ਕਹਿੰਦੇ ਕਹਾਉਂਦੇ ਨਸ਼ਾ ਛੁਡਾਊ ਕੇਂਦਰਾਂ ਵਿਚ ਭਰਤੀ ਕਰਾਇਆ, ਪਰ ਕਿਤੋਂ ਵੀ ਕੋਈ ਫ਼ਰਕ ਨਾ ਪਿਆ। ਮਾਪਿਆਂ ਨੇ ਸੋਚਿਆ ਕਿ ਵਿਆਹ ਮਗਰੋਂ ਮੁੰਡਾ ਸੁਧਰ ਜਾਵੇਗਾ। ਵਿਆਹ ਮਗਰੋਂ ਵੀ ਉਸ ਦੇ ਸਾਥੀਆਂ ਨੇ ਉਸ ਨੂੰ ਨਸ਼ੇ ਤੋਂ ਮੁਕਤ ਨਾ ਹੋਣ ਦਿੱਤਾ। ਕਰੀਬ ਨੌਂ ਮਹੀਨੇ ਬਾਅਦ ਘਰਵਾਲੀ ਛੱਡ ਕੇ ਚਲੀ ਗਈ। ਇਸੇ ਦੌਰਾਨ ਪਿਤਾ ਦੀ ਮੌਤ ਹੋ ਗਈ। ਸਿਰ ਤੋਂ ਸਾਈਂ ਦੇ ਸਾਏ ਮਗਰੋਂ ਵੀ ਮਾਂ ਪੁੱਤ ਦਾ ਇਲਾਜ ਕਰਾਉਣ ਲਈ ਕਰਜ਼ ਚੜ੍ਹਾਉਂਦੀ ਗਈ। ਅੰਤ ਨਤੀਜਾ ਇਹ ਨਿਕਲਿਆ ਕਿ ਇਸ ਪਰਿਵਾਰ ਦੀ ਸਾਢੇ ਛੇ ਏਕੜ ਜ਼ਮੀਨ ਵਿਕ ਗਈ। ਪਿੰਡ ਵਾਲਾ ਘਰ ਵੀ ਵਿਕ ਗਿਆ। ਮਾਂ ਖੰਨੇ ਆ ਕੇ ਇੱਕ ਮੁਹੱਲੇ ਵਿਚ ਕਿਰਾਏ ’ਤੇ ਰਹਿਣ ਲੱਗੀ। ਰਿਸ਼ਤੇਦਾਰਾਂ ਕੋਲੋਂ ਪੈਸੇ ਉਧਾਰ ਲੈ ਕੇ ਪੁੱਤ ਦਾ ਇਲਾਜ ਕਰਾਉਂਦੀ ਰਹੀ।

ਹੈਰਾਨੀ ਦੀ ਗੱਲ ਇਹ ਹੈ ਕਿ ਕਾਂਗਰਸ ਸਰਕਾਰ ਆਉਣ ਮਗਰੋਂ ਜਦੋਂ ਪੁਲੀਸ ਪ੍ਰਸ਼ਾਸਨ ਨਸ਼ੇ ਦੇ ਆਦੀ ਨੌਜਵਾਨਾਂ ਦਾ ਮੁਫ਼ਤ ਇਲਾਜ ਕਰਾਉਣ ਦਾ ਦਾਅਵੇ ਕਰ ਰਿਹਾ ਸੀ ਤਾਂ ਉਸ ਸਮੇਂ ਇਸ ਪੀੜਤ ਔਰਤ ਨੇ ਜ਼ਿਲ੍ਹੇ ਦੇ ਕਈ ਅਫ਼ਸਰਾਂ ਨੂੰ ਨਿੱਜੀ ਤੌਰ ’ਤੇ ਮਿਲ ਕੇ ਆਪਣੀ ਹਾਲਤ ਦੱਸੀ ਪਰ ਕਿਸੇ ਨੇ ਵੀ ਉਸ ਦੀ ਮਦਦ ਨਾ ਕੀਤੀ।

## ਕੈਪਟਨ ਸਰਕਾਰ ਕਰੇਗੀ ਵੱਡੀ ਕਾਰਵਾਈ

ਕੈਪਟਨ ਸਰਕਾਰ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਅਨੁਸਾਰ ਹੁਣ ਜਿਸ ਥਾਣੇ ਦੇ ਇਲਾਕੇ ਅੰਦਰ ਕਿਸੇ ਵਿਅਕਤੀ ਦੀ ਨਸ਼ੇ ਨਾਲ ਮੌਤ ਹੋਈ ਜਾਂ ਉਸ ਇਲਾਕੇ ਅੰਦਰ ਨਸ਼ੇ ਦੀ ਵਿਕਰੀ ਨਾ ਘਟੀ ਤੇ ਨਸ਼ੇੜੀ ਉਸੇ ਤਰ੍ਹਾਂ ਮਿਲਦੇ ਰਹੇ ਜਿਸ ਤਰ੍ਹਾਂ ਪਹਿਲਾਂ ਸਨ ਤਾਂ ਉਸ ਇਲਾਕੇ ਦੇ ਥਾਣਾ ਮੁਖੀ ਨੂੰ ਮੁਅੱਤਲ ਕਰ ਦਿੱਤਾ ਜਾਵੇਗਾ। ਸਰਕਾਰ ਨੇ 22 ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਫੋਨ ਕਰਕੇ ਵੀ ਸਖਤ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ। ਜਿੱਥੇ ਇੱਕ ਪਾਸੇ ਨਸ਼ਿਆਂ ਕਾਰਨ ਇਲਾਕੇ ਦੇ ਥਾਣਾ ਮੁਖੀਆਂ ’ਤੇ ਇਸ ਕਾਰਵਾਈ ਦੀ ਵੱਡੀ ਗਾਜ਼ ਡਿੱਗੇਗੀ, ਉੱਥੇ ਹੁਣ ਨਸ਼ੇੜੀਆਂ ਨੂੰ ਪੀੜਤ ਮੰਨ ਕੇ ਸਰਕਾਰ ਵੱਲੋਂ ਨਸ਼ੇੜੀ ’ਤੇ ਹੁਣ ਕੇਸ ਦਰਜ਼ ਨਾ ਕਰਕੇ, ਉਨ੍ਹਾਂ ਦਾ ਇਲਾਜ ਕਰਵਾਏ ਜਾਣ ਦੇ ਹੁਕਮ ਦਿੱਤੇ ਗਏ ਹਨ। ਇੱਥੇ ਹੀ ਬੱਸ ਨਹੀਂ ਮੁੱਖ ਮੰਤਰੀ ਦਫਤਰ ਵੱਲੋਂ ਇਹ ਵੀ ਹੁਕਮ ਜਾਰੀ ਕੀਤੇ ਗਏ ਹਨ ਕਿ ਡਿਪਟੀ ਕਮਿਸ਼ਨਰ ਜਿਲ੍ਹੇ ਦੇ ਹਰ ਪਿੰਡ ਦੀ ਅਬਾਦੀ ਅਤੇ ਉੱਥੇ ਕਿੰਨੇ ਨਸ਼ੇੜੀ ਹਨ ਇਸ ਗੱਲ ਦਾ ਵੀ ਲੇਖਾ ਜੋਖਾ ਰੱਖਣ ਦੇ ਨਾਲ ਨਾਲ ਨਸ਼ੇੜੀਆਂ ਦਾ ਇਲਾਜ਼ ਕਰਵਾਏ ਜਾਣ ਦੇ ਪ੍ਰਬੰਧ ਵੀ ਕਰਵਾਉਣ।

# ਸ੍ਰੀ ਅਕਾਲ ਤਖ਼ਤ ਸਾਹਿਬ, ਸਰਬੱਤ ਖ਼ਾਲਸਾ ਅਤੇ ਗੁਰਮਤਾ

**ਡਾ. ਸੁਖਦਿਆਲ ਸਿੰਘ**



ਭਾਗ ਦੂਜਾ

1748 ਵਿੱਚ ਇੱਕ ਮੌਕਾ ਐਸਾ ਆਇਆ ਸੀ ਕਿ ਪੰਜਾਬ ਵਿੱਚ ਕਾਨੂੰਨ-ਵਿਵਸਥਾ ਬਹੁਤ ਗੜਬੜਾ ਗਈ ਸੀ। ਇਸ ਕਰਕੇ ਖਾਲਸਾ ਜਥਿਆਂ ਦਾ ਬਹੁਤ ਜ਼ੋਰ ਪੈ ਗਿਆ ਸੀ। ਖਾਲਸਾ ਜਥਿਆਂ ਨੂੰ ਇਕ ਨਵੇਂ ਪ੍ਰਭਾਵਸ਼ਾਲੀ ਸੰਗਠਨ ਵਿੱਚ ਪਰੋਣ ਲਈ ਇਕ ਨਵੇਂ ਆਗੂ ਹੇਠ ਨਵੀਂ ਜਥੇਬੰਦੀ ਬਣਾਈ ਜਾਣੀ ਜ਼ਰੂਰੀ ਹੋ ਗਈ ਸੀ। ਇਸ ਤਹਿਤ ਕਪੂਰ ਸਿੰਘ ਨੇ ਆਪਣੀ ਥਾਂ 'ਤੇ ਜੱਸਾ ਸਿੰਘ ਆਹਲੂਵਾਲੀਏ ਦਾ ਨਾਂ ਪੇਸ਼ ਕੀਤਾ। ਇਸ ਨਾਂ ਨੂੰ ਸਰਬੱਤ ਖਾਲਸੇ ਨੇ ਗੁਰਮਤਾ ਕਰਕੇ ਪ੍ਰਵਾਨ ਕਰ ਲਿਆ ਅਤੇ 1748 ਈਸਵੀ ਦੀ ਵਿਸਾਖੀ ਤੇ ਨਵੀਂ ਜਥੇਬੰਦੀ ਦਲ ਖਾਲਸਾ ਦੇ ਨਾਂ ਹੇਠ ਬਣਾਈ ਗਈ ਸੀ।

1754-55 ਵਿੱਚ ਰਾਜ-ਵਿਵਸਥਾ ਪੂਰੀ ਤਰ੍ਹਾਂ ਬਿਗੜੀ ਹੋਈ ਸੀ। ਇਸ ਹਾਲਤ ਵਿੱਚ ਖਾਲਸੇ ਨੇ 1754 ਈਸਵੀ ਦੀ ਦੀਵਾਲੀ 'ਤੇ ਸਰਬੱਤ ਖਾਲਸਾ ਸਮਾਗਮ ਬੁਲਾ ਕੇ ਗੁਰਮਤਾ ਕੀਤਾ ਕਿ ਇਕ ਤਾਂ ਰਾਖੀ ਪ੍ਰਬੰਧ ਨੂੰ ਹੋਰ ਵਧਾ ਕੇ ਸਮੁੱਚੇ ਪੰਜਾਬ ਵਿੱਚ ਹੀ ਖਾਲਸੇ ਦੇ ਰਾਜ ਦਾ ਐਲਾਨ ਕਰ ਦੇਣਾ ਚਾਹੀਦਾ ਹੈ ਪਰ ਕਈਆਂ ਦਾ ਵਿਚਾਰ ਸੀ ਕਿ ਐਲਾਨ ਭਾਵੇਂ ਕਰ ਦਿਓ ਪਰ ਰਾਜ ਅਜੇ ਸਥਾਪਤ ਨਾ ਕੀਤਾ ਜਾਵੇ। ਇਸ ਦੀ ਪੂਰਤੀ ਲਈ ਸਮੂਹ ਖਾਲਸੇ ਨੇ ਲਾਹੌਰ 'ਤੇ ਕਬਜ਼ਾ ਕੁਝ ਸਮੇਂ ਲਈ ਕਰਨ ਦਾ ਅਤੇ ਫਿਰ ਛੱਡ ਦੇਣ ਦਾ ਗੁਰਮਤਾ ਪਾਸ ਕੀਤਾ। ਇਸ ਨਾਲ ਖਾਲਸੇ ਨੇ ਇਹ ਦਰਸਾ ਦਿੱਤਾ ਸੀ ਕਿ ਆਖਰ ਪੰਜਾਬ ਖਾਲਸੇ ਦਾ ਹੈ।

ਇਕ ਸਰਬੱਤ ਖਾਲਸਾ ਸਮਾਗਮ 1760 ਦੀ ਦੀਵਾਲੀ 'ਤੇ ਕੀਤਾ ਗਿਆ ਸੀ ਜਿਸ ਵਿੱਚ ਗੁਰਮਤਾ ਪਾਸ ਕੀਤਾ ਗਿਆ ਸੀ ਕਿ ਖਾਲਸੇ ਨੂੰ ਲਾਹੌਰ ਉੱਪਰ ਹਮਲਾ ਕਰਕੇ ਦੁਸ਼ਮਣ ਦੇ ਅਧਿਕਾਰੀਆਂ ਨੂੰ ਸੋਧ ਦੇਣਾ ਚਾਹੀਦਾ ਹੈ। ਫਿਰ ਅਗਲੇ ਸਾਲ 1761 ਦੀ ਦੀਵਾਲੀ ਸਮੇਂ ਸਰਬੱਤ ਖਾਲਸਾ ਸਮਾਗਮ ਕੀਤਾ ਗਿਆ ਸੀ ਜਿਸ ਵਿੱਚ ਗੁਰਮਤਾ ਕੀਤਾ ਗਿਆ ਸੀ ਕਿ ਆਕਿਲ ਦਾਸ ਜੰਡਿਆਲੇ ਜੈਸੇ ਅਬਦਾਲੀ ਦੇ ਮੁਖਬਰਾਂ ਅਤੇ ਹਮਾਇਤੀਆਂ ਨੂੰ ਸੋਧ ਦਿੱਤਾ ਜਾਵੇ। ਫਿਰ 1762 ਦੇ ਸਾਲ ਵਿੱਚ ਵੀ ਇਕ ਐਸੇ ਸਰਬੱਤ ਖਾਲਸਾ ਸਮਾਗਮ ਦਾ ਵੇਰਵਾ ਮਿਲਦਾ ਹੈ ਜਿਸ ਵਿੱਚ ਵੱਡੇ ਘੱਲੂਘਾਰੇ ਦਾ ਬਦਲਾ ਲੈਣ ਲਈ ਅਹਿਮਦ ਸ਼ਾਹ ਅਬਦਾਲੀ ਨਾਲ ਡਟ ਕੇ ਲੜਾਈ ਕਰਨ ਦਾ ਗੁਰਮਤਾ ਪਾਸ ਕੀਤਾ ਗਿਆ ਸੀ। 1764 ਦੀ ਦੀਵਾਲੀ 'ਤੇ ਸਰਬੱਤ ਖਾਲਸਾ ਸਮਾਗਮ ਬੁਲਾ ਕੇ ਫੈਸਲਾ ਕੀਤਾ ਗਿਆ ਸੀ ਕਿ ਸਰਹਿੰਦ ਨੂੰ ਜਿੱਤ ਕੇ ਉਥੇ ਖਾਲਸਾ ਰਾਜ ਦੀ ਸਥਾਪਨਾ ਕਰ ਲੈਣੀ ਚਾਹੀਦੀ ਹੈ। ਉਸ ਸਮੇਂ ਜੈਨ ਖਾਨ ਸਰਹਿੰਦ ਦਾ ਗਵਰਨਰ ਸੀ। ਸਰਹਿੰਦ ਨੂੰ ਜਿੱਤਣ ਦੀਆਂ ਤਿਆਰੀਆਂ ਕੀਤੀਆਂ ਗਈਆਂ। ਸਮੂਹ ਪੰਥਕ ਜਥੇ ਸਮੇਤ ਬਾਬਾ ਆਲਾ ਸਿੰਘ ਦੇ ਸਰਹਿੰਦ ਉਪਰ ਹਮਲਾ ਕਰਨ ਨਾਲ ਇਕੱਠੇ ਹੋ ਗਏ ਸਨ। 14 ਜਨਵਰੀ, 1764 ਨੂੰ ਸਰਹਿੰਦ ਉਪਰ ਹਮਲਾ ਕੀਤਾ ਗਿਆ ਅਤੇ ਇਕੋ-ਦਿਨ ਦੀ ਲੜਾਈ ਵਿੱਚ ਜੈਨ ਖਾਨ ਨੂੰ ਮਾਰ ਦਿੱਤਾ ਗਿਆ ਸੀ ਅਤੇ ਸਰਹਿੰਦ ਨੂੰ ਜਿੱਤ ਕੇ, ਇਸ ਦੇ ਇਲਾਕਿਆਂ ਨੂੰ ਵੰਡ ਕੇ ਮਿਸਲੀ ਸਰਦਾਰਾਂ ਨੇ ਆਪੋ-ਆਪਣੇ ਰਾਜਾਂ ਵਿੱਚ ਮਿਲਾ ਲਿਆ ਸੀ। ਇਸ ਤਰ੍ਹਾਂ ਸਰਹਿੰਦ ਰਾਜ ਵਿਚੋਂ ਮੁਗਲ ਅਤੇ ਅਫ਼ਗਾਨੀ ਸਾਮਰਾਜ ਨੂੰ 1764 ਦੇ ਚੜ੍ਹਦੇ ਸਾਲ ਹੀ ਖ਼ਤਮ ਕਰ ਦਿੱਤਾ ਗਿਆ ਸੀ।

ਜਦੋਂ ਮਾਰਚ, 1765 ਵਿੱਚ ਸੱਤਵੀਂ ਵਾਰ ਆਇਆ ਅਹਿਮਦ ਸ਼ਾਹ ਅਬਦਾਲੀ ਖਾਲਸਾ ਜਥਿਆਂ ਕੋਲੋਂ ਹਾਰ ਕੇ ਵਾਪਸ ਚਲਾ ਗਿਆ ਸੀ ਤਾਂ ਮਿਸਲੀ ਸਰਦਾਰਾਂ ਨੇ ਲਾਹੌਰ ਵਿਚੋਂ ਅਫਗਾਨੀ ਸਾਮਰਾਜ ਖਤਮ ਕਰਕੇ ਇਥੇ ਖਾਲਸਾ ਰਾਜ ਸਥਾਪਤ ਕਰ ਲਿਆ ਸੀ। ਇਸ ਸਮੇਂ ਪੰਥਕ ਸਰਦਾਰਾਂ ਨੇ ਆਪਣੇ ਰਾਜ ਦੇ ਸਿੱਕੇ ਅਤੇ ਮੋਹਰਾਂ ਵੀ ਜਾਰੀ ਕਰਨੇ ਸਨ। ਇਸ ਲਈ ਖਾਲਸਾ ਰਾਜ ਦੇ ਸਿੱਕਿਆਂ ਦੀ ਇਬਾਰਤ ਕਿਹੋ-ਜਿਹੀ ਹੋਵੇ ਅਤੇ ਇਹ ਸਿੱਕੇ ਕਿਸ ਨਾਂ ਹੇਠ ਜਾਰੀ ਹੋਣ, ਇਸ ਬਾਰੇ ਫੈਸਲਾ ਲੈਣ ਲਈ ਵਿਸਾਖੀ, 1764 ਨੂੰ ਸਰਬੱਤ ਖਾਲਸਾ ਸਮਾਗਮ ਬੁਲਾ ਕੇ ਗੁਰਮਤਾ ਕੀਤਾ ਕਿ ਸਿੱਕਿਆਂ ਅਤੇ ਮੋਹਰਾਂ ਦੀ ਇਬਾਰਤ ਉਹੀ ਰੱਖੀ ਜਾਵੇ ਜਿਹੜੀ ਪਚਵੰਜਾ ਸਾਲ ਪਹਿਲਾਂ ਬੰਦਾ ਸਿੰਘ ਬਹਾਦਰ ਨੇ ਉਲੀਕੀ ਸੀ। ਇਸ ਗੁਰਮਤੇ ਅਨੁਸਾਰ ਓਹੀ ਬੰਦਾ ਸਿੰਘ ਬਹਾਦਰ ਵਾਲੀ ਇਬਾਰਤ ਹੀ, ਸਿਰਫ ਸ਼ਹਿਰਾਂ ਦੇ ਨਾਵਾਂ ਦੀ ਤਬਦੀਲੀ ਕਰਕੇ, ਰੱਖੀ ਗਈ ਸੀ।

ਇਸ ਤਰ੍ਹਾਂ ਜਦੋਂ ਵੀ ਮਿਸਲਦਾਰਾਂ ਸਾਹਮਣੇ ਕੋਈ ਐਸਾ ਮਸਲਾ ਪੈਦਾ ਹੁੰਦਾ ਸੀ, ਜਿਸ ਨੂੰ ਮਿਸਲਦਾਰ ਆਪਸ ਵਿੱਚ ਸਲਾਹ ਕਰਕੇ ਨਾ ਨਜਿੱਠ ਸਕਦੇ ਹੋਣ ਤਾਂ ਉਹ ਅੰਤਮ ਤੌਰ 'ਤੇ ਸਰਬੱਤ ਖਾਲਸੇ ਦੇ ਰੂਪ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਕੱਠੇ ਹੁੰਦੇ ਸਨ। ਇਥੇ ਸੰਬੰਧਤ ਮਸਲੇ ਬਾਰੇ ਜੋ ਵੀ ਇਕ ਰਾਇ ਬਣਦੀ ਸੀ ਉਹ ਪ੍ਰਵਾਨ ਕਰ ਲਈ ਜਾਂਦੀ ਸੀ। ਇਸ ਪ੍ਰਵਾਨ ਹੋਏ ਗੁਰਮਤੇ ਬਾਰੇ ਫਿਰ ਕੋਈ ਕਿੰਤੂ-ਪ੍ਰੰਤੂ ਨਹੀਂ ਹੁੰਦਾ ਸੀ। ਭਾਵ ਕਿ ਸਰਬੱਤ ਖਾਲਸਾ, ਸਿੱਖ ਕੌਮ ਦੀ ਇਕ ਨੈਸ਼ਨਲ ਅਸੈਂਬਲੀ ਹੀ ਸੀ ਜਿਸ ਦੀ ਪ੍ਰਵਾਨਗੀ ਅੰਤਮ ਹੁੰਦੀ ਸੀ। ਇਸ ਨੈਸ਼ਨਲ ਅਸੈਂਬਲੀ (ਸਰਬੱਤ ਖਾਲਸਾ) ਦਾ ਵਿਧੀ ਵਿਧਾਨ ਖਾਲਸਾ-ਰਹਿਤ ਮਰਯਾਦਾ ਹੀ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਸਰਬੱਤ ਖਾਲਸੇ ਦੀ ਸਰਵਉੱਚ ਅਦਾਲਤ ਸੀ। ਸਰਬੱਤ ਖਾਲਸੇ ਰਾਹੀਂ ਪ੍ਰਵਾਨ ਕੀਤਾ ਗਿਆ ਗੁਰਮਤਾ ਜਦੋਂ ਇਥੋਂ ਜਾਰੀ ਕੀਤਾ ਜਾਂਦਾ ਸੀ ਤਾਂ ਇਹ ਹੁਕਮਨਾਮਾ ਬਣ ਜਾਂਦਾ ਸੀ। ਇਸ ਨੂੰ ਮੰਨਣ ਲਈ ਹਰ ਸਿੱਖ ਪਾਬੰਦ ਹੁੰਦਾ ਸੀ।

ਇਸ ਦਾ ਜਥੇਦਾਰ ਸਮੁੱਚੇ ਸਿੱਖ ਰਾਸ਼ਟਰ ਦਾ ਰਾਸ਼ਟਰਪਤੀ ਦੀ ਤਰ੍ਹਾਂ ਜਥੇਦਾਰ ਹੁੰਦਾ ਸੀ, ਜਿਹੜਾ ਸਰਬ-ਉੱਚ ਅਸਥਾਨ ਦਾ ਜਥੇਦਾਰ (ਮੁਖੀ) ਹੋਣ ਕਰਕੇ ਸਿੱਖਾਂ ਵਿੱਚ ਸਰਬ-ਉੱਚ ਦਰਜਾ ਹੀ ਰੱਖਦਾ ਸੀ। ਇਸ ਦੀ ਸਰਬ-ਉੱਚਤਾ ਸਿਰਫ ਵਿਧਾਨਕ ਹੀ ਸੀ ਕਾਰਜਕਾਰੀ ਨਹੀਂ ਸੀ। ਇਸ ਦਰਜੇ ਕਰਕੇ ਹੀ ਜਥੇਦਾਰ ਸਾਹਿਬ ਹਰ ਦੋਸ਼ ਤੋਂ ਮੁਕਤ ਸਮਝਿਆ ਜਾਂਦਾ ਸੀ। ਕਿਉਂਕਿ ਜਥੇਦਾਰ ਸਿਰਫ ਸਰਬੱਤ ਖਾਲਸੇ ਰਾਹੀਂ ਦਿੱਤੀਆਂ ਗਈਆਂ ਹਦਾਇਤਾਂ ਅਨੁਸਾਰ ਹੀ ਕੰਮ ਕਰਦਾ ਸੀ, ਇਸ ਲਈ ਕਿਸੇ ਵੀ ਮਸਲੇ ਵਿੱਚ ਉਸ ਦਾ ਕੋਈ ਦੋਸ਼ ਨਹੀਂ ਸੀ ਸਮਝਿਆ ਜਾਂਦਾ। ਉਹ ਹਰ ਅਦਾਲਤੀ ਖੇਤਰ ਤੋਂ ਬਾਹਰ ਹੁੰਦਾ ਸੀ।

ਸਰਬੱਤ ਖਾਲਸਾ ਸਮਾਗਮਾਂ ਅਤੇ ਗੁਰਮਤੇ ਬਾਰੇ ਇਕ ਗੱਲ ਧਿਆਨ ਵਿੱਚ ਰੱਖਣੀ ਅਤਿ ਜ਼ਰੂਰੀ ਹੈ ਕਿ ਇਹ ਸਿਰਫ ਸਿੱਖਾਂ ਨਾਲ ਹੀ ਸੰਬੰਧਤ ਸੀ। ਸਿੱਖਾਂ ਨੇ ਆਪਣੇ ਸਿੱਖ ਮਸਲਿਆਂ ਬਾਰੇ ਜਿਸ ਤਰ੍ਹਾਂ ਦੀ ਵੀ, ਆਪਣੀ ਕੌਮ ਵੱਲੋਂ ਰਾਇ ਜਾਂ ਪ੍ਰਵਾਨਗੀ ਲੈਣੀ ਹੁੰਦੀ ਸੀ ਉਹ ਸਿਰਫ ਸਰਬੱਤ ਖਾਲਸਾ ਸਮਾਗਮ ਰਾਹੀਂ ਹੀ ਪ੍ਰਾਪਤ ਕੀਤੀ ਜਾਂਦੀ ਸੀ। ਸਰਬੱਤ ਖਾਲਸਾ ਸਮਾਗਮ ਜਮਹੂਰੀਅਤ ਦਾ ਖਾਲਸਾਈ ਸੰਕਲਪ ਸੀ। ਇਸ ਨੂੰ ਸਿੱਧੇ ਤਰੀਕੇ ਦੀ ਜਮਹੂਰੀਅਤ ਕਿਹਾ ਜਾ ਸਕਦਾ ਹੈ। ਹਰ ਮਸਲੇ ਬਾਰੇ ਹਾਜ਼ਰ ਸੰਗਤ (ਖਾਲਸੇ) ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਜੁੜ ਕੇ ਆਪਣੀ ਰਾਇ ਦਿੱਤੀ ਜਾਂਦੀ ਸੀ। ਇਸ ਲਈ ਇਹ ਸਮਾਗਮ ਸਿੱਖ ਅਵਾਮ ਦਾ ਸਮਰਥਨ ਪ੍ਰਾਪਤ ਕਰਨ ਦਾ ਇਕ ਬਹੁਤ ਵਧੀਆ ਸੰਸਥਾਈ ਰੂਪ ਸੀ। ਸਿੱਖਾਂ ਤੋਂ ਇਲਾਵਾ ਹੋਰ ਕੋਈ ਵੀ ਮਸਲਾ ਇਨ੍ਹਾਂ ਸਮਾਗਮਾਂ ਵਿੱਚ ਨਹੀਂ ਵਿਚਾਰਿਆ ਜਾ ਸਕਦਾ ਸੀ।

ਸਰਬੱਤ ਖਾਲਸਾ ਸਮਾਗਮਾਂ ਬਾਰੇ ਦੂਜੀ ਗੱਲ ਇਹ ਯਾਦ ਰੱਖਣਯੋਗ ਹੈ ਕਿ ਇਹ ਸੰਸਥਾ ਸਿਰਫ ਉਸ ਸਮੇਂ ਹੀ ਅਸਲੀ ਰੂਪ ਵਿੱਚ ਆਪਣਾ ਕੰਮ ਕਰਦੀ ਸੀ ਜਦੋਂ ਕਿ ਸਿੱਖ ਕੌਮ ਸੰਕਟ ਦੇ ਸਮੇਂ ਵਿੱਚ ਘਿਰੀ ਹੁੰਦੀ ਸੀ। ਸ਼ਾਂਤੀ ਅਤੇ ਸੁੱਖ ਦੇ ਸਮੇਂ ਤਾਂ ਸਿੱਖ ਲੀਡਰਸ਼ਿਪ ਹੀ ਹਰ ਕਿਸਮ ਦੇ ਫੈਸਲੇ ਲੈਣ ਦੇ ਸਮਰੱਥ ਹੁੰਦੀ ਸੀ, ਪਰ ਸੰਕਟ ਸਮੇਂ ਸਰਬੱਤ ਖਾਲਸਾ ਸਮਾਗਮਾਂ ਦੀ ਲੋੜ ਪੈਂਦੀ ਸੀ ਜਿਵੇਂ ਕਿ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦੇ ਬਾਅਦ ਦਾ ਸਮਾਂ ਸੀ। ਇਸ ਸਮੇਂ ਸਿੱਖ ਲੀਡਰਸ਼ਿਪ ਨੂੰ ਸਥਾਪਤ ਕਰਨ ਦਾ ਮਸਲਾ ਸਰਬੱਤ ਖਾਲਸਾ ਸਮਾਗਮ ਰਾਹੀਂ ਹੀ ਹੱਲ ਕੀਤਾ ਸੀ। ਜਾਂ ਫਿਰ ਸੰਕਟ ਸਮਾਂ ਉਸ ਸਮੇਂ ਹੁੰਦਾ ਸੀ ਜਦੋਂ ਸਿੱਖ ਕੌਮ ਜ਼ਬਰਦਸਤ ਖਤਰੇ ਵਿੱਚ ਘਿਰੀ ਹੁੰਦੀ ਸੀ। ਸਰਬੱਤ ਖਾਲਸਾ ਸਮਾਗਮ ਵਿਚੋਂ ਪਾਸ ਕੀਤੇ ਗਏ ਗੁਰਮਤੇ ਰਾਹੀਂ ਪੰਥ ਨੂੰ ਜਜ਼ਬਾਤੀ ਅਪੀਲ ਸਮਝੀ ਜਾਂਦੀ ਸੀ। ਇਸ ਅਪੀਲ ਨਾਲ ਹਰ ਸਿੱਖ ਲੜਨ-ਮਰਨ ਲਈ ਤਿਆਰ ਹੋ ਜਾਂਦਾ ਸੀ। ਪਹਿਲੇ ਅਤੇ ਦੂਜੇ ਘੱਲੂਘਾਰਿਆਂ ਬਾਅਦ ਸਮੁੱਚੀ ਸਿੱਖ ਕੌਮ ਨੂੰ ਆਪਣੇ ਸਾਂਝੇ ਦੁਸ਼ਮਣ ਦੇ ਖਿਲਾਫ਼ ਕੌਮੀ ਰੂਪ ਵਿੱਚ ਖੜੇ ਹੋਣਾ ਜ਼ਰੂਰੀ ਸੀ। ਇਸ ਕਰਕੇ ਇਸ ਤਰ੍ਹਾਂ ਦੇ ਸਮਿਆਂ ਵਿੱਚ ਸਰਬੱਤ ਖਾਲਸਾ ਸਮਾਗਮਾਂ ਰਾਹੀਂ ਗੁਰਮਤੇ ਪਾਸ ਕਰਕੇ ਸਮੁੱਚੀ ਕੌਮ ਨੂੰ ਹਲੂਣਿਆਂ ਜਾਂਦਾ ਸੀ, ਜੋ ਲੀਡਰਸ਼ਿਪ ਲਈ ਬਹੁਤ ਮਦਦਗਾਰ ਸਾਬਤ ਹੁੰਦਾ ਸੀ।

ਜਦੋਂ ਮਸਲੇ ਆਸਾਨੀ ਨਾਲ ਨਜਿੱਠੇ ਜਾਂਦੇ ਹੋਣ ਤਾਂ ਸਰਬੱਤ ਖਾਲਸਾ ਸਮਾਗਮਾਂ ਦੀ ਲੋੜ ਨਹੀਂ ਪੈਂਦੀ ਸੀ। ਅਜਿਹੇ ਸਮਿਆਂ ਵਿੱਚ ਇਹ ਵੀ ਹੋ ਸਕਦਾ ਸੀ ਕਿ ਸਰਬੱਤ ਖਾਲਸਾ ਸਮਾਗਮ ਨਾ ਵੀ ਬੁਲਾਇਆ ਜਾਂਦਾ ਤੇ ਜਾਂ ਫਿਰ ਬੁਲਾਏ ਗਏ ਸਰਬੱਤ ਖਾਲਸਾ ਸਮਾਗਮ ਸਿਰਫ ਰਵਾਜ਼ਨੀ ਹੀ ਹੁੰਦੇ। ਸਰਬੱਤ ਖਾਲਸੇ ਦੀ ਸਮੁੱਚੀ ਸਫਲਤਾ ਦਾ ਦਾਰੋਮਦਾਰ ਸਿੱਖ ਕੌਮ ਦੀ ਸਥਿਤੀ ਤੇ ਨਿਰਭਰ ਕਰਦਾ ਸੀ। ਸੰਕਟ ਸਮੇਂ ਇਨ੍ਹਾਂ ਸੰਸਥਾਵਾਂ ਦੀ ਮਹੱਤਤਾ ਵਧ ਜਾਂਦੀ ਸੀ ਅਤੇ ਸੁੱਖ-ਸ਼ਾਂਤੀ ਦੇ ਸਮੇਂ ਘਟ ਜਾਂਦੀ ਸੀ। ਇਹੀ ਕਾਰਨ ਸੀ ਕਿ ਜਿਉਂ-ਜਿਉਂ ਸਿੱਖ ਮਿਸਲਦਾਰਾਂ ਦਾ ਜਾਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪੱਕਾ ਅਤੇ ਮਜ਼ਬੂਤ ਹੁੰਦਾ ਗਿਆ ਸੀ ਤਿਉਂ-ਤਿਉਂ ਸਰਬੱਤ ਖਾਲਸਾ ਸਮਾਗਮਾਂ ਦੀ ਲੋੜ ਘਟਦੀ ਗਈ ਸੀ। ਪ੍ਰੋਫੈਸਰ ਤੇਜਾ ਸਿੰਘ ਜੈਸੇ ਅੰਗਰੇਜ਼ੀ ਸਾਹਿਤਕਾਰਾਂ ਦਾ ਇਹ ਲਿਖਣਾ ਬਿਲਕੁਲ ਹੀ ਗਲਤ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਰਾਜਸੀ ਤਾਕਤ ਪ੍ਰਾਪਤ ਕਰਦਿਆਂ ਹੀ ਸਰਬੱਤ ਖਾਲਸਾ ਦੇ ਸਮਾਗਮਾਂ ਨੂੰ ਬੰਦ ਕਰਵਾ ਦਿੱਤਾ ਸੀ। ਕੋਈ ਵੀ ਹਾਕਮ ਭਾਵੇਂ ਉਹ ਕਿੰਨਾ ਵੱਡਾ ਸ਼ਕਤੀਸ਼ਾਲੀ ਤੇ ਸਰਬ-ਸਮਰੱਥ ਵੀ ਕਿਉਂ ਨਾ ਹੋਵੇ, ਉਹ ਕਿਸੇ ਵੀ ਤਰ੍ਹਾਂ ਕਿਸੇ ਵੀ ਸਿੱਖ ਸੰਸਥਾ ਨੂੰ ਆਪਣੀ ਮਰਜ਼ੀ ਨਾਲ ਬੰਦ ਨਹੀਂ ਕਰ ਸਕਦਾ ਸੀ। ਮਹਾਰਾਜਾ ਰਣਜੀਤ ਸਿੰਘ ਜੈਸਾ ਸਿੱਖ ਮਹਾਰਾਜਾ, ਜਿਹੜਾ ਕਿ ਖੁਦ ਵੀ ਸਰਬੱਤ ਖਾਲਸਾ ਸਮਾਗਮਾਂ ਦੀ ਦੇਣ ਸੀ, ਇਸ ਮਹਾਨ ਸੰਸਥਾ ਨੂੰ ਬੰਦ ਕਰਨ ਬਾਰੇ ਸੋਚ ਵੀ ਨਹੀਂ ਸਕਦਾ ਸੀ। ਇਹ ਸਿਰਫ ਪ੍ਰੋ. ਤੇਜਾ ਸਿੰਘ ਦਾ ਆਪਣਾ ਮੱਤ ਹੈ ਕਿ ਜਿਹੜਾ ਕਿ ਉੱਕਾ ਹੀ ਗਲਤ ਹੈ। ਖਾਲਸੇ ਦਾ ਰਾਜ ਸਿੱਖਾਂ ਲਈ ਇਤਨਾ ਮਾਣ ਕਰਨਯੋਗ ਸੀ ਕਿ ਖਾਲਸੇ ਨੂੰ ਕਿਸੇ ਵੀ ਕਿਸਮ ਦਾ ਕੋਈ ਖਤਰਾ ਨਹੀਂ ਸੀ ਰਿਹਾ। ਇਸ ਲਈ ਖਾਲਸਾ ਪੰਥ ਆਪਣੇ-ਆਪ ਹੀ ਸਰਬੱਤ ਖਾਲਸਾ ਸਮਾਗਮਾਂ ਦੀ ਲੋੜ ਘਟਨ ਕਰਕੇ ਇਨ੍ਹਾਂ ਸਮਾਗਮਾਂ ਨੂੰ ਬੁਲਾਉਣੋਂ ਜਾਂ ਇਨ੍ਹਾਂ ਵਿੱਚ ਸ਼ਾਮਲ ਹੋਣੋਂ ਹਟਦਾ ਰਿਹਾ ਸੀ।

ਸਰਬੱਤ ਖਾਲਸਾ ਸਮਾਗਮਾਂ ਅਤੇ ਇਨ੍ਹਾਂ ਵਿੱਚ ਪਾਸ ਕੀਤੇ ਗਏ ਗੁਰਮਤਿਆਂ ਬਾਰੇ ਬ੍ਰਿਟਿਸ਼ ਅਤੇ ਯੂਰਪੀਅਨ ਲੇਖਕਾਂ ਨੇ ਵੀ ਕਾਫੀ ਕੁਝ ਲਿਖਿਆ ਹੈ। ਇਨ੍ਹਾਂ ਬਾਰੇ ਇਕ ਗੱਲ ਧਿਆਨ ਵਿੱਚ ਰੱਖਣਯੋਗ ਹੈ ਕਿ ਉਨ੍ਹਾਂ ਲਈ ਇਹ ਸੰਸਥਾਵਾਂ ਬਿਲਕੁਲ ਹੀ ਓਪਰੀਆਂ ਸਨ। ਇਹ ਸੰਸਥਾਵਾਂ ਉਨ੍ਹਾਂ ਦੀ ਪੱਛਮੀ ਵਿਚਾਰਧਾਰਾ ਵਿੱਚ ਕਿਸੇ ਵੀ ਤਰ੍ਹਾਂ ਫਿਟ ਨਹੀਂ ਬੈਠਦੀਆਂ ਸਨ। ਉਨ੍ਹਾਂ ਨੇ ਸਿਰਫ ਆਪਣੀ ਵਿਚਾਰਧਾਰਾ ਅਨੁਸਾਰ ਹੀ ਇਨ੍ਹਾਂ ਦੀ ਵਿਆਖਿਆ ਕੀਤੀ ਹੈ ਜਿਹੜੀ ਕਿ ਪੂਰੀ ਤਰ੍ਹਾਂ ਠੀਕ ਨਹੀਂ ਹੈ। ਕਿਸੇ ਨੇ ਇਸ ਨੂੰ ਨੈਸ਼ਨਲ ਅਸੈਂਬਲੀ ਜਾਂ ਡਾਇਟ ਲਿਖਿਆ ਹੈ। ਕਿਸੇ ਨੇ ਸੰਗਤ ਵਿੱਚ ਵਰਤਾਏ ਜਾਂਦੇ ਕੜਾਹ-ਪ੍ਰਸ਼ਾਦ ਦੀ ਦੇਗ ਨੂੰ ਕੇਕ ਜਾਂ ਕਣਕ ਦੇ ਆਟੇ, ਘਿਉ ਅਤੇ ਚੀਨੀ ਦਾ ਸੁਮੇਲ ਦੱਸਿਆ ਹੈ। ਇਹ ਸਭ-ਕੁਝ ਉਨ੍ਹਾਂ ਦੀ ਅਣਜਾਣਤਾ ਦਾ ਪ੍ਰਤੀਕ ਹੈ। ਇਨ੍ਹਾਂ ਦੀਆਂ ਟੂਕਾਂ ਤੋਂ ਸਿਰਫ ਜਾਣਕਾਰੀ ਹੀ ਲਈ ਜਾ ਸਕਦੀ ਹੈ ਇਨ੍ਹਾਂ ਉਤੇ ਪੂਰੀ ਤਰ੍ਹਾਂ ਨਿਰਭਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਸਮੂਹ ਜੱਥੇ ਹਰ ਸਾਲ ਵਿੱਚ ਦੋ ਵਾਰ ਸਰਬੱਤ ਖਾਲਸਾ ਸਮਾਗਮ ਕਰਦੇ ਸਨ ਇਸ ਕਰਕੇ ਹਰ ਮਿਸਲਦਾਰ ਨੇ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਆਪੋ-ਆਪਣੇ ਬੁੰਗੇ ਉਸਾਰ ਲਏ ਸਨ ਤੇ ਇਨ੍ਹਾਂ ਵਿੱਚ ਆ ਕੇ ਰਹਿੰਦੇ ਸਨ ਅਤੇ ਸਰਬੱਤ ਖਾਲਸਾ ਸਮਾਗਮ ਵਿੱਚ ਹਿੱਸਾ ਲੈਂਦੇ ਸਨ। ਅਹਿਮਦ ਸ਼ਾਹ ਬਟਾਲਵੀ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਲਿਖਿਆ ਹੈ, ਅੰਮ੍ਰਿਤਸਰ ਸ਼ਹਿਰ ਉਤੇ ਸਾਰੇ ਸਿੰਘਾਂ ਦਾ ਸਾਂਝਾ ਅਧਿਕਾਰ ਸੀ। ਹਰ ਇਕ ਸਰਦਾਰ (ਮਿਸਲਦਾਰ) ਨੇ ਆਪਣੇ ਆਪਣੇ ਨਾਂ 'ਤੇ ਇਕ ਕਿਲ੍ਹਾ ਅਤੇ ਵੱਖਰਾ ਮਹੱਲਾ ਵਸਾਇਆ ਹੋਇਆ ਸੀ। ਮਹੱਲੇ ਨੂੰ ਕੱਟੜਾ ਆਖਿਆ ਜਾਂਦਾ ਸੀ, ਜਿਵੇਂ ਕਿ ਕਟੜਾ ਭੰਗੀਆਂ, ਕਟੜਾ ਕਨ੍ਹੱਈਆਂ ਆਦਿ। ਅੰਮ੍ਰਿਤਸਰ ਦੇ ਸਰੋਵਰ ਵਿਚਕਾਰ ਬਣੇ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਉਨ੍ਹਾਂ ਨੇ ਕਈ ਭਵਨ ਬਣਾਏ ਹੋਏ ਸਨ ਜਿਨ੍ਹਾਂ ਨੂੰ ਉਹ ਬੁੰਗੇ ਕਹਿੰਦੇ ਸਨ। ਪਰਸਪਰ ਵੈਰ ਅਤੇ ਈਰਖਾ ਦੇ ਬਾਵਜੂਦ ਜਦ ਉਹ ਸ਼ਹਿਰ ਵਿੱਚ ਆਉਂਦੇ ਤਾਂ ਈਰਖਾ ਅਤੇ ਵੈਰ-ਵਿਰੋਧ ਭੁਲਾ ਦਿੰਦੇ। ਇਕੋ ਥਾਂ ਉਤੇ ਇਕੱਠੇ ਹੋ ਕੇ ਉਹ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੁਣਦੇ ਅਤੇ ਹਰ ਪ੍ਰਕਾਰ ਦੀਆਂ ਸਮੱਸਿਆਵਾਂ ਉਤੇ ਵਿਚਾਰ-ਵਟਾਂਦਰਾ ਕਰਦੇ। ਸਾਰੇ ਸਰਦਾਰ ਅੰਮ੍ਰਿਤਸਰ ਨੂੰ ਵਸਾਉਣ, ਹਰਿਮੰਦਰ ਅਤੇ ਸਰੋਵਰ ਨੂੰ ਬਣਾਉਣ ਅਤੇ ਸਜਾਉਣ ਲਈ ਰੁਪਏ ਪਾਣੀ ਵਾਂਗ ਖਰਚ ਕਰ ਦਿੰਦੇ ਸਨ। ਇਥੋਂ ਦੇ ਪੁਜਾਰੀਆਂ (ਸੇਵਾਦਾਰਾਂ) ਨੂੰ ਅਕਾਲੀ ਕਿਹਾ ਜਾਂਦਾ ਸੀ। ਸਿੱਖ ਸਰਦਾਰ ਉਨ੍ਹਾਂ ਨੂੰ ਬੇਅੰਤ ਸੋਨਾ-ਚਾਂਦੀ ਦੇ ਜਾਂਦੇ ਸਨ ਅਤੇ ਕਈ ਪਿੰਡ ਉਨ੍ਹਾਂ ਦੇ ਖਰਚ-ਪਾਣੀ ਲਈ ਵਕਫ ਕਰ ਦਿੰਦੇ ਸਨ। ਸਿੱਖ ਮਿਸਲਦਾਰਾਂ ਦੇ ਇਨ੍ਹਾਂ ਬੁੰਗਿਆਂ ਨੂੰ ਅੱਜ ਦੀ ਭਾਸ਼ਾ ਮੁਤਾਬਕ ਵੱਖ-ਵੱਖ ਅੰਬੈਸੀਆਂ ਕਿਹਾ ਜਾ ਸਕਦਾ ਹੈ। ਸਾਰੇ ਪੰਜਾਬ ਵਿੱਚ ਮਿਸਲਦਾਰਾਂ ਦਾ ਆਪਣਾ-ਆਪਣਾ ਰਾਜ ਸੀ। ਆਪਣੇ-ਆਪਣੇ ਰਾਜ ਵਿੱਚ ਹਰ ਮਿਸਲਦਾਰ ਸੁਤੰਤਰ ਸੀ ਪਰ ਸਿੱਖ ਪੰਥ ਨਾਲ ਸੰਬੰਧਤ ਹਰ ਸਾਂਝੇ ਮਸਲੇ ਬਾਰੇ ਗੁਰਮਤੇ ਕਰਨ ਲਈ ਉਹ ਅੰਮ੍ਰਿਤਸਰ ਪਹੁੰਚਦੇ ਸਨ। ਅੰਮ੍ਰਿਤਸਰ ਸ਼ਹਿਰ ਭਾਵੇਂ ਭੰਗੀ ਮਿਸਲ ਪਾਸ ਸੀ ਪਰ ਸ੍ਰੀ ਦਰਬਾਰ ਸਾਹਿਬ ਦਾ ਕੰਪਲੈਕਸ ਸਾਰਿਆਂ ਲਈ ਸਾਂਝਾ ਸੀ। ਇਥੇ ਸਿਰਫ ਅਕਾਲੀ ਸਿੰਘਾਂ ਦਾ ਹੀ ਹੁਕਮ ਚਲਦਾ ਸੀ। ਜਿਸ ਤਰ੍ਹਾਂ ਕਿਸੇ ਮੁਲਕ ਦੀ ਰਾਜਧਾਨੀ ਵਿੱਚ ਵੱਖ-ਵੱਖ ਪਰਦੇਸ਼ਾਂ ਦੇ ਰਾਜਦੂਤ ਵੱਖ-ਵੱਖ ਅੰਬੈਸੀਆਂ (ਦੂਤ ਘਰ) ਵਿੱਚ ਰਹਿੰਦੇ ਹਨ ਬਿਲਕੁਲ ਉਸੇ ਤਰ੍ਹਾਂ ਹੀ ਹਰ ਮਿਸਲਦਾਰ ਦੇ ਬੁੰਗੇ ਵਿੱਚ ਸਾਰਾ ਸਾਲ ਹੀ ਉਸ ਮਿਸਲਦਾਰ ਦੇ ਨੁਮਾਇੰਦੇ ਰਹਿੰਦੇ ਸਨ। ਇਸ ਤਰ੍ਹਾਂ ਅਠਾਰਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿੱਚ ਅੰਮ੍ਰਿਤਸਰ, ਸਮੂਹ ਪੰਥ ਲਈ

ਬਾਕੀ ਸਫ਼ਾ 28 'ਤੇ

# ਬੀਬੀ ਮੁਮਤਾਜ ਦਾ ਸਿੱਖ ਇਤਿਹਾਸ ਵਿਚ ਅਹਿਮ ਸਥਾਨ

-ਸਰਬਜੀਤ ਸਿੰਘ ਕੋਟਲਾ ਨਿਹੰਗ



ਪਿੰਡ ਕੋਟਲਾ ਨਿਹੰਗ (ਰੋਪੜ) ਦੇ ਚੌਧਰੀ ਪਠਾਣਾਂ ਦੇ ਪਰਿਵਾਰ ਨਾਲ ਸਬੰਧਤ ਬੀਬੀ ਮੁਮਤਾਜ ਵਲੋਂ ਗੁਰੂਘਰ ਲਈ ਨਿਭਾਈ ਸੇਵਾ ਤੇ ਸਿਮਰਨ ਦੀ ਮਿਸਾਲ ਵੀ ਸਾਨੂੰ ਗੁਰੂਘਰ ਨਾਲ ਜੁੜਨ ਦੀ ਪ੍ਰੇਰਨਾ ਦਿੰਦੀ ਹੈ। ਬਲਾਕ ਰੋਪੜ-ਦੋ ਵਿਚ ਪੈਂਦੇ ਪਿੰਡ ਬੜੀ (ਪੁਰਖਾਲੀ) ਕੋਲ ਪੈਂਦੀਆਂ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਸੁਸ਼ੋਭਿਤ ਗੁਰਦੁਆਰਾ ਤਪ ਅਸਥਾਨ ਬੀਬੀ ਮੁਮਤਾਜਗੜ੍ਹ ਦਾ ਸਿੱਖ ਇਤਿਹਾਸ ਵਿਚ ਅਹਿਮ ਸਥਾਨ ਹੈ। ਗੁਰੂਘਰ ਦੇ ਸ਼ਰਧਾਲੂ ਪਿੰਡ ਕੋਟਲਾ ਨਿਹੰਗ ਦੇ ਚੌਧਰੀ ਨਿਹੰਗ ਖਾਂ ਪਠਾਣ ਦੀ ਬੇਟੀ ਬੀਬੀ ਮੁਮਤਾਜ ਨੇ 100 ਸਾਲ ਪਿੰਡ ਨੌਰੰਗਪੁਰ ਝਾੜੀਆਂ ਤੋਂ ਪੰਜ ਕਿਲੋਮੀਟਰ ਦੂਰ ਪੈਂਦੇ ਸ਼ਾਂਤ ਜੰਗਲ-ਬੇਲਿਆਂ ਵਿਚ ਜਾ ਕੇ ਗੁਰੂ ਦੀ ਯਾਦ ਵਿਚ ਲਿਵ ਲਗਾਈ ਤੇ ਇੱਥੇ ਹੀ ਗੁਰੂਘਰ ਦੀ ਸ਼ਰਧਾਲੂ ਬਣ ਕੇ ਉਮਰ ਬਤੀਤ ਕੀਤੀ। ਨਿਹੰਗ ਖਾਂ ਪਠਾਣ ਸ਼ਾਹ ਸੁਲੇਮਾਨ ਗਜ਼ਨਵੀ ਦੀ ਕੁਲ ਵਿਚੋਂ ਨੌਰੰਗ ਖਾਂ ਦਾ ਪੁੱਤਰ ਸੀ, ਜਿਸ ਦੀ ਪਤਨੀ ਜੈਨਾ ਬੇਗਮ, ਪੁੱਤਰ ਆਲਮ ਖਾਂ ਤੇ ਪੁੱਤਰੀ ਮੁਮਤਾਜ ਗੁਰੂ ਜੀ ਦੇ ਚੰਗੇ ਪ੍ਰੇਮੀ ਸਨ। ਇਨ੍ਹਾਂ ਵਿਚ ਗੁਰੂ ਘਰ ਪ੍ਰਤੀ ਸ਼ਰਧਾ ਦਾ ਮੁੱਢਲਾ ਕਾਰਨ ਇਹ ਸੀ ਕਿ ਨੌਰੰਗ ਖਾਂ ਦਾ ਪਿਤਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਮੁਰੀਦ ਸੀ। ਇਨ੍ਹਾਂ ਦੇ ਘਰ ਵਿਚ ਗੁਰੂ ਪ੍ਰਤੀ ਸ਼ਰਧਾ, ਲਗਨ ਤੇ ਪਿਆਰ ਸੀ। ਫਿਰ ਨੌਰੰਗ ਖਾਂ ਤੇ ਨਿਹੰਗ ਖਾਂ ਪਿਉ-ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਆ ਕੇ ਚੰਗੀ ਨਸਲ ਦੇ ਘੋੜੇ ਲਿਆ ਕੇ ਵੇਚਿਆ ਕਰਦੇ ਸਨ ਤੇ ਧਨ ਪ੍ਰਾਪਤ ਕਰਦੇ ਸਨ। ਸਿੱਖ ਇਤਿਹਾਸ ਅਨੁਸਾਰ ਜਦੋਂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਰਸਾ ਨਦੀ (ਘਨੌਲੀ) ਪਾਰ ਕਰਕੇ ਮੁਗਲ ਫੌਜ ਨਾਲ ਜੰਗ ਲੜਦੇ ਹੋਏ ਰੋਪੜ ਕੋਲ ਪਠਾਣਾਂ ਦੇ ਭੱਠੇ ਪਾਸ ਪਹੁੰਚੇ ਤੇ ਆਪਣੇ ਨੀਲੇ ਘੋੜੇ ਦੇ ਪੌੜਾਂ ਨਾਲ ਭੱਠਾ ਠੰਢਾ ਕੀਤਾ ਸੀ, ਤਾਂ ਬਾਅਦ ਵਿਚ ਭੱਠੇ ਦਾ ਮਾਲਕ ਚੌਧਰੀ ਪਠਾਣ ਨਿਹੰਗ ਖਾਂ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਸੂਚਨਾ ਮਿਲਦੇ ਹੀ ਉਨ੍ਹਾਂ ਨੂੰ ਆਪਣੇ ਕਿਲ੍ਹੇ ਵਿਚ ਲੈ ਗਿਆ।ਕਿਸੇ ਚੁਗਲ (ਟਾਊਟ) ਨੇ ਰੋਪੜ ਦੇ ਕੋਤਵਾਲ ਚੌਧਰੀ ਜ਼ਾਫਰ ਅਲੀ ਖਾਂ ਪਾਸ ਚੁਗਲੀ ਕੀਤੀ ਕਿ ਨਿਹੰਗ ਖਾਂ ਦੇ ਪਾਸ ਕੁਝ ਸਿੱਖ ਉਤਰੇ ਹੋਏ ਹਨ। ਸਵੇਰੇ ਪੰਜ ਵਜੇ ਹੀ ਮੁਗਲ ਫੌਜ ਨੇ ਕਿਲ੍ਹੇ ਦੀ ਘੇਰਾਬੰਦੀ ਕਰ ਲਈ, ਜਦਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਾਤ ਸਾਢੇ ਬਾਰ੍ਹਾਂ ਵਜੇ ਹੀ ਕਿਲੇ 'ਚੋਂ ਚਲੇ ਗਏ ਸਨ। ਸਾਰੇ ਕਿਲ੍ਹੇ ਦੀ ਤਲਾਸ਼ੀ ਲੈਣ ਪਿੱਛੋਂ ਕੇਵਲ ਇਕ ਕਮਰਾ ਹੀ ਬਾਕੀ ਰਹਿ ਗਿਆ ਸੀ ਜਿਸ ਵਿਚ ਭਾਈ ਬਚਿੱਤਰ ਸਿੰਘ ਜ਼ਖ਼ਮੀ ਹਾਲਤ ਵਿਚ ਸੀ ਤੇ ਪਠਾਣ ਦੀ ਲੜਕੀ ਮੁਮਤਾਜ ਉਨ੍ਹਾਂ ਦੀ ਤੀਮਾਰਦਾਰੀ ਵਿਚ ਸੀ। ਕੋਤਵਾਲ ਇਸ ਕਮਰੇ ਪਾਸ ਗਿਆ ਤੇ ਅੱਗੋਂ ਨਿਹੰਗ ਖਾਂ ਨੇ ਕਿਹਾ ਕਿ ਇਸ ਕਮਰੇ ਵਿਚ ਮੇਰੀ ਲੜਕੀ ਤੇ ਦਾਮਾਦ ਹਨ।

ਇਹ ਸੁਣ ਕੇ ਮੁਗਲ ਫੌਜ ਗੁਸਤਾਖੀ ਮਾਫ ਕਹਿ ਕੇ ਕਿਲ੍ਹੇ ਤੋਂ ਵਾਪਸ ਚਲੀ ਗਈ। ਅਗਲੀ ਸਵੇਰ ਬੀਬੀ ਮੁਮਤਾਜ ਨੇ ਆਪਣੇ ਪਿਤਾ ਨਿਹੰਗ ਖਾਂ ਨੂੰ ਕਿਹਾ ਕਿ ਪਿਤਾ ਜੀ ਤੁਸੀ ਮੇਰੀ ਮੰਗਣੀ ਤਾਂ ਬਸੀ ਪਠਾਣਾਂ ਦੇ ਅਬਦਾਨ ਖਾਂ ਨਾਲ ਕੀਤੀ ਹੋਈ ਹੈ। ਇਸ ਤੋਂ ਬਾਅਦ ਬੀਬੀ ਮੁਮਤਾਜ ਨੇ ਨਿਕਾਹ ਨਹੀਂ ਕਰਨ ਦਾ ਫੈਸਲਾ ਆਪਣੇ ਪਿਤਾ ਨੂੰ ਸੁਣਾ ਦਿੱਤਾ ਤੇ ਸਾਰੀ ਉਮਰ ਗੁਰੂਘਰ ਦੀ ਸੇਵਾ-ਸਿਮਰਨ ਵਿਚ ਗੁਜ਼ਾਰੀ। ਇਤਿਹਾਸ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੀਬੀ ਮੁਮਤਾਜ ਦੀ ਬੇਨਤੀ ਉੱਤੇ ਉਨ੍ਹਾਂ ਨੂੰ ਗਾਤਰਾ ਤੇ ਕ੍ਰਿਪਾਨ ਭੇਟ ਕੀਤੀ ਸੀ। ਗੁਰੂ ਜੀ ਨੇ ਵਚਨ ਕੀਤਾ ਕਿ ਮੈਂ ਤੁਹਾਡੇ ਅੰਗ- ਸੰਗ ਰਹਾਂਗਾ। ਇਹ ਕ੍ਰਿਪਾਨ ਤੇ ਕਟਾਰ ਅੱਜ ਕੱਲ੍ਹ ਗੁਰਦੁਆਰਾ ਸ੍ਰੀ ਭੱਠਾ ਸਾਹਿਬ ਕੋਟਲਾ ਨਿਹੰਗ (ਰੋਪੜ) ਵਿਚ ਸੁਸ਼ੋਭਿਤ ਹਨ। ਇਥੇ

ਬਾਕੀ ਸਫ਼ਾ 28 'ਤੇ

# ਚੜ੍ਹਦੀ ਕਲਾ ਦਾ ਸੰਕਲਪ

ਡਾ. ਜਸਬੀਰ ਸਿੰਘ ਸਰਨਾ

ਚੜ੍ਹਦੀ ਕਲਾ ਨੂੰ ਸਿੱਖਾਂ ਦੇ ਬੁਲੰਦ ਹੌਸਲੇ ਦਾ ਸੰਕਲਪ ਵੀ ਆਖਿਆ ਜਾ ਸਕਦਾ ਹੈ। ਇਸ ਸੰਕਲਪ ਨੂੰ ਖੁਰਦਬੀਨੀ ਨਿਗਾਹਾਂ ਨਾਲ ਫੜਨਾ ਅਤੇ ਇਸ ਦਾ ਸਰੂਪ ਮਿਥਣਾ ਉਚਿਤ ਹੋ ਜਾਂਦਾ ਹੈ। ਚੜ੍ਹਦੀ ਕਲਾ ਦਾ ਫੌਲਾਦੀ ਜਜ਼ਬਾ ਇਕ ਅਜਿਹਾ ਲੋਹ ਸੰਕਲਪ ਹੈ, ਜਿਸ 'ਚ ਆਤਮ ਅਡੋਲਤਾ, ਦ੍ਰਿੜ੍ਹ ਨਿਸ਼ਚਾ, ਰੱਬੀ ਵਿਸ਼ਵਾਸ, ਰੱਬ ਦੀ ਰਜ਼ਾ ਵਿੱਚ ਰਹਿਣਾ ਕੇਂਦਰ ਬਿੰਦੂ ਹੋ ਜਾਂਦੇ ਹਨ। ਇਹ ਮਨ ਦੀ ਬਿਜਲਾਣੂ ਅਵਸਥਾ ਦੀ ਟੀਸੀ ਹੈ।

ਚੜ੍ਹਦੀ ਕਲਾ ਖਾਲਸੇ ਦਾ ਇਕ ਅਜਿਹਾ ਬੋਲਾ ਹੈ ਜੋ ਸਤਾਰ੍ਹਵੀਂ-ਅਠਾਰ੍ਹਵੀਂ ਸਦੀ ਦੇ ਖਾਲਸੇ ਦੀ ਕਾਢ ਪ੍ਰਤੀਤ ਹੁੰਦਾ ਹੈ। ਇਸ ਸੰਕਲਪ ਦੇ ਅਰਥਾਂ ਦਾ ਘੇਰਾ ਵਿਸ਼ਾਲ ਹੈ। ਇਸ ਸੰਕਲਪ ਵਿਚ ਵੈਰੀ ਤੋਂ ਕਦੇ ਨਾ ਡਰਨਾ, ਵਿਸ਼ਵਾਸ ਨਾਲ ਰਣ ਵਿਚ ਜੂਝਣ ਦਾ ਜਜ਼ਬਾ ਮੂਲ ਰੂਪ 'ਚ ਇਕ ਪ੍ਰਖਤਾ ਸੂਖਮ ਅਤੇ ਦ੍ਰਿੜ੍ਹ ਲੋਹ-ਸੰਕਲਪ ਦੀ ਪ੍ਰਕਿਰਿਆ ਹੈ। ਇਸ ਸੰਕਲਪ ਵਿਚ ਵਿਚਾਰਕ ਲੀਹ ਹੈ। ਚੜ੍ਹਦੀ ਕਲਾ ਦਾ ਸੰਕਲਪ ਸੰਗਰਾਮੀਆਂ/ਘੁਲਾਟੀਆਂ ਸਿੱਖਾਂ ਨੂੰ ਸਮੇਂ-ਸਮੇਂ ਉਦਾਤ ਤੇ ਉਚੇਰਾ ਬਣਾ ਦਿੰਦਾ ਹੈ ਅਤੇ ਪ੍ਰਕਿਰਿਆ 'ਚ ਇਕ ਸੰਤੁਲਨ ਬਿੰਦੂ ਪ੍ਰਗਟ ਕਰ ਦਿੰਦਾ ਹੈ। ਇਸ ਲਕਸ਼ ਨੂੰ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰੱਬਤ ਦਾ ਭਲਾ' ਨਾਲ ਸਹਿ ਮਿਸ਼ਰਤ ਕਰਕੇ ਚੜ੍ਹਦੀ ਕਲਾ ਦੀ ਸਦੀਵੀ ਸਮਾਨਤਾ ਦਾ ਸ਼ਾਖਸ਼ਾਤ ਰੂਪ ਕਰ ਦਿੱਤਾ ਗਿਆ। "ਨਿਸ਼ਚੈ ਕਰ ਅਪਨੀ ਜੀਤ ਕਰੋਂ" ਵਿਚ ਚੜ੍ਹਦੀ ਕਲਾ ਦੇ ਅਦੁੱਤੀ ਸੰਕਲਪ ਦੀ ਪੂਰਨ ਪ੍ਰਕਿਰਿਆ ਉਜਾਗਰ ਹੋ ਜਾਂਦੀ ਹੈ ਅਤੇ ਯੁੱਧ ਦੀ ਵੰਗਾਰ/ਧਰਮ ਦੀ ਵੰਗਾਰ ਤੇ ਧਰਮ ਯੁੱਧ ਵਿਚ ਰੂਪਾਂਤਰਣ ਹੋ ਨਿਬੜਦੀ ਹੈ। ਇਸ ਸੰਕਲਪ ਦੀ ਟੀਸੀ 'ਤੇ ਜਾਣ ਲਈ ਪਹਿਲਾਂ ਮਰਨ ਕਬੂਲਣਾ ਪੈਂਦਾ ਹੈ ਅਤੇ ਮੌਤ 'ਤੇ ਜਿੱਤ ਦਾ ਹਲਫ਼ਨਾਮਾ ਸੰਗਰਾਮੀਏ ਲਈ ਆਨੰਦ ਭਰਿਆ ਉਤਸਵ ਹੋ ਜਾਂਦਾ ਹੈ। ਇਹ ਹੀ ਇਸ ਦੇ ਲਕਸ਼ ਦੀ ਅੰਤਿਮ ਪ੍ਰਾਪਤੀ ਹੈ।

ਗੁਰਬਾਣੀ ਵਿਚ ਅਨੇਕ ਥਾਵਾਂ ਉੱਤੇ ਅੰਤਰ ਮਨ ਸੰਘਰਸ਼ ਲਈ ਰੂਪਕਾਂ ਦੀ ਵਰਤੋਂ ਅਸਲੋਂ ਪ੍ਰਤੱਖ ਰੂਪ ਵਿੱਚ ਯੁੱਧ ਖੇਤਰ ਦੇ ਜ਼ਿਕਰ ਮੁਤਾਬਿਕ ਚੜ੍ਹਦੀ ਕਲਾ ਦਾ ਪ੍ਰਤੀਕ ਹੀ ਤਾਂ ਹਨ:-

ਜਉ ਤਉ ਪ੍ਰੇਮ ਖੇਲਣ ਕਾ ਚਾਉ ।।
ਸਿਰ ਧਰਿ ਤਲੀ ਗਲੀ ਮੇਰੀ ਆਉ ।।
ਇਤ ਮਾਰਗ ਪੈਰ ਧਰੀਜੈ ।।
ਸਿਰ ਦੀਜੈ ਕਾਣਿ ਨ ਕੀਜੈ ।।

ਚੜ੍ਹਦੀ ਕਲਾ ਦੇ ਮਾਨਸਿਕ ਜੁਝਾਰੂ ਸੁਚਾਰੂ ਸੁਭਾਅ ਨੂੰ ਭਗਤ ਕਬੀਰ ਜੀ ਨੇ ਦਰਸਾਇਆ ਹੈ : -

ਸੂਰਾ ਸੋ ਪਹਿਚਾਨੀਐ
ਜੁ ਲਰੈ ਦੀਨ ਕੇ ਹੇਤ ।।
ਪੁਰਜਾ ਪੁਰਜਾ ਕਟਿ ਮਰੈ
ਕਬਹੂ ਨਾ ਛਾਡੈ ਖੇਤੁ ।।

ਚੜ੍ਹਦੀ ਕਲਾ ਦੇ ਸੰਕਲਪ ਨੂੰ ਪਰਖਣ ਲਈ ਪੰਜਵੇਂ ਗੁਰੂ ਅਰਜਨ ਸਾਹਿਬ ਨੂੰ ਅਗਨ ਕੁੰਡ ਦੀ ਤੱਤੀ ਤਵੀ 'ਤੇ ਬੈਠਾਇਆ ਗਿਆ ਪਰ ਗੁਰੂ ਸਾਹਿਬ ਨੇ ਬੇਇਨਸਾਫ਼ੀ ਦੀ ਈਨ ਨਹੀਂ ਮੰਨੀ। ਉਨ੍ਹਾਂ ਉਸ ਸਮੇਂ ਦੀ ਜ਼ਾਲਮ ਹਕੂਮਤ ਨੂੰ ਇਹ ਅਨੁਭਵ ਕਰਵਾ ਦਿੱਤਾ ਸੀ ਕਿ ਇਕ ਦਿਨ ਮਨੁੱਖ ਮਾਤਰ ਦੇ ਕਲਿਆਣ ਨੂੰ ਸਮਰਪਿਤ ਇਹ ਸ਼ਹੀਦੀ ਕ੍ਰਾਂਤੀ ਲਹਿਰ, ਮਨੁੱਖਤਾ ਦੇ ਰੱਤ ਨਾਲ ਹੋਈ ਰਾਜਸੀ ਚਿਣਾਈ ਤੇ ਉਸਾਰੀ ਨੂੰ ਜ਼ਾਲਮ ਹੁਕਮਰਾਨਾਂ ਸਮੇਤ ਨੇਸਤੋ-ਨਾਬੂਦ ਕਰ ਦੇਵੇਗੀ। ਗੁਰੂ ਹਰਿਗੋਬਿੰਦ ਸਾਹਿਬ ਨੂੰ ਇਸ ਸੰਕਲਪ ਦੀ ਪੂਰਤੀ ਲਈ ਜ਼ੁਲਮ ਦੇ ਕੰਡੇ ਛਾਂਗਣੇ ਪਏ ਸਨ ਅਤੇ ਗੁਰੂ ਤੇਗ ਬਹਾਦਰ ਜੀ ਨੂੰ 'ਹਿੰਦ ਦੀ ਚਾਦਰ' ਦਾ ਗੌਰਵ ਪ੍ਰਾਪਤ ਕਰਕੇ ਚਾਂਦਨੀ ਚੌਕ ਦਿੱਲੀ ਵਿੱਚ ਸ਼ਹੀਦੀ ਪਾਉਣੀ ਪਈ ਅਤੇ ਸਰਬੱਤ ਲੋਕਾਂ ਨੂੰ ਮੌਤ ਦੇ ਭੈਅ ਤੋਂ ਮੁਕਤ ਕਰਕੇ ਧਰਮ ਦੀ ਖਾਤਰ ਜੂਝ ਮਰਨ ਦਾ ਚਿਰਾਗ਼ ਰੌਸ਼ਨ ਕੀਤਾ। ਇਹ 'ਮੀਰੀ ਪੀਰੀ' ਦੇ ਜੀਵਨ ਦਰਸ਼ਨ ਦਾ ਅਗਲਾ ਸੂਤਰ ਸੀ। ਦਸਮੇਸ਼ ਪਿਤਾ ਨੂੰ ਜ਼ੁਲਮ ਦੀਆਂ ਜੜ੍ਹਾਂ ਪੁੱਟਣ ਲਈ ਹੱਥ ਵਿਚ ਸ਼ਮਸ਼ੀਰ ਫੜਨੀ ਪਈ। ਕਈ ਸ਼ਤਾਬਦੀਆਂ ਤਕ ਖਾਲਸੇ ਨੂੰ ਦੇਗਾਂ, ਆਰਿਆਂ, ਚਰਖੜੀਆਂ, ਸਰਹੰਦ ਦੀਆਂ ਦੀਵਾਰਾਂ ਆਦਿ ਭਿਅੰਕਰ ਦਿਸ਼ਾਵਾਂ ਦੇਖਣੀਆਂ ਪਈਆਂ, ਪਰ ਕਸੌਟੀ 'ਤੇ ਪਰਖ ਵਿਚ ਕੋਈ ਫ਼ਰਕ ਨਾ ਪਿਆ ਅਤੇ ਕੁਠਾਲੀ ਵਿਚ ਢਾਲਿਆ ਸੋਨਾ (ਖਾਲਸਾ ਪੰਥ) ਅਨੋਖੀ ਚਮਕ ਪੈਦਾ ਕਰਦਾ ਗਿਆ। ਇਜ ਸਿੱਖ ਕੌਮ ਦੇ ਜਾਹੋ-



ਜਲਾਲ ਦਾ ਆਫ਼ਤਾਬ ਕਦੇ ਅਸਤ ਨਾ ਹੋਇਆ।

ਗੁਰੂ ਗੋਬਿੰਦ ਸਿੰਘ ਜੀ ਨੇ ਸੰਸਾਰਕ ਅਰਥਾਂ ਵਿਚ ਆਪਣਾ ਸਭ ਕੁਝ ਵਾਰ ਕੇ ਗ਼ੈਰਤ ਤੇ ਸਵੈਮਾਨ ਦੇ ਰੂਬਰੂ ਚੜ੍ਹਦੀ ਕਲਾ ਦੇ ਸੰਕਲਪ ਰਾਹੀਂ ਭਾਰਤ ਦੀ ਨਿਮਾਣੀ, ਨਿਤਾਣੀ ਤੇ ਨਿਸ਼ਬਲ ਹੋ ਚੁੱਕੀ ਲੋਕਾਈ ਵਿਚ ਸਵੈਮਾਨ ਤੇ ਨਿਰਭੈਤਾ ਦੀ ਭਾਵਨਾ ਸੁਰਜੀਤ ਕੌਰ ਕੇ ਜਬਰ-ਜ਼ੁਲਮ ਵਿਰੁੱਧ ਜੂਝਣ ਦੀ ਪ੍ਰੇਰਨਾ ਦਿੱਤੀ ਅਤੇ ਨਿਰਾਸ਼ ਹੋ ਚੁੱਕੀ ਲੋਕਾਈ ਲਈ ਚਾਨਣ-ਮੁਨਾਰੇ ਬਣ ਕੇ ਰਾਹ ਰੌਸ਼ਨ ਕੀਤਾ। ਇਸੇ ਸੰਕਲਪ ਸਦਕਾ ਬਾਅਦ ਵਿਚ ਸਿੱਖਾਂ ਵਿਚ ਲੰਮੀ ਜੱਦੋ-ਜਹਿਦ ਵਿਚ ਮਨੁੱਖੀ ਕਦਰਾਂ-ਕੀਮਤਾਂ ਦੇ ਪਾਲਣ ਦੀਆਂ ਅਨੇਕ ਦਿਸ਼ਾਵਾਂ ਉਦਘਾਟਿਤ ਹੋਈਆਂ ਅਤੇ ਚੜ੍ਹਦੀ ਕਲਾ ਦੇ ਸੰਕਲਪ ਨੇ ਧਾਰਮਿਕ, ਸਭਿਆਚਾਰਕ, ਸੰਸਕ੍ਰਿਤਕ ਤੇ ਸਮਾਜਕ ਧਰਾਤਲ ਅਤੇ ਘੋਰ ਸੰਗਰਾਮਾਂ ਵਿਚ ਜਿੱਤਾਂ ਪ੍ਰਾਪਤ ਕੀਤੀਆਂ।

ਗੁਰੂ ਸਾਹਿਬਾਨ ਨੂੰ ਦਸਾਂ ਜਾਮਿਆਂ ਦੀ ਯਾਤਰਾ ਦੇ ਦੌਰ ਵਿਚ ਭਿਆਨਕ ਸੰਘਰਸ਼ਾਂ ਵਿਚੋਂ ਲੰਘਣਾ ਪਿਆ ਸੀ। ਖਾਲਸਾ ਸਦੀਆਂ ਤੋਂ 'ਸਰਬਤ ਦੇ ਭਲੇ' ਲਈ ਮਾਰੂ ਹੱਲਿਆਂ ਦਾ ਹਲਾਹਲ ਪਾਠ ਕਰਦਾ ਆ ਰਿਹਾ ਹੈ। ਸਿੱਖਾਂ ਨਾਲ ਜਦੋਂ ਵੀ ਵਿਦੇਸ਼ੀ ਤਾਕਤਾਂ ਦਾ ਟਕਰਾਅ ਹੋਇਆ ਤਾਂ ਇਕ ਮਹਾਨ ਸੰਘਰਸ਼ ਦੀ ਸ਼ੁਰੂਆਤ ਹੋਣੀ ਲਾਜ਼ਮੀ ਤੇ ਕੁਦਰਤੀ ਸੀ। ਪੰਜਾਬ ਦੀ ਸਰ ਜ਼ਮੀਨ 'ਤੇ ਵਿਦੇਸ਼ੀ ਹਮਲਾਵਰਾਂ ਦੇ ਹੱਲਿਆਂ ਨੇ ਸਿੱਖਾਂ ਦੇ ਚੜ੍ਹਦੀ ਕਲਾ ਵਾਲੇ ਫੌਲਾਦੀ ਸੰਕਲਪ ਨੂੰ ਆਪਣੇ ਪਹੀਏ ਹੇਠ ਕੁਚਲਣ ਦੀ ਕੋਸ਼ਿਸ਼ ਕੀਤੀ ਪਰ ਸਿੱਖ ਹੀ ਭਾਰਤ 'ਚ ਇਕ ਅਜਿਹੀ ਕੌਮ ਸੀ ਜਿਸ ਨੇ ਮਨੁੱਖੀ ਰੱਤ ਦੇ ਧਾੜਵੀਆਂ ਨੂੰ ਚਟਾਨੀ ਹਿੱਕ ਨਾਲ ਰੋਕਿਆ ਅਤੇ ਉਹ ਹਿੰਦੋਸਤਾਨ ਦੇ ਖੜਗਧਾਰੀ ਹੋ ਨਿੱਬੜੇ। ਇਹ ਚੜ੍ਹਦੀ ਕਲਾ ਦੇ ਸੰਕਲਪ ਦਾ ਵਿਸ਼ੇਸ਼ ਯੋਗਦਾਨ ਹੈ। 'ਯਾਰੜੇ ਦੇ ਸੱਥਰ' ਤੇ 'ਨਾਗ ਨਿਵਾਸ' ਦੀ ਕਾਮਨਾ ਕਰਨ ਵਾਲੇ ਗੁਰੂ ਸਾਹਿਬ ਨੇ ਇਸ ਸੰਕਲਪ ਨੂੰ ਆਪਣੀ ਅਗੰਮੀ ਤੇ ਅਲੌਕਿਕ ਸ਼ਖ਼ਸੀਅਤ ਦੇ ਅਮਿੱਟ ਪ੍ਰਭਾਵ ਨਾਲ ਲੱਖਾਂ ਲੋਕਾਂ ਨੂੰ ਸਰਬ ਸਮਿਆਂ ਲਈ 'ਨਿਰਭਉ ਨਿਰਵੈਰ' ਹੋ ਕੇ ਜੀਵਨ ਸੰਗਰਾਮ ਵਿਚ ਜੂਝਣ ਦੀ ਪ੍ਰੇਰਨਾ ਅਤੇ ਉਤਸ਼ਾਹ ਨਾਲ ਸਰਸ਼ਾਰ ਕਰ ਦਿੱਤਾ:-

ਚੂੰ ਕਾਰ ਅਜ ਹਮਾ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।।

'ਜ਼ਫ਼ਰਨਾਮਾ' ਦੀ ਇਕ-ਇਕ ਸਤਰ ਵਿਚ ਗੁਰੂ ਸਾਹਿਬ ਦੀ ਚੜ੍ਹਦੀ ਕਲਾ ਤੇ ਨਿਡਰਤਾ ਦਾ ਸਬੂਤ ਮਿਲਦਾ ਹੈ। ਗੁਰੂ ਗੋਬਿਦ ਸਿੰਘ ਜੀ ਦਾ ਯੁੱਧਾਂ/ਲੜਾਈਆਂ ਵਿਚ ਅਹਿਮ ਨੁਕਤਾ ਹੀ ਚੜ੍ਹਦੀ ਕਲਾ ਦਾ ਸੰਕਲਪ ਸੀ, ਜਿਸ ਸਦਕਾ ਮੁੱਠੀ ਭਰ ਸਿੰਘਾਂ ਨੇ ਲੱਖਾਂ ਦੀ ਗਿਣਤੀ ਵਿਚ ਦੁਸ਼ਮਣ ਫੌਜਾਂ ਦੇ ਪੈਰ ਉਖਾੜ ਦਿੱਤੇ ਸਨ। ਇਹ ਹਿੰਮਤ, ਦਲੇਰੀ ਅਤੇ ਸੈਨਿਕੀ ਸੂਝ-ਬੂਝ ਸੀ, ਜਿਸ ਨੇ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ ਅਤੇ ਸੰਸਾਰ ਦੇ ਫ਼ੌਜੀ ਇਤਿਹਾਸ ਵਿਚ ਅਭੁੱਲ ਯਾਦਾਂ ਵਾਂਗ ਅਜੇ ਤਕ ਸਾਂਭੇ ਪਏ ਹਨ। ਇਹ ਸਤਰਾਂ ਚੜ੍ਹਦੀ ਕਲਾ ਵਾਲਾ ਗੁਰੂ ਮਹਾਪੁਰਸ਼ ਹੀ ਲਿਖ ਸਕਦਾ ਹੈ :-

ਗੁਰਸਨਾ ਚਿ ਕਾਰੇ ਕੁਨਦ ਚਿਹਲ ਨਰੇ।
ਕਿ ਦਹ ਲਕ ਬਰਾਯਦ ਬਰੂੰ ਬੇਖ਼ਬਰ।
ਚਿਹਾ ਸ਼ੁਦ ਕਿ ਚੂੰ ਬਚੱਗਾਂ ਕੁਸ਼ਤ ਚਾਰ।
ਕਿ ਬਾਕੀ ਬਮਾਂਦਸਤ ਪੇਚੀਦਾ ਮਾਰ।

ਇਹ ਹੀ ਅਣਖ ਅਤੇ ਇਰਾਦੇ ਦੀ ਦ੍ਰਿੜ੍ਹਤਾ ਦੇ ਯੁੱਧ ਦਰਸ਼ਨ ਦੇ ਲੋਹ-ਵਜਰ ਸੰਕਲਪ ਦੀ ਗੂੰਜ ਆਖੀ ਜਾ ਸਕਦੀ ਹੈ। ਬਾਬਾ ਬੋਤਾ ਸਿੰਘ ਤੇ ਗਰਜਾ ਸਿੰਘ ਸਾਡੇ ਇਤਿਹਾਸਕ ਵਿਰਸੇ ਦੀਆਂ ਆਤਮਾਵਾਂ ਹਨ ਜੋ ਖਾਲਸੇ ਵਿਚ ਜੀਰ ਗਈਆਂ ਹਨ। ਮਲ੍ਹਿਆਂ ਦੇ ਬੇਰ, ਕਰੀਰਾਂ ਦੇ ਡੇਲੇ, ਵਣਿਆਂ ਦੇ ਪੀਲੂ ਖਾਣੇ ਤਾਂ ਮਨਜ਼ੂਰ ਕੀਤੇ ਪਰ ਘਰੋਂ ਬੇਘਰ, ਪਰਿਵਾਰਾਂ ਤੋਂ ਵਿਛੋੜਿਆਂ ਦੇ ਬਾਵਜੂਦ 'ਖਾਲਸਾ ਰਾਜ' ਦੀ ਆਸ ਉਨ੍ਹਾਂ ਨੂੰ ਚੜ੍ਹਦੀ ਕਲਾ ਦੇ ਸੰਕਲਪ ਨਾਲ ਜੋੜਦੀ ਗਈ। ਸਿੰਘ ਭਾਵੇਂ ਪਹਾੜਾਂ, ਜੰਗਲਾਂ, ਛੰਭਾਂ ਤੇ ਨਖਲਿਸਤਾਨਾਂ ਵਿਚ ਰਹੇ, ਪਰ ਉਨ੍ਹਾਂ ਦੇ ਮਨ ਬਲਵਾਨ ਤੇ ਤਨ ਉਜਲੇ ਰਹੇ। ਅਸਲ ਵਿਚ ਚੜ੍ਹਦੀ ਕਲਾ ਵਿਚ ਤਨ ਉਜਲਾ ਤੇ ਮਨ ਬਲਵਾਨ ਰਹਿੰਦਾ ਹੈ।

ਭਾਈ ਤਾਰੂ ਸਿੰਘ ਜੀ ਦੀ ਜ਼ਕਰੀਆ ਖ਼ਾਨ ਦੇ ਹੁਕਮ ਨਾਲ ਖੋਪਰੀ ਲਾਹ ਦਿੱਤੀ ਪਰ ਭਾਈ ਸਾਹਿਬ ਆਪਣੀ ਖੋਪਰੀ ਤੋਂ ਬਿਨਾ ਸਬਰ ਸਿਦਕ ਦੇ ਆਸਰੇ 22 ਦਿਨ ਜਿੰਦਾ ਰਹੇ। ਅਠਾਰਵੀਂ ਸਦੀ ਵਿਚ ਖਾਲਸੇ ਦੀਆਂ ਇਤਿਹਾਸਕ ਘਟਨਾਵਾਂ ਚੜ੍ਹਦੀ ਕਲਾ ਦੇ ਸੰਕਲਪ ਨਾਲ ਭਰਪੂਰ ਹਨ। ਬਾਬਾ ਬੰਦਾ ਸਿੰਘ ਬਹਾਦਰ ਜੀ ਦੀਆਂ ਜਦੋਂ ਅੱਖਾਂ ਕੱਢੀਆਂ ਗਈਆਂ ਤਾਂ ਉਨ੍ਹਾਂ ਨੂੰ ਖਾਲਸਾ ਰਾਜ ਦੇ ਕਲਸ ਉਭਰਦੇ ਨਜ਼ਰੀਂ ਪਏ, ਜਦੋਂ ਉਨ੍ਹਾਂ ਦੀਆਂ ਲੱਤਾਂ ਵੱਢੀਆਂ ਗਈਆਂ ਤਾਂ ਉਨ੍ਹਾਂ ਨੂੰ ਨੀਲੇ ਘੋੜੇ ਦੀਆਂ ਟਾਪਾਂ ਦੀ ਆਵਾਜ਼ ਆਈ ਅਤੇ ਨਗਾਰਾ ਵਜਦਾ ਦਿੱਸਿਆ, ਜਦੋਂ ਬਾਬਾ ਜੀ ਦੇ ਹੱਥਾਂ ਨੂੰ ਕਲਮ ਕੀਤਾ ਗਿਆ ਤਾਂ ਉਨ੍ਹਾਂ ਨੂੰ ਜਾਪਿਆ ਜਿਵੇਂ ਅਨੇਕ ਹੱਥਾਂ 'ਚ ਸ਼ਮਸ਼ੀਰਾਂ ਯੁੱਧਾਂ ਵਿਚ ਲਿਸ਼ਕ ਰਹੀਆਂ ਹਨ।

ਬਾਕੀ ਸਫ਼ਾ 28 'ਤੇ

# ਪੰਥਕ ਢਾਡੀ ਗਿਆਨੀ ਸੋਹਣ ਸਿੰਘ ਸੀਤਲ

ਰਮੇਸ਼ ਬੱਗਾ ਚੋਹਲਾ

ਪੰਥਕ ਢਾਡੀ ਅਤੇ ਉੱਚਕੋਟੀ ਦੇ ਸਾਹਿਤਕਾਰ ਗਿਆਨੀ ਸੋਹਣ ਸਿੰਘ ਸੀਤਲ ਦਾ ਜਨਮ 7 ਅਗਸਤ 1909 ਈਸਵੀ ਨੂੰ ਪਿੰਡ ਕਾਦੀਵਿੰਡ ਤਹਿਸੀਲ ਕਸੂਰ ਜ਼ਿਲ੍ਹਾ ਲਾਹੌਰ(ਪਾਕਿਸਤਾਨ) ਵਿਚ ਸ. ਖ਼ੁਸ਼ਹਾਲ ਸਿੰਘ ਪੰਨੂ ਅਤੇ ਮਾਤਾ ਦਿਆਲ ਕੌਰ ਦੇ ਗ੍ਰਹਿ ਵਿਖੇ ਹੋਇਆ। ਭਾਵੇਂ ਰਸਮੀ ਤਲੀਮ ਹਾਸਲ ਕਰਨ ਲਈ ਸੀਤਲ ਦੇ ਮਨ ਵਿਚ ਇਕ ਤੀਬਰ ਤਾਂਘ ਸੀ ਪਰ ਉਸ ਸਮੇਂ ਸੰਸਥਾਗਤ ਵਿੱਦਿਆ (ਖਾਸ ਕਰਕੇ ਪਿੰਡਾਂ 'ਚ) ਦੀ ਕਾਫ਼ੀ ਘਾਟ ਸੀ। ਇਸ ਘਾਟ ਦੇ ਬਾਵਜੂਦ ਉਨ੍ਹਾਂ ਨੇ ਆਪਣੀ ਇਸ ਤਾਂਘ ਨੂੰ ਮੱਠੀ ਨਹੀਂ ਪੈਣ ਦਿੱਤਾ। ਕੁਝ ਵਿਸ਼ੇਸ਼ ਯਤਨਾਂ ਸਦਕਾ ਉਨ੍ਹਾਂ ਨੇ ਆਪਣੇ ਪਿੰਡ ਦੇ ਸਾਧੂ/ਗ੍ਰੰਥੀ ਹਰੀ ਦਾਸ ਪਾਸੋਂ ਗੁਰਮੁਖੀ ਵਰਣਾਂ ਦੀ ਪਹਿਚਾਣ ਕਰਨੀ ਸਿੱਖ ਲਈ। ਇਸ ਪਹਿਚਾਣ ਨੇ ਉਸ ਦੇ ਹੌਸਲੇ ਨੂੰ ਅਜਿਹਾ ਵਧਾਇਆ ਕਿ ਉਹ ਕੁਝ ਵਡੇਰੀ (14 ਸਾਲ ਦੀ) ਉਮਰ ਦਾ ਹੋ ਜਾਣ ਦੇ ਬਾਵਜੂਦ ਗੁਆਂਢੀ ਪਿੰਡ 'ਵਰਨ' ਦੀ ਪਾਠਸ਼ਾਲਾ ਵਿਚ ਪ੍ਰਵੇਸ਼ ਕਰ ਗਿਆ। ਪੜ੍ਹਾਈ ਵਿਚ ਉਸ ਦੀ ਲਗਨ ਨੂੰ ਦੇਖਦਿਆਂ ਪਾਠਸ਼ਾਲਾ ਦੇ ਸੰਚਾਲਕਾਂ ਵੱਲੋਂ ਉਸ ਨੂੰ ਕੁਝ ਜਮਾਤਾਂ ਸਾਲਾਂ ਦੀ ਬਜਾਏ ਛਿਮਾਹੀਆਂ ਵਿੱਚ ਹੀ ਪੂਰੀਆਂ ਕਰਵਾ ਦਿੱਤੀਆਂ। ਉਸਤਾਦ ਲੋਕਾਂ ਵੱਲੋਂ ਮਿਲੇ ਵਿਸ਼ੇਸ਼ ਸਹਿਯੋਗ ਸਦਕਾ ਉਨ੍ਹਾਂ ਨੇ ਮੈਟ੍ਰਿਕ ਪੱਧਰ ਦੀ ਪੜ੍ਹਾਈ ਅੱਵਲ ਦਰਜੇ ਵਿਚ ਰਹਿ ਕੇ ਪਾਸ ਕਰ ਲਈ। ਉਸ ਸਮੇਂ ਮੈਟ੍ਰਿਕ ਵਿਚ ਇਹ ਦਰਜਾ ਕਿਸੇ ਵਿਰਲੇ-ਟਾਵੇਂ ਵਿਦਿਆਰਥੀ ਨੂੰ ਹੀ ਨਸੀਬ ਹੋਇਆ ਕਰਦਾ ਸੀ।

ਇਸ ਸਿੱਖਿਆ ਪ੍ਰਾਪਤੀ ਦੇ (ਅੱਠਵੀਂ ਜਮਾਤ ਵਿਚ) ਦੌਰਾਨ ਹੀ ਗਿਆਨੀ ਸੋਹਣ ਸਿੰਘ ਸੀਤਲ ਦੇ ਮਾਪਿਆਂ ਵੱਲੋਂ ਉਸ ਨੂੰ ਸਮਾਜਿਕ/ਪਰਿਵਾਰਕ ਜ਼ਿੰਮੇਵਾਰੀ ਦੀ ਪੰਡ ਚੁਕਾਉਂਦੇ ਹੋਏ ਉਸ ਦਾ ਵਿਆਹ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪਿੰਡ ਭੜਾਣਾ ਦੀ ਵਸਨੀਕ ਬੀਬੀ ਕਰਤਾਰ ਕੌਰ ਨਾਲ ਕਰ ਦਿੱਤਾ। ਇਨ੍ਹਾਂ ਦੇ ਘਰ ਦੋ ਪੁੱਤਰਾਂ (ਰਘਵੀਰ ਸਿੰਘ ਅਤੇ ਸੁਰਜੀਤ ਸਿੰਘ) ਅਤੇ ਇੱਕ ਪੁੱਤਰੀ ਨੇ ਜਨਮ ਲਿਆ। ਹੁਣ ਪੜ੍ਹਾਈ-ਲਿਖਾਈ ਦੇ ਨਾਲ-ਨਾਲ ਸੀਤਲ ਨੂੰ ਆਪਣੇ ਘਰ-ਪਰਿਵਾਰ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਪੈਂਦਾ। ਇਸ ਧਿਆਨ ਦੇ ਵੱਧ ਜਾਣ ਕਾਰਨ ਉਨ੍ਹਾਂ ਦਾ ਪੜ੍ਹਾਈ ਵਿਚਲਾ



ਧਿਆਨ ਕੁਝ ਪਿੱਛੇ ਪੈਣ ਲੱਗ ਪਿਆ। ਇਸ ਪਿਛੇਤਰ ਕਾਰਨ ਉਹ ਉਚੇਰੀ ਵਿੱਦਿਆ ਦੇ ਤੌਰ 'ਤੇ ਸਿਰਫ ਗਿਆਨੀ ਦਾ ਇਮਤਿਹਾਨ ਹੀ ਪਾਸ ਕਰ ਸਕੇ। ਗਿਆਨੀ ਸੋਹਣ ਸਿੰਘ ਸੀਤਲ ਕੁਝ ਸਮਾਂ ਆਪਣੇ ਪਿਤਾ-ਪੁਰਖੀ ਕਿੱਤੇ ਖੇਤੀਬਾੜੀ ਨਾਲ ਵੀ ਜੁੜੇ ਰਹੇ। ਇਸ ਕਿੱਤੇ ਨੂੰ ਕਰਦਿਆਂ ਹੀ ਉਨ੍ਹਾਂ ਦੇ ਅੰਦਰ ਕੁਝ ਵੱਖਰਾ ਕਰਕੇ ਦਿਖਾਉਣ ਦੀ ਇੱਛਾ ਵੀ ਜਵਾਨ ਹੁੰਦੀ ਗਈ। ਜੋਬਨ ਉੱਤੇ ਆਈ ਉਸ ਦੀ ਇਸ ਇੱਛਾ ਨੇ ਇਕ ਦਿਨ ਉਸ ਨੂੰ ਢਾਡੀ ਕਲਾ ਵੱਲ ਮੋੜ ਦਿੱਤਾ। ਇਸ ਮੋੜ ਵੱਲ ਮੁੜਦਿਆਂ ਉਸ ਨੇ ਆਪਣੇ ਸਾਥੀਆਂ ਗੁਰਚਰਨ ਸਿੰਘ, ਅਮਰੀਕ ਸਿੰਘ ਅਤੇ ਹਰਨਾਮ ਸਿੰਘ ਨੂੰ ਨਾਲ ਲੈ ਲਿਆ ਅਤੇ ਲਲਿਆਣੀ ਦੇ ਭਰਾਈ ਬਾਬਾ ਚਿਰਾਗਦੀਨ ਕੋਲੋਂ ਸਾਰੰਗੀ ਅਤੇ ਢੱਡ ਵਜਾਉਣੀ ਸਿੱਖਣ ਲੱਗ ਪਏ। ਉਸਤਾਦ ਜੀ ਕੋਲੋਂ ਢਾਡੀ-ਕਲਾ ਦੀਆਂ ਬਰੀਕੀਆਂ ਤੋਂ ਚੰਗੀ ਤਰ੍ਹਾਂ ਗਿਆਤ ਹੋ ਕੇ ਗਿਆਨੀ ਸੋਹਣ ਸਿੰਘ ਸੀਤਲ ਦਾ ਢਾਡੀ ਜਥਾ ਦੂਰ-ਦੁਰਾਡੇ ਦੀਵਾਨਾਂ ਵਿਚ ਆਪਣੀ ਹਾਜ਼ਰੀ ਭਰਨ ਲੱਗ ਪਿਆ। ਉਸ ਵਕਤ ਢਾਡੀ ਕਲਾ ਦੇ ਖੇਤਰ ਵਿੱਚ ਸੋਹਣ ਸਿੰਘ ਘੁੱਕੇਵਾਲੀਆ, ਬਾਬਾ ਕਿਸ਼ਨ ਸਿੰਘ, ਸੋਹਣ ਸਿੰਘ ਭੀਲਾ ਅਤੇ ਨਿਰਵੈਰ ਸਿੰਘ ਦੁਆਬੀਆ ਆਦਿ ਦੇ ਜਥੇ ਪ੍ਰਮੁੱਖ ਰੂਪ ਵਿਚ ਵਿਚਰ ਰਹੇ ਸਨ। ਸਿੱਖ ਸੰਗਤਾਂ ਵਿਚ ਇਨ੍ਹਾਂ ਜਥਿਆਂ ਦੀ ਚੰਗੀ ਭੱਲ ਸੀ। ਸਰੋਤਿਆਂ/ਦਰਸ਼ਕਾਂ ਦਾ ਧਿਆਨ ਇਨ੍ਹਾਂ ਜਥਿਆਂ ਵੱਲੋਂ ਹਟਾ ਕੇ ਆਪਣੇ ਵੱਲ ਲਗਾਉਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਪਰ ਇਹ ਚਮਤਕਾਰ ਗਿਆਨੀ ਜੀ ਦੇ ਜਥੇ ਨੇ ਥੋੜ੍ਹੇ ਹੀ ਸਮੇਂ ਵਿਚ ਕਰ ਦਿਖਾਇਆ। ਇਸ ਦੇ ਕਾਰਨਾਂ ਵਿਚ ਸੀਤਲ ਦਾ ਵਧੇਰੇ ਤਲੀਮ-ਯਾਫ਼ਤਾ ਹੋਣਾ ਅਤੇ ਵਿਆਖਿਆ ਦੇ ਨਿਵੇਕਲੇ ਅਤੇ ਨਿਰਾਲੇ ਢੰਗ ਅਪਣਾਉਣਾ ਸੀ। ਦੇਸ਼-ਵਿਦੇਸ਼ ਵਿਚ ਇਸ ਢਾਡੀ ਜਥੇ ਦੀ ਇੰਨੀ ਵਡਿਆਈ ਹੋਈ ਕਿ ਸ਼ਰੀਕਾਂ ਦੀ ਨਫ਼ਰਤ ਵੀ ਪਿਆਰ ਵਿਚ ਬਦਲ ਗਈ। ਸੋਹਣ ਸਿੰਘ ਸੀਤਲ ਨੇ ਆਪਣੇ ਢਾਡੀ ਜਥੇ ਨਾਲ ਲਗਪਗ ਛੇ ਦਹਾਕਿਆਂ ਤਕ ਪੰਥ ਅਤੇ ਪੰਜਾਬ ਦੀ ਰੱਜਵੀਂ ਸੇਵਾ ਕੀਤੀ ਲੋਕਾਂ ਨੂੰ ਆਪਣੇ ਵਿਰਸੇ ਤੋਂ ਵਾਕਿਫ਼ ਕਰਵਾਇਆ। ਮਨੋਵਿਗਿਆਨੀਆਂ ਨੇ ਕਿਸ਼ੋਰ ਅਵਸਥਾ ਨੂੰ ਇੱਕ ਤੂਫ਼ਾਨੀ ਅਵਸਥਾ ਮੰਨਿਆ ਹੈ। ਇਸ ਵਿਚ ਜਵਾਨੀ ਅੱਥਰੀ ਹੋ ਜਾਂਦੀ

ਬਾਕੀ ਸਫ਼ਾ 28 'ਤੇ

# ਅਦੁੱਤੀ ਸ਼ਹਾਦਤ : ਸ਼ਹੀਦ ਊਧਮ ਸਿੰਘ

ਦਲਵਿੰਦਰ ਸਿੰਘ ਘੁੰਮਣ



ਆਜ਼ਾਦੀ ਦੀਆਂ ਲੜਾਈਆਂ ਦੇ ਇਤਿਹਾਸ ਵਿਚ ਸ਼ਹੀਦ ਉਧਮ ਸਿੰਘ ਅਤੇ ਸਕਾਟਲੈਂਡ ਦੇ ਸ਼ਹੀਦ ਵਿਲੀਅਮ ਵਾਲਸ ਵਿਚ ਇਕ ਵੱਡੀ ਸਮਾਨਤਾ ਸੀ, ਆਜ਼ਾਦੀ ਲਈ ਜਨੂੰਨੀ ਸ਼ਹਾਦਤ। ਸਕਾਟਲੈਂਡ ਉਪਰ ਅੰਗਰੇਜ਼ੀ ਸਾਮਰਾਜ ਦੇ ਸੰਨ 1896 ਵਿਚ ਹਮਲੇ ਨੂੰ ਜਾਂਬਾਜ਼ ਤਰੀਕੇ ਨਾਲ ਰੋਕਣ ਲਈ ਉਥੇ ਦੇ ਸੰਨ 1870 ਵਿਚ ਜਨਮੇ ਸਭ ਤੋਂ ਘੱਟ ਉਮਰ ਦੇ ਕਰਾਂਤਕਾਰੀ ਵਿਲੀਅਮ ਵਾਲਸ ਨੇ ਆਪਣੇ ਲੋਕਾਂ ਦੀ ਇੱਛਾ ਸ਼ਕਤੀ ਅਨੁਸਾਰ ਅਤੇ ਫੌਜੀ ਕਮਾਂਡਰ ਦੇ ਤੌਰ 'ਤੇ ਆਜ਼ਾਦੀ ਦੇ ਸ਼ੰਘਰਸ਼ ਦੀ ਅਗਵਾਈ ਕੀਤੀ। ਅਜ਼ਾਦੀ ਲਈ ਚੇਤਨਾ ਦਾ ਬਹੁਤ ਘੱਟ ਉਮਰ ਵਿਚ ਪ੍ਰਬਲ ਹੋਣਾ ਅਤੇ ਉਸ ਨੂੰ ਸਿਖਰਾਂ ਉੱਪਰ ਲੈ ਜਾਣਾ, ਜਿੱਥੇ ਆਪਣੇ ਸੰਕਲਪ ਲਈ ਕੌਮ ਕੋਲ ਮਰ ਮਿਟਣ ਤੋਂ ਇਲਾਵਾ ਕੋਈ ਬਦਲ ਨਾ ਰਹਿ ਜਾਏ, ਤਾਂ ਉਥੇ ਸ਼ਹੀਦੀ ਦਾ ਮੁੱਲ ਸਿਰਫ ਤੇ ਸਿਰਫ ਆਜ਼ਾਦੀ ਹੁੰਦਾ ਹੈ। ਸਾਮਰਾਜਾਂ ਲਈ ਵੱਡਾ ਡਰ ਬਗਾਵਤਾਂ ਹੁੰਦੀਆਂ ਹਨ। ਅੰਗਰੇਜ਼ਾਂ ਦੇ ਗੁਆਂਢ ਤੋਂ ਉਠੀ ਬਾਗੀ ਲਹਿਰ ਦਾ ਜਲਦੀ ਮਿਟਣਾ ਜ਼ਰੂਰੀ ਸੀ, ਨਹੀਂ ਤਾਂ ਦੁਨੀਆ ਉਪਰ ਰਾਜ ਕਰਨ ਦੇ ਸੁਪਨੇ, ਕੱਚੀ ਨੀਂਦਰ ਵਿਚੋਂ ਜਾਗਣ ਵਾਂਗ ਹੋ ਜਾਣੇ ਸਨ। ਅੰਗਰੇਜ਼ ਹਕੂਮਤ ਨੇ ਵਿਲੀਅਮ ਵਾਰਸ ਨੂੰ ਮਹਿਜ਼ 35 ਸਾਲ ਦੀ ਉਮਰ ਵਿਚ 1905 ਵਿਚ ਦੇਸ਼ ਧਰੋਹੀ, ਅਸਥਿਰਤਾ ਫੈਲਾਉਣ ਦੇ ਇਲਜ਼ਾਮ ਲਾ ਕੇ ਫਾਂਸੀ ਦੇ ਦਿੱਤੀ ਪਰ ਸਕਾਟਲੈਂਡ ਦੇ ਲੋਕਾਂ ਵਿਚ ਅੱਜ ਵੀ ਆਜ਼ਾਦੀ ਦੀ ਲਹਿਰ ਪਹਿਲਾਂ ਵਾਂਗ ਹੀ ਪ੍ਰਬਲ ਹੈ। ਪਿਛਲੇ ਸਮਿਆਂ ਵਿਚ ਹੋਏ ਰੈਫਰੈਂਡਮ ਇਸ ਦੀ ਗਵਾਹੀ ਭਰਦੇ ਹਨ ਕਿ ਉਹ ਕਦੇ ਜ਼ਰੂਰ ਆਪਣੇ ਮੁਲਕ ਦੀਆਂ ਸਰਹੱਦਾਂ ਬੰਨ੍ਹਣਗੇ। ਇਹੀ ਕੁਝ ਗਦਰੀ ਸੋਚ ਦੇ ਮਾਲਕ ਸ਼ਹੀਦ ਉਧਮ ਸਿੰਘ ਨੂੰ ਵੀ ਅੰਗਰੇਜ਼ਾਂ ਦਾ ਬਾਗੀ, ਕਾਤਲ ਕਹਿ ਕੇ 31 ਜੁਲਾਈ 1940 ਨੂੰ ਫਾਂਸੀ ਦੇ ਦਿੱਤੀ ਗਈ।

ਮੇਰੀ ਸੁਨਾਮ (ਜ਼ਿਲਾ ਸੰਗਰੂਰ) ਵਿਚ ਹਾਜ਼ਰੀ ਨੇ ਉਧਮ ਸਿੰਘ ਦਾ ਸੁਨਾਮ ਵੇਖਣ ਦੀ ਚਾਹਤ ਪੈਦਾ ਕੀਤੀ, ਤਾਂ ਮੈਂ ਨੇੜਿਉਂ ਵੇਖਣ ਦੀ ਕੋਸ਼ਿਸ ਕੀਤੀ ਪਰ ਇਥੇ ਬਹੁਤਾ ਕੁਝ ਨਾ ਮਿਲਿਆ। ਉਧਮ ਸਿੰਘ ਤਾ ਆਪਣੀਆਂ ਗਲੀਆਂ ਵਿਚ ਵੀ ਬੇਪਛਾਣਿਆ ਲੱਗਾ। ਕੋਈ ਵੀ ਸਰਕਾਰ ਸ਼ਹੀਦ ਦੀ ਸ਼ਹੀਦੀ ਨਾਲ ਇਨਸਾਫ ਨਹੀਂ ਕਰ ਸਕੀ। ਪਿਛਲੀ ਸਰਕਾਰ ਵਲੋਂ ਕਈ ਸਾਲਾਂ ਤੋਂ ਇਕ ਸ਼ਹੀਦੀ ਸਮਾਰਕ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਜਿਵੇਂ ਹਰ ਥਾਂ ਨੀਂਹ ਪੱਥਰ ਰੱਖਣ ਦਾ ਰਿਵਾਜ਼ ਹੈ ਪਰ ਸਰਕਾਰ ਨੂੰ ਸ਼ਹੀਦਾਂ ਨਾਲ ਮਜ਼ਾਕ ਦਾ ਕੋਈ ਹੱਕ ਨਹੀ। ਸ਼ਹੀਦਾਂ ਦੇ ਨਾਂ 'ਤੇ ਨੀਂਹ ਪੱਥਰ ਨਹੀ, ਸਗੋਂ ਸਮਾਰਕਾਂ ਉਸਾਰ ਕੇ, ਵੱਡੇ ਸੈਮੀਨਾਰ ਕਰਕੇ ਉਦਘਾਟਨ ਹੋਣੇ ਚਾਹੀਦੇ ਹਨ।



ਸ਼ਹੀਦਾਂ ਨਾਲ ਹੁੰਦੇ ਵਿਤਕਰੇ ਇਤਿਹਾਸਕ ਤੌਰ 'ਤੇ ਬਹੁਤ ਚੋਭ ਦਿੰਦੇ ਹਨ। ਸ਼ਹੀਦਾਂ ਦਾ ਕੋਈ ਮਜ਼ਹਬ ਨਹੀਂ ਹੁੰਦਾ। ਦੁਨੀਆ ਦੇ ਸਭ ਤੋਂ ਵੱਡੇ ਅੰਗਰੇਜ਼ੀ ਸਾਮਰਾਜ ਦੀ ਗੁਲਾਮ ਮੁਲਕਾਂ ਉਪਰ ਰਾਜ ਕਰਨ ਦੀ ਮਨਸ਼ਾ ਨੇ ਦੇਸ਼ ਵਿਚ ਵਸਦੇ ਬਾਸ਼ਿੰਦਿਆਂ 'ਤੇ ਅੱਤਿਆਚਾਰ ਨੂੰ ਨਾ ਸਹਾਰਦੇ ਹੋਏ, ਸੰਗਰਾਮੀਆਂ ਨੇ ਵਕਤੀ ਹਾਲਤਾਂ ਵਿਚ ਜੋ ਵੀ ਤਰੀਕੇ ਵਰਤ ਕੇ ਜਾਲਮ ਦੇ ਜ਼ੁਲਮ ਨੂੰ ਠੱਲ੍ਹ ਪਾਈ ਹੋਵੇ, ਉਹ ਉਤਮ ਅਤੇ ਨਿਰਵੈਰ ਸਨ। ਪੜ੍ਹਾਈ ਦੇ ਸਿਲੇਬਸਾਂ ਵਿਚ ਹੋਰ ਸ਼ਹੀਦਾਂ ਦੀ ਨਿਸਬਤ ਉਧਮ ਸਿੰਘ ਨੂੰ ਕਿਉਂ ਵਿਸਾਰਿਆ ਗਿਆ? ਜਿਲ੍ਹੇ ਨੂੰ ਸ਼ਹੀਦ ਦੇ ਨਾਂ ਦਾ ਦਰਜਾ ਹਾਸਲ ਨਹੀਂ, ਜਦਕਿ ਯੂਪੀ ਦੀ ਸਾਬਕਾ ਮੁੱਖ ਮੰਤਰੀ ਬੀਬੀ ਮਾਇਆਵਤੀ ਨੇ ਆਪਣੇ ਮੁੱਖ ਮੰਤਰੀ ਕਾਰਜ ਕਾਲ ਦੌਰਾਨ ਆਪਣੇ ਸੂਬੇ ਵਿਚ ਇਕ ਜ਼ਿਲ੍ਹੇ ਦਾ ਨਾਂ ਬਦਲ ਕੇ ਸ਼ਹੀਦ ਉਧਮ ਸਿੰਘ ਨਗਰ ਰੱਖਿਆ। ਲੋਕਾਂ ਦੇ ਸ਼ਹੀਦਾਂ ਪ੍ਰਤੀ ਜ਼ਜਬਾਤ ਨੂੰ ਸਤਿਕਾਰ ਨਹੀਂ ਦਿਤਾ ਜਾਂਦਾ। ਅਸਲ ਸ਼ਰਧਾਂਜਲੀ ਦੇ ਮਾਅਨੇ ਫਿੱਕੇ ਹੁੰਦੇ ਜਾਂਦੇ ਹਨ। ਸੁਹਿਰਦ ਅਤੇ ਸੱਚੀਆਂ ਕੋਸ਼ਿਸ਼ਾਂ ਨਾਲ ਸਮਾਰਕ ਭਾਵੇਂ ਛੋਟੇ ਹੋਣ ਪਰ ਪੈਗਾਮ ਸਾਰੀ ਦੁਨੀਆ ਵਿਚ ਫੈਲਣਾ ਚਾਹੀਦਾ ਹੈ।

ਸ਼ਹੀਦ ਉਧਮ ਸਿੰਘ ਦਾ ਜਨਮ 26 ਦਸੰਬਰ 1899 ਵਿਚ ਸੁਨਾਮ ਵਿਚ ਹੋਇਆ। ਉਹ ਸੰਨ1907 ਵਿਚ ਆਪਣੇ ਮਾਤਾ ਪਿਤਾ ਦੀ ਮੌਤ ਤੋਂ ਬਾਅਦ ਆਪਣੇ ਭਰਾ ਮੁਕਤ ਸਿੰਘ ਨਾਲ ਚੀਫ ਖਾਲਸਾ ਦੀਵਾਨ ਯਤੀਮਖਾਨਾ ਸ੍ਰੀ ਅੰਮ੍ਰਿਤਸਰ ਸਾਹਿਬ ਆ ਗਏ। ਇਥੇ ਹੀ ਪੈਦਾਇਸ਼ੀ ਨਾਂ ਸ਼ੇਰ ਸਿੰਘ ਤੋਂ ਉਧਮ ਸਿੰਘ ਨਾਂ ਰੱਖਿਆ ਗਿਆ। ਉਨ੍ਹਾਂ ਸੰਨ 1918 ਵਿਚ ਦਸਵੀਂ ਪਾਸ ਕੀਤੀ ਤੇ ਸੰਨ 1919 ਵਿਚ ਯਤੀਮਖਾਨੇ ਨੂੰ ਛੱਡ ਦਿੱਤਾ। 13 ਅਪਰੈਲ 1919 ਵਿੱਚ ਜ਼ੱਲ੍ਹਿਆਂਵਾਲਾ ਬਾਗ ਵਿਚ ਵਿਸਾਖੀ ਦੇ ਵੱਡੇ ਤਿਉਹਾਰ ਮੌਕੇ ਭਾਰਤ ਦੀ ਆਜ਼ਾਦੀ ਲਈ ਸ਼ਾਂਤਮਈ ਦਸ ਹਜ਼ਾਰ ਦੇ ਨਿਹੱਥੇ ਵੱਡੇ ਇਕੱਠ ਉਪਰ ਅੰਗਰੇਜ਼ੀ ਹਾਕਮਾਂ ਨੇ ਗੋਲੀਆਂ ਚਲਾ ਕੇ ਤਕਰੀਬਨ ਦੋ ਹਜ਼ਾਰ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਉਧਮ ਸਿੰਘ ਨੂੰ ਗੋਰਿਆਂ ਪ੍ਰਤੀ ਨਫਰਤ ਹੋ ਗਈ। ਉਧਮ ਸਿੰਘ ਨੂੰ ਅੱਖੀਂ ਵੇਖੇ ਸਾਰੇ ਮੰਜਰ, ਆਪਣਿਆਂ ਦੇ ਡੁੱਲੇ ਖ਼ੂਨ ਨੇ 21 ਸਾਲ ਚੈਨ ਨਾਲ ਨਾ ਬੈਠਣ ਦਿੱਤਾ। ਉਸ ਨੇ ਵੱਖ-ਵੱਖ ਥਾਵਾਂ 'ਤੇ ਨੌਕਰੀਆਂ ਕੀਤੀਆਂ। ਫੌਜ ਦੀ ਨੌਕਰੀ ਵੀ ਰਾਸ ਨਾ ਆਈ। ਉਹ ਲੰਡਨ, ਮੈਕਸੀਕੋ ਹੁੰਦਾ ਹੋਇਆ ਅਮਰੀਕਾ ਪਹੁੰਚ ਗਿਆ। ਸੰਨ 1924 ਵਿਚ ਵਿਦੇਸ਼ੀ ਮੁਲਕਾਂ ਵਿਚ ਭਾਰਤ ਦੀ ਆਜ਼ਾਦੀ ਦੀ ਲੜਾਈ ਲੜਨ ਵਾਲੀ ਗ਼ਦਰ ਪਾਰਟੀ ਦੀ ਲਹਿਰ ਵਿਚ ਸਰਗਰਮ ਮੈਂਬਰ ਰਿਹਾ। ਉਸ ਦੇ ਭਗਤ ਸਿੰਘ ਨਾਲ ਕਾਫ਼ੀ ਨੇੜਲੇ ਸਬੰਧ ਸਨ ਅਤੇ ਉਹ ਉਸ ਦੇ ਖਿਆਲਾਂ ਤੋਂ ਕਾਫ਼ੀ ਪ੍ਰਭਾਵਿਤ ਸੀ। ਉਹ ਭਗਤ ਸਿੰਘ ਦੇ ਕਹਿਣ ਉਤੇ 27 ਜੁਲਾਈ 1927 ਨੂੰ ਭਾਰਤ ਵਾਪਸ ਪਰਤ ਆਇਆ ਸੀ ਅਤੇ ਆਪਣੇ ਨਾਲ ਹੋਰ ਸਾਥੀ ਸਮੇਤ ਕੁਝ ਗੋਲੀ-ਸਿੱਕਾ ਅਤੇ ਅਸਲਾ ਲਿਆਉਣ 'ਚ ਵੀ ਕਾਮਯਾਬ ਹੋ ਗਿਆ ਸੀ। 30 ਅਗਸਤ 1927 ਨੂੰ ਉਸ ਨੂੰ ਪੁਲੀਸ ਵੱਲੋਂ ਗ਼ੈਰ-ਕਾਨੂੰਨੀ ਅਸਲਾ ਰੱਖਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਉਹ ਸ਼ਹੀਦ ਭਗਤ ਸਿੰਘ ਨੂੰ 23 ਮਾਰਚ, 1931 ਨੂੰ ਫ਼ਾਂਸੀ ਲੱਗਣ ਵੇਲੇ ਤਕ ਜੇਲ੍ਹ ਵਿਚ ਹੀ ਸੀ।

13 ਮਾਰਚ 1940 ਨੂੰ ਕੈਕਸਟਨ ਹਾਲ ਲੰਡਨ ਵਿਖੇ ਮੀਟਿੰਗ ਹੋ ਰਹੀ ਸੀ, ਜਿੱਥੇ ਜਲ੍ਹਿਆਂਵਾਲੇ ਬਾਗ ਦੇ ਘਿਨੌਣੇ ਸਾਕੇ ਦੇ ਦੋਸ਼ੀ ਮਾਈਕਲ ਉਡਵਾਇਰ ਨੂੰ ਬੁਲਾਰੇ ਵਜੋਂ ਭਾਸ਼ਣ ਦੇ ਰਹੇ ਨੂੰ ਸ਼ਹੀਦ ਊਧਮ ਸਿੰਘ ਨੇ ਆਪਣੇ ਨਾਲ ਲਿਆਂਦੀ ਰਿਵਾਲਵਰ 'ਚੋਂ ਗੋਲੀਆਂ ਮਾਰ ਕੇ ਮਾਰ ਮੁਕਾਇਆ। ਸ਼ਹੀਦ ਊਧਮ ਸਿੰਘ ਵੱਲੋਂ ਮਾਈਕਲ ਉਡਵਾਇਰ ਦੇ ਕੀਤੇ ਕਤਲ ਨੂੰ ਵਿਸ਼ਵ ਪੱਧਰ ਦੀਆਂ ਅਖ਼ਬਾਰਾਂ ਨੇ ਵੱਖ-ਵੱਖ ਅੰਦਾਜ਼ ਵਿੱਚ ਛਾਪਿਆ। ਲੰਡਨ ਤੋਂ ਪ੍ਰਕਾਸ਼ਿਤ ਹੁੰਦੇ ਅਖ਼ਬਾਰ 'ਦੀ ਟਾਈਮਜ਼ ਆਫ ਲੰਡਨ' ਨੇ ਸ਼ਹੀਦ ਊਧਮ ਸਿੰਘ ਨੂੰ 'ਆਜ਼ਾਦੀ ਦਾ ਲੜਾਕਾ' ਅਤੇ ਉਸ ਦੇ ਕਾਰਨਾਮੇ ਨੂੰ ਗੁਲਾਮ ਭਾਰਤੀਆਂ ਦੇ ਦੱਬੇ ਗੁੱਸੇ ਦਾ ਇਜ਼ਹਾਰ ਕਿਹਾ।ਜਰਮਨ ਰੇਡੀਓ ਤੋਂ ਲਗਾਤਾਰ ਇਹ ਨਸ਼ਰ ਹੁੰਦਾ ਰਿਹਾ ਕਿ , "ਹਾਥੀਆਂ ਦੀ ਤਰ੍ਹਾਂ ਭਾਰਤੀ ਆਪਣੇ ਦੁਸ਼ਮਣਾਂ ਨੂੰ ਕਦੇ ਵੀ ਮੁਆਫ਼ ਨਹੀਂ ਕਰਦੇ। ਉਹ ਵੀਹ ਸਾਲ ਤੋਂ ਲੰਮੇ ਵਕਫ਼ੇ ਬਾਅਦ ਵੀ ਉਹਨਾਂ ਨੂੰ ਮਾਰ ਮੁਕਾਉਂਦੇ ਹਨ। " ਹਾਲਾਂਕਿ ਪੰਡਤ ਜਵਾਹਰ ਲਾਲ ਨਹਿਰੂ ਅਤੇ ਮਹਾਤਮਾ ਗਾਂਧੀ ਵਰਗੇ ਆਗੂਆਂ ਨੇ ਇਸ ਦੀ ਨਿੰਦਾ ਕੀਤੀ। ਕੇਵਲ ਸੁਭਾਸ਼ ਚੰਦਰ ਬੋਸ ਨੇ ਹੀ ਇਸ ਕਾਰਨਾਮੇ ਦੀ ਪ੍ਰਸ਼ੰਸਾ ਕੀਤੀ। ਪਹਿਲੀ ਅਪਰੈਲ 1940 ਨੂੰ ਉਨ੍ਹਾਂ ਉੱਤੇ ਕਤਲ ਦੇ ਦੋਸ਼ ਲਾਏ ਗਏ ਅਤੇ 4 ਜੂਨ 1940 ਨੂੰ ਸੈਂਟਰਲ ਕਰਿਮੀਨਲ ਕੋਰਟ, ਓਲਡ ਬੈਲੇ ਵਿਚ ਜਸਟਿਸ ਐਟਕਿਨਸਨ ਦੇ ਸਾਹਮਣੇ ਉਨ੍ਹਾਂ ਆਪਣਾ ਜੁਰਮ-ਏ-ਇਕਬਾਲ ਕੀਤਾ ਤੇ ਜੱਜ ਨੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ। 31 ਜੁਲਾਈ 1940 ਨੂੰ ਉਨ੍ਹਾਂ ਨੂੰ ਲੰਡਨ ਦੀ ਪੈਂਟਨਵਿਲੇ ਜੇਲ੍ਹ ਵਿੱਚ ਫਾਂਸੀ ਦਿੱਤੀ ਗਈ। ਉਸੇ ਜੇਲ੍ਹ ਵਿਚ ਹੀ ਉਸ ਨੂੰ ਦਫਨਾ ਦਿੱਤਾ ਗਿਆ। ਗਿਆਨੀ ਜ਼ੈਲ ਸਿੰਘ ਨੇ ਆਪਣੇ ਮੁੱਖ ਮੰਤਰੀ ਕਾਲ 31 ਜੁਲਾਈ 1974 ਵਿਚ ਸ਼ਹੀਦ ਦੀਆਂ ਅਸਥੀਆਂ ਮੰਗਵਾ ਕੇ ਸੁਨਾਮ ਸ਼ਹਿਰ ਵਿਖੇ ਸੰਸਕਾਰ ਕੀਤਾ। ਜਦੋਂ ਭਾਰਤ ਵਿਚ ਆਜ਼ਾਦੀ ਲਈ ਲੜੇ-ਮਰੇ ਪਰਿਵਾਰਾਂ ਨੂੰ ਮਾਨ-ਸਨਮਾਨ ਦਿੱਤੇ ਗਏ ਹਨ ਪਰ ਸ਼ਹੀਦ ਉਧਮ ਸਿੰਘ ਅਤੇ ਉਸ ਦਾ ਪਰਿਵਾਰ ਵਿਤਕਰੇ ਦਾ ਸ਼ਿਕਾਰ ਹੋਇਆ ਸਭ ਕਾਸੇ ਤੋਂ ਵਾਂਝਾ ਹੈ।

---

*ਬਾਕੀ*

## ਸ੍ਰੀ ਅਕਾਲ ਤਖ਼ਤ ਸਾਹਿਬ, ਸਰਬੱਤ ਖ਼ਾਲਸਾ ਅਤੇ ਗੁਰਮਤਾ

ਇਕ ਧਾਰਮਿਕ ਰਾਜਧਾਨੀ ਬਣ ਗਿਆ ਸੀ। ਮਿਸਲਦਾਰਾਂ ਦੇ ਬੁੰਗੇ ਉਨ੍ਹਾਂ ਦੀਆਂ ਅੰਬੈਸੀਆਂ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਇਥੋਂ ਦਾ ਹਾਕਮ ਸੀ ਅਤੇ ਉਸ ਦੇ ਅਕਾਲੀ ਜਥੇ ਇਥੋਂ ਦੀ ਫੌਜ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਸਾਰਾ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਰੋਮ ਦੀ ਤਰ੍ਹਾਂ ਇਕ ਸੁਤੰਤਰ ਖਿੱਤਾ ਸੀ।

ਸਿੱਖ ਮਿਸਲਾਂ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਥਾਪਤ ਹੋਇਆ। ਕੁਦਰਤੀ ਗੱਲ ਸੀ ਕਿ ਆਪਣੇ ਰਾਜ ਅੰਦਰ ਸਿੱਖਾਂ ਨੂੰ ਕੋਈ ਸੰਕਟ ਦਾ ਸਮਾਂ ਨਹੀਂ ਆ ਸਕਦਾ ਸੀ। ਇਸ ਲਈ ਜੋ ਸੁੱਖ-ਸਹੂਲਤਾਂ ਰਾਜ ਅੰਦਰ ਕਿਸੇ ਕੌਮ ਨੂੰ ਮਿਲ ਸਕਦੀਆਂ ਹੁੰਦੀਆਂ ਹਨ, ਸਿੱਖਾਂ ਨੂੰ ਉਹ ਸਭ ਮਿਲ ਗਈਆਂ ਸਨ। ਜਿਵੇਂ ਕਿ ਪਹਿਲਾਂ ਵੀ ਲਿਖਿਆ ਜਾ ਚੁੱਕਿਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ, ਸਰਬੱਤ ਖਾਲਸਾ ਅਤੇ ਗੁਰਮਤਾ ਸੰਘਰਸ਼ ਵਿਚੋਂ ਉਤਪੰਨ ਹੋਈਆਂ ਸੰਸਥਾਵਾਂ ਸਨ ਅਤੇ ਇਨ੍ਹਾਂ ਦਾ ਯੋਗਦਾਨ ਵੀ ਸੰਘਰਸ਼ ਦੌਰਾਨ ਹੀ ਹੁੰਦਾ ਸੀ। ਰਾਜ-ਭਾਗ ਅਤੇ ਸੰਘਰਸ਼ ਦੋ ਵਿਰੋਧੀ ਵਿਚਾਰ ਹਨ। ਦੋਹਾਂ ਦੀਆਂ ਰਵਾਇਤਾਂ ਅਤੇ ਸੰਸਥਾਵਾਂ ਵੀ ਵਿਰੋਧਾਤਮਕ ਹੁੰਦੀਆਂ ਹਨ। ਰਾਜਭਾਗ ਦੇ ਸਮੇਂ ਵਜ਼ੀਰ-ਮੰਡਲੀਆਂ ਹੁੰਦੀਆਂ ਹਨ, ਆਪਣੀਆਂ ਅਦਾਲਤਾਂ ਹੁੰਦੀਆਂ ਹਨ, ਬਾਦਸ਼ਾਹ ਹੁੰਦਾ ਹੈ ਅਤੇ ਬਾਦਸ਼ਾਹ ਦੀਆਂ ਆਪਣੀਆਂ ਫੌਜਾਂ ਹੁੰਦੀਆਂ ਹਨ। ਇਨ੍ਹਾਂ ਦਾ ਸਬੰਧ ਰਾਜਸੀ ਮਰਯਾਦਾ ਨਾਲ ਹੁੰਦਾ ਹੈ। ਇਹ ਵੱਖਰੀ ਗੱਲ ਹੈ ਕਿ ਰਾਜ-ਭਾਗ, ਲੋਕ-ਹਿਤੈਸ਼ੀ ਵੀ ਹੁੰਦੇ ਹਨ ਅਤੇ ਲੋਕ-ਵਿਰੋਧੀ ਵੀ। ਪਰ ਇਨ੍ਹਾਂ ਦੀ ਮਰਯਾਦਾ ਸ਼ਾਹੀ ਕਿਸਮ ਦੀ ਹੀ ਹੁੰਦੀ ਹੈ। ਸੰਘਰਸ਼ ਦੀਆਂ ਪ੍ਰੰਪਰਾਵਾਂ ਅਤੇ ਸੰਸਥਾਵਾਂ ਲੋਕ-ਸ਼ਕਤੀ ਦੀਆਂ ਪ੍ਰਤੀਕ ਹੁੰਦੀਆਂ ਹਨ। ਰਾਜਸੀ ਮਰਯਾਦਾ ਅਤੇ ਲੋਕ-ਸ਼ਕਤੀ ਬਰਾਬਰ-ਬਰਾਬਰ ਨਹੀਂ ਚੱਲ ਸਕਦੀਆਂ। ਦੋਹਾਂ ਵਿਚੋਂ ਇਕ ਦਾ ਪਿੱਛੇ ਪੈ ਜਾਣਾ ਕੁਦਰਤੀ ਗੱਲ ਹੈ। ਜੇਕਰ ਰਾਜ-ਭਾਗ ਲੋਕ-ਹਿਤੈਸ਼ੀ ਹੈ ਤਾਂ ਸੰਘਰਸ਼ਮਈ ਸੰਸਥਾਵਾਂ ਅਤੇ ਪ੍ਰੰਪਰਾਵਾਂ ਪਿੱਛੇ ਰਹਿ ਜਾਂਦੀਆਂ ਹਨ ਪਰ ਜੇਕਰ ਰਾਗ-ਭਾਗ ਲੋਕ-ਵਿਰੋਧੀ ਹੈ ਤਾਂ ਲੋਕ-ਸ਼ਕਤੀ ਦੀਆਂ ਪ੍ਰਤੀਕ ਸੰਸਥਾਵਾਂ ਅਤੇ ਪ੍ਰੰਪਰਾਵਾਂ ਅੱਗੇ ਆ ਜਾਂਦੀਆਂ ਹਨ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਿੱਖ ਰਾਜ ਸੀ ਅਤੇ ਲੋਕ-ਹਿਤੈਸ਼ੀ ਰਾਜ ਸੀ ਇਸ ਲਈ ਇਸ ਰਾਜ ਦੌਰਾਨ ਖਾਲਸੇ ਦੀਆਂ ਇਹ ਸਰਬ-ਉੱਚ ਸੰਸਥਾਵਾਂ ਪਿੱਛੇ ਜਾ ਪਈਆਂ ਸਨ। ਪਰ ਜਦੋਂ 1844-45 ਵਿੱਚ ਖਾਲਸਾ ਰਾਜ ਉਪਰ ਹੀ ਖਤਰੇ ਦੇ ਬੱਦਲ ਮੰਡਰਾਉਣ ਲੱਗ ਪਏ ਸਨ ਤਾਂ ਫਿਰ ਤੋਂ ਫੌਜੀ ਪੰਚਾਂ ਦੇ ਰੂਪ ਵਿੱਚ ਸਰਬੱਤ ਖਾਲਸੇ ਦੀ ਸੰਸਥਾ ਨੇ ਸਾਹਮਣੇ ਆਉਣਾ ਸ਼ੁਰੂ ਕਰ ਦਿੱਤਾ ਸੀ।

1849 ਵਿੱਚ ਅੰਗਰੇਜ਼ੀ ਸਾਮਰਾਜ ਸ਼ੁਰੂ ਹੋ ਗਿਆ ਸੀ। ਅੰਗਰੇਜ਼ ਬੜੀ ਹੀ ਸ਼ਾਤਰ ਕਿਸਮ ਦੀ ਕੌਮ ਸੀ। ਇਸ ਨੇ ਸਿੱਖਾਂ ਨੂੰ ਔਰੰਗਜ਼ੇਬ, ਜ਼ਕਰੀਆ ਖਾਨ ਜਾਂ ਮੀਰ ਮਨੂੰ ਵਾਂਗ ਨਹੀਂ ਮਾਰਿਆ ਸੀ। ਇਨ੍ਹਾਂ ਨੇ ਸਿੱਖ ਧਰਮ ਦੀਆਂ ਜੜ੍ਹਾਂ ਕੁਤਰੀਆਂ ਸਨ। ਸਿੱਖਾਂ ਨੂੰ ਸਿੱਖ ਧਰਮ, ਸਿੱਖ ਸੱਭਿਆਚਾਰ ਅਤੇ ਸਿੱਖ, ਗੁਰਦੁਆਰਿਆਂ ਦੇ ਨਾਂ ਤੇ ਇਕੱਠੇ ਕਰਕੇ ਸਿੱਖਾ ਕੋਲੋਂ ਹੀ ਆਪਣੇ ਧਰਮ, ਸੱਭਿਆਚਾਰ, ਇਤਿਹਾਸ ਅਤੇ ਸੰਸਥਾਵਾਂ ਬਾਰੇ ਉਹ ਕੰਮ ਕਰਵਾਇਆ ਸੀ ਜਿਹੜਾ ਕੋਈ ਵਿਰੋਧੀ ਕੋਲੋਂ ਕਰਵਾਇਆ ਜਾ ਸਕਦਾ ਸੀ।

ਸਰਬੱਤ ਖਾਲਸਾ ਸੰਕਲਪ, ਸਿੱਖ ਧਰਮ ਵਿੱਚ ਸੰਗਤ ਦੀ ਸਰਬਉਚਤਾ ਦੇ ਸੰਕਲਪ ਨੂੰ ਦਰਸਾਉਣ ਵਾਲਾ ਇਕ ਸੁਧਰਿਆ ਹੋਇਆ ਰੂਪ ਹੈ। ਇਹ ਖਾਲਸੇ ਦੀ ਸਰਬਉਚਤਾ ਨੂੰ ਦਰਸਾਉਂਦਾ ਗ੍ਰੰਥ ਹੈ। ਇਹ ਪੰਥ ਅਤੇ ਗ੍ਰੰਥ ਦੀ ਸੁਮੇਲਤਾ ਦਾ ਅਮਲੀ ਰੂਪ ਹੈ। ਇਸ ਦੇ ਨਾਲ-ਨਾਲ ਇਸ ਸੰਕਲਪ ਰਾਹੀਂ ਖਾਲਸੇ ਦੀ ਸੁਤੰਤਰਤਾ ਸਾਹਮਣੇ ਆਉਂਦੀ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰਦੁਆਰਾ ਐਕਟ ਰਾਹੀਂ ਸਿੱਖਾਂ ਦੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਤਾਂ ਭਾਵੇਂ ਸੁਧਰਿਆ ਹੈ ਅਤੇ ਇਨ੍ਹਾਂ ਦਾ ਚੜ੍ਹਾਵਾ ਵੀ ਇਕ ਬਜਟ ਵਿੱਚ ਪਰੋਇਆ ਗਿਆ ਹੈ ਪਰ ਇਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ, ਸਰਬੱਤ ਖਾਲਸਾ ਅਤੇ ਗੁਰਮਤੇ ਜੈਸੀਆਂ ਮਹਾਨ ਸੰਸਥਾਵਾਂ ਨੂੰ ਕਮਜ਼ੋਰ ਕੀਤਾ ਹੈ। ਜੇਕਰ ਖਾਲਸਾਈ ਰਹਿਤ ਮਰਯਾਦਾ ਨੂੰ ਸਮੇਂ ਦੇ ਹਾਣ ਦੀ ਬਣਾ ਕੇ ਰੱਖਣਾ ਹੈ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ, ਸਰਬੱਤ ਖਾਲਸਾ ਅਤੇ ਗੁਰਮਤਾ ਦੀਆਂ ਸੰਸਥਾਵਾਂ ਨੂੰ ਜ਼ੂਰ ਹੀ ਸੁਰਜੀਤ ਕਰਨਾ ਪਏਗਾ। ਇਹ ਸੰਸਥਾਵਾਂ ਸਿੱਖ ਧਰਮ ਦੀ ਇਨਕਲਾਬੀ ਵਿਚਾਰਧਾਰਾ ਨੂੰ ਜਿਉਂਦਾ ਰੱਖ ਰਹੀਆਂ ਹਨ। ਜੇਕਰ ਇਹ ਸੰਸਥਾਵਾਂ ਖ਼ਤਮ ਹੋ ਗਈਆਂ ਤਾਂ ਸਿੱਖ ਧਰਮ ਦਾ ਇਨਕਲਾਬੀ ਸੂਰਪ ਵੀ ਖ਼ਤਮ ਹੋ ਜਾਵੇਗਾ।

## ਪੰਥਕ ਢਾਡੀ ਗਿਆਨੀ ਸੋਹਣ ਸਿੰਘ ਸੀਤਲ

ਹੈ ਅਤੇ ਕਈ ਵਾਰ ਲੀਹੋਂ ਵੀ ਲਹਿ ਜਾਂਦੀ ਹੈ। ਪਰ ਗਿਆਨੀ ਸੋਹਣ ਸਿੰਘ ਸੀਤਲ ਨੇ ਇਸ ਤੂਫ਼ਾਨੀ ਅਵਸਥਾ ਨੂੰ ਠੱਲ੍ਹ ਪਾਉਣ ਲਈ ਕਲਮ ਦਾ ਸਹਾਰਾ ਲੈ ਲਿਆ। ਇਸ ਕਲਮ ਨੇ ਸੀਤਲ ਦੀਆਂ ਭਾਵਨਾਵਾਂ ਨੂੰ ਕਵਿਤਾ ਵਿਚ ਪਰੋ ਦਿੱਤਾ। ਉਸ ਦੀ ਪਹਿਲੀ ਕਵਿਤਾ ਸੰਨ 1924 ਈਸਵੀ ਨੂੰ 'ਅਕਾਲੀ' ਅਖਬਾਰ ਵਿਚ ਛਪ ਗਈ। ਇਸ ਕਵਿਤਾ ਦੇ ਨਾਲ ਹੀ ਸੀਤਲ ਦੇ ਸਾਹਿਤਕ ਸਫ਼ਰ ਦਾ ਆਗਾਜ਼ ਹੋ ਜਾਂਦਾ ਹੈ। ਇਸ ਸਫ਼ਰ ਦੇ ਸਿੱਟੇ ਵਜੋਂ ਉਸ ਨੇ ਇੱਕ ਕਾਵਿ ਸੰਗ੍ਰਹਿ 'ਸੱਜਰੇ ਹੰਝੂ' ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾ ਦਿੱਤਾ। ਕਵਿਤਾ ਦੇ ਨਾਲ-ਨਾਲ ਸੋਹਣ ਸਿੰਘ ਸੀਤਲ ਨੇ ਕੁਝ ਕਹਾਣੀਆਂ ਵੀ ਲਿਖੀਆਂ ਹਨ ਜਿਨ੍ਹਾਂ ਵਿੱਚ 'ਕਦਰਾਂ ਬਦਲ ਗਈਆਂ', 'ਅਜੇ ਦੀਵਾ ਬਲ ਰਿਹਾ ਸੀ' ਅਤੇ 'ਜੇਬ ਕੱਟੀ ਗਈ' ਕਾਫੀ ਚਰਚਿਤ ਹੋਈਆਂ ਹਨ। ਇਹ ਸਿਰਜਣਾ ਭਾਵੇਂ ਉਨ੍ਹਾਂ ਦੇ ਸਾਹਿਤਕ ਜੀਵਨ ਦੇ ਪ੍ਰਾਇਮਰੀ ਪੜਾਅ ਦੀ ਹੀ ਸੀ ਪਰ ਉਸ ਦੇ ਚੰਗੇਰੇ ਅਤੇ ਪਕੇਰੇ ਕੱਲ੍ਹ ਨੂੰ ਤਸਦੀਕ ਕਰਦੀ ਸੀ।

ਇੱਕ ਨਾਵਲਕਾਰ ਦੇ ਤੌਰ 'ਤੇ ਵੀ ਗਿਆਨੀ ਸੋਹਣ ਸਿੰਘ ਸੀਤਲ ਦੀ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨੂੰ ਵੱਡੀ ਦੇਣ ਰਹੀ ਹੈ। ਉਸ ਦੁਆਰਾ ਲਿਖੇ ਨਾਵਲਾਂ ਦੀ ਤਦਾਦ ਦੋ ਦਰਜਨ ਦੇ ਕਰੀਬ ਬਨਦੀ ਹੈ। ਸੈਕੰਡਰੀ ਜਮਾਤਾਂ ਨੂੰ ਇੱਕ ਪਾਠਕ੍ਰਮ ਦੇ ਤੌਰ 'ਤੇ ਪੜ੍ਹਾਇਆ ਗਿਆ ਉਨ੍ਹਾਂ ਦਾ ਨਾਵਲ 'ਤੂਤਾਂ ਵਾਲਾ ਖੂਹ' ਆਪਣੀ ਮਿਸਾਲ ਆਪ ਹੈ ਜੋ ਦੇਸ਼ ਦੀ ਵੰਡ ਨੂੰ ਕਰੁਣਾਮਈ ਢੰਗ ਨਾਲ ਬਿਆਨ ਕਰਦਾ ਹੈ।'ਜੁੱਗ ਬਦਲ ਗਿਆ' ਸੀਤਲ ਜੀ ਦਾ ਇੱਕ ਹੋਰ ਚਰਚਿਤ ਨਾਵਲ ਹੈ ਜਿਸ ਨੂੰ 1974 ਈ. ਵਿੱਚ ਭਾਰਤੀ ਸਾਹਿਤ ਅਕਾਦਮੀ ਵੱਲੋਂ ਪੁਰਸਕਾਰਿਤ ਕੀਤਾ ਗਿਆ ਸੀ। ਇਨ੍ਹਾਂ ਦੋ ਨਾਵਲਾਂ ਤੋਂ ਇਲਾਵਾ 'ਮੁੱਲ ਦਾ ਮਾਸ', 'ਜੰਗ ਜਾਂ ਅਮਨ', 'ਈਚੋਗਿਲ ਦੀ ਨਹਿਰ ਤਕ', 'ਵਿਯੋਗਣ', ਅਤੇ 'ਅੰਨ੍ਹੀ ਸੁੰਦਰਤਾ' ਆਦਿ ਸੀਤਲ ਦੁਆਰਾ ਰਚਿਤ ਅਹਿਮ ਨਾਵਲ ਹਨ ਜਿਨ੍ਹਾਂ ਨੇ ਪੰਜਾਬੀ ਬੋਲੀ ਅਤੇ ਸਾਹਿਤ ਦਾ ਮਾਣ ਵਧਾਇਆ ਹੈ। ਸੀਤਲ ਦੇ ਨਾਵਲਾਂ ਦੀ ਇਹ ਵੀ ਇੱਕ ਵਿਸ਼ੇਸ਼ਤਾ ਰਹੀ ਹੈ ਕਿ ਉਸ ਦੇ ਨਾਵਲਾਂ ਦੇ ਪਾਤਰ ਕਿਸੇ ਕਲਪਨਾ ਦੇ ਕਾਰਖਾਨੇ ਵਿੱਚ ਤਿਆਰ ਨਾ ਹੋ ਕੇ ਹਕੀਕੀ ਹਾਲਾਤ 'ਚੋਂ ਉਪਜਦੇ ਹਨ। ਇੱਕ ਖੋਜੀ (ਸਿੱਖ) ਇਤਿਹਾਸਕਾਰ ਦੇ ਤੌਰ 'ਤੇ ਸੋਹਣ ਸਿੰਘ ਸੀਤਲ ਦਾ ਇੱਕ ਅਹਿਮ ਸਥਾਨ ਹੈ। ਉਨ੍ਹਾਂ ਨੇ ਪਹਿਲਾਂ ਆਪ ਨਿੱਠ ਕੇ ਸਿੱਖ ਇਤਿਹਾਸ ਦਾ ਵਿਸ਼ਲੇਸ਼ਣ ਕੀਤਾ, ਬਾਅਦ ਵਿਚ ਕੁਝ ਨਵੀਆਂ ਛੋਹਾਂ ਦੇ ਕੇ ਕਿਤਾਬੀ ਰੂਪ ਵਿਚ ਮੁੜ ਪ੍ਰਕਾਸ਼ਿਤ ਕਰਵਾਇਆ। ਉਸ ਦੇ ਇਸ ਉਪਰਾਲੇ ਨੇ ਜਿਥੇ ਸਿੱਖ ਇਤਿਹਾਸ ਬਾਰੇ ਪਾਏ ਜਾਂਦੇ ਕਈ ਭਰਮ ਭੁਲੇਖਿਆਂ ਨੂੰ ਦੂਰ ਕੀਤਾ, ਉਥੇ ਸਿੱਖ ਇਤਹਾਸ ਨੂੰ ਨਵੀਂ ਦਿੱਖ ਵੀ ਪ੍ਰਦਾਨ ਕੀਤੀ। ਸੀਤਲ ਦੀਆਂ ਇਤਿਹਾਸਕ ਲਿਖਤਾਂ ਵਿੱਚ 'ਸਿੱਖ ਰਾਜ ਕਿਵੇਂ ਗਿਆ' ਇੱਕ ਸ਼ਾਹਕਾਰ ਰਚਨਾ ਮੰਨੀ ਜਾਂਦੀ ਹੈ। 'ਦੁਖੀਏ ਮਾਂ ਦੇ ਪੁੱਤ' 'ਬੰਦਾ ਸਿੰਘ ਸ਼ਹੀਦ', 'ਸਿੱਖ ਮਿਸਲਾਂ ਦੇ ਸਰਦਾਰ ਘਰਾਣੇ', 'ਸਿੱਖ ਰਾਜ ਅਤੇ ਸ਼ੇਰੇ ਪੰਜਾਬ' ਅਤੇ 'ਸਿੱਖ ਸ਼ਹੀਦ ਅਤੇ ਯੋਧੇ' ਉਸ ਦੀਆਂ ਵਰਨਣਯੋਗ ਇਤਿਹਾਸਕ ਕਿਤਾਬਾਂ ਹਨ। ਸੋਹਣ ਸਿੰਘ ਸੀਤਲ ਦਾ ਵਧੇਰੇ ਤਪੱਸਵੀ ਅਤੇ ਖੋਜ ਭਰਪੂਰ ਕੰਮ 'ਸਿੱਖ ਇਤਹਾਸ ਦੇ ਸੋਮੇ', ਪੰਜ ਜਿਲਦਾਂ ਵਿਚ ਤਿਆਰ ਹੈ। ਸੀਤਲ ਦੀ ਇਸ ਤਪੱਸਿਆ ਨੇ ਸਿੱਖ ਇਤਿਹਾਸ ਨੂੰ ਕਾਫੀ ਹੱਦ ਤੱਕ ਸਰਲਤਾ ਅਤੇ ਸ਼ੁੱਧਤਾ ਪ੍ਰਦਾਨ ਕੀਤੀ ਹੈ।

ਪੰਥਕ ਢਾਡੀ ਅਤੇ ਪੰਜਾਬੀ ਸਾਹਿਤ ਦਾ ਅਮਿੱਟ ਹਸਤਾਖ਼ਰ ਗਿਆਨੀ ਸੋਹਣ ਸਿੰਘ ਸੀਤਲ ਆਪਣਾ ਨੌਂ ਦਹਾਕਿਆਂ ਦਾ ਜੀਵਨ ਪੰਧ ਮੁਕਾ ਕੇ ਅਖੀਰ 23 ਸਤੰਬਰ 1998 ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ।

## ਬੀਬੀ ਮੁਮਤਾਜ ਦਾ ਸਿੱਖ ਇਤਿਹਾਸ ਵਿਚ ਅਹਿਮ ਸਥਾਨ

ਗੁਰੂ ਗੋਬਿੰਦ ਸਿੰਘ ਜੀ ਨਿਹੰਗ ਖਾਂ ਦੇ ਪਰਿਵਾਰ ਸਮੇਤ ਫਤਹਿਪੁਰ ਕਿਲ੍ਹੇ ਪਹੁੰਚੇ ਸਨ, ਜਿੱਥੇ ਜ਼ਖ਼ਮੀ ਹਾਲਤ ਵਿਚ ਬਚਿੱਤਰ ਸਿੰਘ ਅਤੇ ਵੱਡੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਅਤੇ ਬਾਕੀ ਸਿੰਘਾਂ ਦੀ ਦੇਖ-ਭਾਲ ਨਿਹੰਗ ਖਾਂ ਦਾ ਪੁੱਤਰ ਆਲਮ ਖਾਂ ਵੀ ਕਰ ਰਿਹਾ ਸੀ। ਇਸ ਤੋਂ ਬਾਅਦ ਗੁਰੂ ਜੀ ਖਾਨਪੁਰ, ਰਾਮਪੁਰ, ਬ੍ਰਾਹਮਣ ਮਾਜਰਾ ਹੁੰਦੇ ਹੋਏ ਚਮਕੌਰ ਸਾਹਿਬ ਪਹੁੰਚੇ ਸਨ। ਬਾਅਦ ਵਿਚ ਨਿਹੰਗ ਖਾਂ ਨੇ ਬੀਬੀ ਮੁਮਤਾਜ ਦੀ ਇੱਛਾ ਅਨੁਸਾਰ ਕੋਟਲਾ ਤੋਂ ਬਾਹਰ ਇਕਾਂਤ ਵਿੱਚ ਰਹਿਣ ਦਾ ਫੈਸਲਾ ਮਨਜ਼ੂਰ ਕੀਤਾ। ਉਸ ਦੀ ਇੱਛਾ ਅਨੁਸਾਰ ਪਿੰਡ ਨਾਰੰਗ ਬੜੀ ਵਿੱਚ ਉੱਚੀ ਪਹਾੜੀ 'ਤੇ ਕਿਲ੍ਹਾ ਉਸਾਰ ਦਿੱਤਾ ਗਿਆ। ਅੰਤ ਵਿਚ ਬੀਬੀ ਮੁਮਤਾਜ ਇੱਥੇ ਹੀ ਜੋਤੀ ਜੋਤ ਸਮਾ ਗਏ। ਇਸ ਸਥਾਨ ਉਤੇ ਗੁਰਦੁਆਰਾ ਤਪ ਅਸਥਾਨ ਬੀਬੀ ਮੁਮਤਾਜਗੜ੍ਹ ਸੁਸ਼ੋਭਿਤ ਹੈ। ਗੁਰਦੁਆਰਾ ਸਾਹਿਬ ਦੀ ਸੇਵਾ ਅੱਜ-ਕੱਲ੍ਹ ਪੰਜਾਬ ਬੁੱਢਾ ਦਲ 96 ਕਰੋੜੀ ਦੇ 14ਵੇਂ ਮੁਖੀ ਬਾਬਾ ਬਲਬੀਰ ਸਿੰਘ ਦੀ ਦੇਖ-ਰੇਖ ਵਿਚ ਮੁੱਖ ਸੇਵਾਦਾਰ ਨਿਰਵੈਲ ਸਿੰਘ ਕਰ ਰਹੇ ਹਨ। ਇਸ ਤੋਂ ਬਿਨਾ ਗੁਰਦੁਆਰਾ ਸਾਹਿਬ ਤੋਂ 500 ਮੀਟਰ ਦੂਰੀ 'ਤੇ ਹੀ ਬੀਬੀ ਮੁਮਤਾਜ ਦੀ ਸਮਾਧ ਵੀ ਬਣੀ ਹੋਈ ਹੈ। ਦੱਸਣ ਮੁਤਾਬਕ ਇਕ ਪੁਲੀਸ ਅਧਿਕਾਰੀ ਤੇ ਸ਼ਰਧਾਲੂਆਂ ਨੇ ਇੱਥੇ ਸਮਾਧ ਬਣਾਈ ਸੀ। ਇਸ ਸਮਾਧ ਵਾਲੇ ਸਥਾਨ ਦੀ ਸੰਭਾਲ ਵੀ ਹੁਣ ਮੁੱਖ ਸੇਵਾਦਾਰ ਨਿਰਵੈਲ ਸਿੰਘ ਕਰ ਰਹੇ ਹਨ। ਬੀਬੀ ਮੁਮਤਾਜ ਦੇ ਪਿਤਾ ਨਿਹੰਗ ਖਾਂ ਪਠਾਣ ਦੇ ਨਾਮ 'ਤੇ ਹੀ ਨਾਲ ਪਿੰਡ ਨੌਰੰਗਪੁਰ ਝਾਂਡੀਆਂ ਵਸਿਆ ਹੋਇਆ ਹੈ। ਦੂਰ-ਦਰਾਜ ਤੋਂ ਸੰਗਤਾਂ ਇਸ ਗੁਰਦੁਆਰਾ ਸਾਹਿਬ ਦੇ ਨਾਲ-ਨਾਲ ਬੀਬੀ ਮੁਮਤਾਜ ਦੀ ਸਮਾਧ ਉਤੇ ਜਾ ਕੇ ਵੀ ਨਤਮਸਤਕ ਹੁੰਦੀਆਂ ਹਨ। ਇਕ ਵਿਸ਼ਵਾਸ ਹੈ ਕਿ ਬੀਬੀ ਮੁਮਤਾਜ ਦੀ ਕ੍ਰਿਪਾ ਨਾਲ ਇੱਥੇ ਹਰ ਮੰਗੀ ਮੁਰਾਦ ਪੂਰੀ ਹੁੰਦੀ ਹੈ। ਪਿੰਡ ਕੋਟਲਾ ਨਿਹੰਗ ਤੋ ਹਰ ਸਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਖਾਲਸਾ ਪ੍ਰਚਾਰ ਕਮੇਟੀ ਵੱਲੋਂ ਹਲਕਾ ਵਾਸੀਆਂ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਭੱਠਾ ਸਾਹਿਬ ਤੋਂ ਗੁਰਦੁਆਰਾ ਬੀਬੀ ਮੁਮਤਾਜ ਤਕ ਨਗਰ ਕੀਰਤਨ ਵੀ ਸਜਾਇਆ ਜਾਂਦਾ ਹੈ।

## ਚੜ੍ਹਦੀ ਕਲਾ ਦਾ ਸੰਕਲਪ

ਨਾਦਰਸ਼ਾਹ ਜਦੋਂ ਹਿੰਦੁਸਤਾਨ ਨੂੰ ਲੁੱਟ ਕੇ ਜਾ ਰਿਹਾ ਸੀ, ਤਾਂ ਮੁੱਠੀ ਭਰ ਚੜ੍ਹਦੀ ਕਲਾ ਵਾਲੇ ਸਿੰਘਾਂ ਨੇ ਉਸ ਦਾ ਮਾਲ ਤੇ ਖ਼ਜ਼ਾਨਾ ਲੁੱਟ ਲਿਆ। ਮੱਸੇ ਰੰਗੜ ਨੇ ਹਰਿਮੰਦਰ ਸਾਹਿਬ ਵਿਚ ਨਾਚ ਤੇ ਸ਼ਰਾਬ ਦਾ ਦੌਰ ਚਲਾ ਕੇ, ਰੱਜ ਕੇ ਬੇਅਦਬੀ ਕੀਤੀ ਪਰ ਇਸ ਇਤਿਹਾਸਕ ਵੰਗਾਰ ਨੂੰ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੇ ਮੱਸੇ ਰੰਗੜ ਦਾ ਸਿਰ ਵੱਢ ਕੇ ਕਬੂਲਿਆ। ਆਨੰਦਪੁਰ ਸਾਹਿਬ ਦੇ ਕਿਲ੍ਹੇ ਵਿਚ ਗੁਰੂ ਗੋਬਿੰਦ ਸਿੰਘ ਜੀ ਤੇ ਚੜ੍ਹਦੀ ਕਲਾ ਵਿਚ ਸਰਸ਼ਾਰ ਥੋੜ੍ਹੇ ਜਿਹੇ ਸਿੰਘਾਂ ਨੂੰ ਮੁਗਲ ਫੌਜਾਂ ਤੇ ਪਹਾੜੀ ਰਾਜਿਆਂ ਨੇ ਘੇਰਾ ਪਾਇਆ। ਦੁਸ਼ਮਣ ਕਿਲ੍ਹੇ ਦੇ ਦਰਵਾਜ਼ੇ ਵੱਲ ਸ਼ਰਾਬੀ ਮਸਤ ਹਾਥੀ ਨੂੰ ਰਵਾਨਾ ਕਰਦੇ ਹਨ। ਦੁਨੀ ਚੰਦ ਨੂੰ ਗੁਰੂ ਸਾਹਿਬ ਹਾਥੀ ਦੇ ਮੁਕਾਬਲੇ ਲਈ ਚੁਣਦੇ ਹਨ ਪਰ ਦੁਨੀ ਚੰਦ ਖਾਲਸੇ ਦੇ ਸਿਧਾਂਤਾਂ ਤੋਂ ਅਭਿੱਜਾ, ਕਰਨੀ ਤੋਂ ਬਾਂਝ ਅਤੇ ਬੌਣਾ ਹੋ ਕੇ ਘਰ ਜਾ ਕੇ ਨਮੋਸ਼ੀ ਦੀ ਮੌਤ ਮਰਦਾ ਹੈ ਪਰ ਤੇਜ਼ਧਾਰਕ ਬਚਿੱਤਰ ਸਿੰਘ, ਚੜ੍ਹਦੀ ਕਲਾ ਦੀ ਸਾਕਾਰ ਮੂਰਤ, ਇਤਿਹਾਸਕ ਕਰਨੀ ਲਈ ਤਤਪਰ ਹੁੰਦਾ ਹੈ ਅਤੇ ਖਾਲਸੇ ਦੀ ਕਥਨੀ ਇਤਿਹਾਸਕ ਸੱਚ ਨੂੰ ਕਰਨੀ ਨਾਲ ਨਿਭਾਉਂਦੀ ਹੈ।

ਚੜ੍ਹਦੀ ਕਲਾ ਖਾਲਸਾ ਪੰਥ ਦੀ ਸੱਭਿਆਚਾਰਕ ਨਿਧੀ ਹੈ ਜੋ ਨਿਵੇਕਲੀ ਤੇ ਵਿਲੱਖਣ ਹੈ। ਸਿੱਖ ਇਤਿਹਾਸ ਚੜ੍ਹਦੀ ਕਲਾ ਦੇ ਕ੍ਰਿਸ਼ਮਿਆਂ ਨਾਲ ਸਰਸ਼ਾਰ ਪਿਆ ਹੈ। ਕਿਹੜੀ-ਕਿਹੜੀ ਘਟਨਾ ਨੂੰ ਇੱਥੇ ਸ਼ਾਮਲ ਕਰਾਂ? ਅਕਾਲੀ ਲਹਿਰ, ਮੋਰਚਿਆਂ ਦਾ ਇਤਿਹਾਸ, ਨੀਲਾ ਤਾਰਾ ਘਟਨਾ ਅਤੇ ਅਜੋਕਾ ਪੰਥਕ ਸੰਘਰਸ਼, ਕੱਲ੍ਹ ਤੇ ਅੱਜ ਦੀਆਂ ਗੱਲਾਂ ਹਨ। ਚੜ੍ਹਦੀ ਕਲਾ ਸੰਕਲਪ ਤੇ ਜੂਝ ਮਰਨ ਦੀ ਉਮੰਗ ਤਹਿਤ ਸਿੰਘਾਂ ਨੂੰ ਅੱਡ-ਅੱਡ ਥਾਵਾਂ ਦੇ ਹੋਣ ਕਾਰਨ, ਇਨ੍ਹਾਂ ਵਿਚ ਇਕਸੁਰਤਾ, ਧੀਰਜ, ਇਕ-ਦੂਜੇ ਪ੍ਰਤੀ ਬਲੀਦਾਨ ਦੀ ਭਾਵਨਾ, ਸ਼ੇਰ ਸ਼ਕਤੀ ਤੇ ਬਾਜ਼ ਦੀ ਫੁਰਤੀ ਦਾ ਸੰਬੰਧ ਸੱਚ ਦੀ ਧਾਰ 'ਤੇ ਤੁਰਨ ਵਾਲੀ ਦ੍ਰਿੜ੍ਹ ਆਤਮਾ ਨਾਲ ਹੁੰਦਾ ਹੈ। ਇਹ ਚੜ੍ਹਦੀ ਕਲਾ ਦੇ ਮਰਜੀਵੜੇ ਹੀ ਹੁੰਦੇ ਹਨ ਜੋ ਜ਼ੁਲਮ ਦੇ ਆਏ ਹੜ੍ਹ ਵਿਚ, ਦਰਿਆਵਾਂ ਦੇ ਪਾਣੀ ਦੀ ਬੇੜੀ ਵਾਂਗ ਸ਼ੂਕਦੇ ਹਨ ਅਤੇ ਰਾਹ ਵਿੱਚ ਆਈਆਂ ਰੋਕਾਂ ਨੂੰ ਰੋੜ੍ਹ ਕੇ ਲੈ ਜਾਂਦੇ ਹਨ।

ਇਹੋ ਸੰਕਲਪ ਬਾਅਦ ਵਿੱਚ ਭੁਜੰਗੀ ਖਾਲਸੇ ਨੂੰ ਮਾਨਵਤਾ ਦੀ ਬਾਦਸ਼ਾਹਤ ਹਿੱਤ ਜੁਝਾਰੂ ਘੋਲ ਦਾ ਪ੍ਰੇਰਨਾ ਸਰੋਤ ਬਣਾ ਦੇਂਦਾ ਹੈ। ਚੜ੍ਹਦੀ ਕਲਾ ਵਿਚ ਬੱਚਾ, ਮਰਦ, ਇਸਤਰੀ ਸਿਰ ਤਲੀ ਉਤੇ ਧਰ, ਸੱਚ ਦੀ ਕੁਠਾਲੀ ਵਿਚ ਢਲ ਕੇ ਖਾਲਸੇ ਦੇ ਕੁਟੰਬ ਵਿੱਚ ਸ਼ਾਮਲ ਹੋ ਜਾਵੇ ਤਾਂ ਮਨ ਨਹੀਂ ਡੋਲਦਾ, ਸਿਰੜ ਨਹੀਂ ਟੁੱਟਦਾ, ਇਹ ਹੀ ਸਿੰਘਾਂ ਦੀ ਅਰਦਾਸ ਹੋ ਨਿਬੜਦਾ ਹੈ। ਚੜ੍ਹਦੀ ਕਲਾ ਸਿੰਘਾਂ ਦਾ ਵਿਰਸਾ ਹੈ, ਕੁਰਬਾਨੀ ਦਾ ਅੰਗਿਆਰ ਹੈ, ਸਵੈਮਾਣ ਦੀ ਚਿਣਗ ਹੈ। ਖਾਲਸੇ ਨੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿ ਕੇ ਨਵੇਂ ਸੱਚ ਦੀ ਕਥਨੀ 'ਤੇ ਪਹਿਰਾ ਦਿੱਤਾ ਹੈ।

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਜਨਮ ਸਾਖੀਆਂ ਦੇ ਨਾਇਕ ਗੁਰੂ ਨਾਨਕ ਸਾਹਿਬ

**ਡਾ. ਨਰਿੰਦਰ ਸਿੰਘ ਕਪੂਰ**

ਗੁਰੂ ਨਾਨਕ ਸਾਹਿਬ ਸਬੰਧੀ ਸਾਖੀਆਂ ਦਾ ਸ਼ਰਧਾਮਈ ਦ੍ਰਿਸ਼ਟੀਕੋਣ ਵੀ ਭਾਰਤੀ ਪਰੰਪਰਾ ਦੇ ਬਿਲਕੁਲ ਅਨੁਕੂਲ ਹੈ। ਭਾਰਤ ਵਿਚ ਸੰਸਕ੍ਰਿਤ ਸਾਹਿਤ ਵਿਚ ਰਾਜੇ ਦੀ ਪ੍ਰਸ਼ੰਸ਼ਾ ਹੀ ਹੋਈ ਹੈ। ਭਾਰਤ ਵਿਚ ਦੁਖਾਂਤ ਇਸ ਕਰਕੇ ਨਹੀਂ ਉਪਜ ਸਕਿਆ, ਕਿਉਂਕਿ ਨਾਟਕ ਦਾ ਨਾਇਕ ਸਦਾ ਰਾਜਾ ਜਾਂ ਰਾਜਕੁਮਾਰ ਬਣਿਆ ਰਿਹਾ ਹੈ। ਰਾਜਾ ਜਾਂ ਰਾਜਕੁਮਾਰ ਇਸ ਲਈ ਰਾਜਾ ਜਾਂ ਰਾਜੁਕਮਾਰ ਹੈ, ਕਿਉਂਕਿ ਉਸ ਨੇ ਪਿਛਲੇ ਜਨਮਾਂ ਵਿਚ ਚੰਗੇ ਕੰਮ ਕੀਤੇ ਸਨ। ਸੋ ਚੰਗੇ ਕਰਮਾਂ ਵਾਲੇ ਵਿਅਕਤੀ ਨੂੰ ਦੁਖੀ ਕਿਵੇਂ ਵਿਖਾਇਆ ਜਾ ਸਕਦਾ ਹੈ। ਗੁਰੂ ਨਾਨਕ ਸਾਹਿਬ ਉਪਰੰਤ ਪੰਜਾਬੀ ਸਾਹਿਤ ਵਿਚ ਰਾਜੇ ਦੀ ਪ੍ਰਸ਼ੰਸ਼ਾ ਨਹੀਂ, ਸਗੋਂ ਵਿਰੋਧ ਹੋਇਆ ਹੈ। ਗੁਰੂ ਨਾਨਕ ਸਾਹਿਬ ਨੇ ਰਾਜੇ ਨੂੰ ਸੀਂਹ ਤੇ ਮੁਕਦਮ ਕੁਤੇ ਕਿਹਾ ਹੈ। ਉਪਰੋਕਤ ਰੀਤ ਨੂੰ ਬਾਕੀ ਗੁਰੂਆਂ ਨੇ ਵੀ ਜਾਰੀ ਰਖਿਆ ਤੇ ਨਤੀਜਾ ਇਹ ਹੋਇਆ ਹੈ ਕਿ ਪੰਜਾਬੀ ਸਾਹਿਤ ਵਿਚ ਹਾਕਮ-ਪੱਖੀ ਜਾਂ ਹਾਕਮ ਦੀ ਪ੍ਰਸ਼ੰਸ਼ਾ ਵਾਲੀ ਸ਼ਬਦਾਵਲੀ ਹੀ ਨਹੀਂ ਹੈ। ਸਾਖੀਕਾਰ ਭਾਰਤੀ ਪਰੰਪਰਾ ਅਨੁਸਾਰ ਹੀ ਗੁਰੂ ਸਾਹਿਬ ਨੂੰ ਰਾਜੇ ਲਈ ਵਰਤੀ ਜਾਂਦੀ ਸ਼ਬਦਾਵਲੀ ਵਿਚ ਹੀ ਚਿਤਰ ਰਹੇ ਸਨ। ਦ੍ਰਿਸ਼ਟੀ ਪ੍ਰਸੰਸ਼ਾਤਮਕ ਤੇ ਸ਼ਰਧਾਤਮਕ ਹੋਣ ਕਾਰਣ ਹੀ ਯਥਾਰਥ ਨੂੰ ਪਰਮਾਰਥ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਸੇ ਜੁਗਤ ਅਧੀਨ ਹੀ ਸਾਖੀਕਾਰ ਗੁਰੂ ਨਾਨਕ ਸਾਹਿਬ ਦੀ ਵਿਲੱਖਣ ਸਖਸ਼ੀਅਤ ਨੂੰ ਉਭਾਰਦੇ ਅਤੇ ਸਮੁੱਚੀ ਭਾਰਤੀ ਮਿਥਿਹਾਸਕ ਤੇ ਅਧਿਆਤਮਿਕ ਪਰੰਪਰਾ ਦੇ ਸੰਦਰਭ ਵਿਚ ਉਹਨਾਂ ਦੇ ਜਨਮ ਦੀ ਘਟਨਾ ਨੂੰ ਪੇਸ਼ ਕਰਦੇ ਹਨ। ਇਥੇ ਹੀ ਬਸ ਨਹੀਂ, ਗੁਰੂ ਸਾਹਿਬ ਦਾ ਸ਼ੁਰੂ ਵਿਚ ਹੀ ਪਰਮੇਸ਼ਰ ਨਾਲ ਨੇੜੇ ਦਾ ਸਬੰਧ ਵੀ ਉਹਨਾਂ ਨੂੰ ਇਕ ਵਿਲੱਖਣ ਮਹਾਂਪੁਰਖ ਬਣਾਉਂਦਾ ਹੈ। ਉਦਾਹਰਣ ਵਜੋਂ 'ਵੇਈਂ ਪ੍ਰਵੇਸ਼' ਸਿਰਲੇਖ ਵਾਲੀ ਸਾਖੀ ਵਿਚ ਪਰਮੇਸ਼ਰ ਵਲੋਂ ਹੁਕਮ ਹੁੰਦਾ ਹੈ, "ਨਾਨਕ ਜਿਸ ਉਪਰਿ ਤੇਰੀ ਨਦਰਿ, ਤਿਸੁ ਉਪਰਿ ਮੇਰੀ ਨਦਰਿ। ਜਿਸ ਉਪਰਿ ਤੇਰਾ ਕਰਮ, ਤਿਸੁ ਉਪਰੁ ਮੇਰਾ ਕਰਮੁ। ਮੇਰਾ ਨਾਉ ਪਾਰਬ੍ਰਹਮ ਪਰਮੇਸਰੁ, ਅਰ ਤੇਰਾ ਨਾਉ ਗੁਰੁ ਪਰਮੇਸੁਰ।" ਨਿਰਸੰਦੇਹ ਇਹ ਵਾਕ ਸਾਖੀਕਾਰ ਦੀ ਸ਼ਰਧਾ ਦਾ ਨਤੀਜਾ ਹਨ।

'ਵੇਈਂ ਪ੍ਰਵੇਸ਼' ਵਾਲੀ ਸਾਖੀ ਵਿਚ ਗੁਰੂ ਸਾਹਿਬ ਦਾ ਪਰਮੇਸ਼ਰ ਦੇ ਦਰਬਾਰ ਵਿਚ ਅਪੜਨਾ ਅਸਲ ਵਿਚ ਰਾਜੇ ਦੇ ਦਰਬਾਰ ਦਾ ਹੀ ਆਦਰਸ਼ ਰੂਪ ਹੈ। ਹਰ ਇਕ ਲੇਖਕ ਦੀ ਕਲਪਨਾ ਵਾਸਤਵਿਕਤਾ ਉੱਤੇ ਉਸਰੀ ਹੁੰਦੀ ਹੈ ਤੇ ਪਰਮੇਸ਼ਰ ਦਾ ਦਰਬਾਰ ਉਲੀਕਣ ਸਮੇਂ ਲੇਖਕ ਅਚੇਤ ਹੀ ਰਾਜੇ ਦੇ ਦਰਬਾਰ ਦਾ ਨਕਸ਼ਾ ਪੇਸ਼ ਕਰ ਦਿੰਦਾ ਹੈ ਤੇ ਪਰਮੇਸ਼ਰ ਨੂੰ ਇਕ ਪਰਉਪਕਾਰੀ ਰਾਜੇ ਵਾਂਗ ਹੀ ਬੋਲਦਾ ਵਿਖਾਇਆ ਗਿਆ ਹੈ ਜਿਵੇਂ, "ਤੂ ਜਾਇ ਕਰ ਮੇਰਾ ਨਾਮ ਜਪਿ, ਅਰੁ ਲੋਕਾ ਥੀਂ ਭੀ ਜਪਾਇ। ਅਰ ਸੰਸਾਰ ਥੀਂ ਨਿਰਲੇਪ ਰਹੁ। ਨਾਮੁ, ਦਾਨੁ, ਇਸਨਾਨ, ਸੇਵਾ, ਸਿਮਰਨ ਵਿਚ ਰਹੁ। ਮੈਂ ਤੇਰੇ ਤਾਈਂ ਆਪਣਾ ਨਾਮ ਦੀਆ ਹੈ।" ਇਸੇ ਤਰ੍ਹਾਂ ਇਹਨਾਂ ਸਤਰਾਂ ਰਾਹੀਂ ਗੁਰੂ ਨਾਨਕ ਸਾਹਿਬ ਨੂੰ ਰੂਹਾਨੀ ਮਹਾਂਪੁਰਖ ਵਜੋਂ ਪੇਸ਼ ਕੀਤਾ ਹੈ।

ਸਾਖੀਕਾਰਾਂ ਨੇ ਗੁਰੂ ਸਾਹਿਬ ਬਾਰੇ ਵਿਭਿੰਨ ਸਾਖੀਆਂ ਰਚ ਕੇ ਇਕ ਪਾਸੇ ਵੈਦਿਕ ਗਿਆਨ ਤੇ ਦੂਜੇ ਪਾਸੇ ਪੌਰਾਣਿਕ ਸਾਹਿਤ ਨੂੰ ਛੋਹਿਆ ਹੈ। 'ਸਚਖੰਡ ਪੋਥੀ' ਵਿਚ ਤਾਂ ਇਥੋਂ ਤੱਕ ਕਿਹਾ ਗਿਆ ਹੈ ਕਿ ਗੁਰੂ ਨਾਨਕ ਜਨਕ ਦੇ ਅਵਤਾਰ ਸਨ। ਹਿੰਦੂ ਮਿਥਿਹਾਸ ਵਿਚ ਵਿਸ਼ਨੂੰ ਦੇ ਅਨੇਕਾਂ ਅਵਤਾਰ ਮੰਨੇ ਗਏ ਹਨ ਤੇ ਸਾਖੀਕਾਰ ਗੁਰੂ ਨਾਨਕ ਸਾਹਿਬ ਨੂੰ ਜਨਕ ਦਾ ਅਵਤਾਰ ਦਸ ਕੇ ਸੁਤੇ ਸਿਧ ਹੀ ਗੁਰੂ ਨਾਨਕ ਸਾਹਿਬ ਦੀ ਨਹੀਂ, ਸਗੋਂ ਰਾਜਾ ਜਨਕ ਦੀ ਸ੍ਰੇਸ਼ਟਤਾ ਸਿੱਧ ਕਰ ਜਾਂਦਾ ਹੈ। ਇਵੇਂ ਹੀ ਜਨਮ ਸਾਖੀਆਂ ਵਿਚ ਵਰਤਿਆ ਸੰਖਿਆ ਸ਼ਾਸ਼ਤਰ ਵੀ ਹਿੰਦੂ ਮਿਥਿਹਾਸ ਨਾਲ ਜੁੜਿਆ ਹੋਇਆ ਹੈ। ਤੇਤੀਸ ਕਰੋੜ ਦੇਵਤੇ, ਨਵਹੁ ਨਾਥਹੁ, ਛਿਅਹੁ ਜਤੀਅਹੁ, ਚਉਰਾਸੀਹੁ ਸਿਧ ਆਦਿ ਸਾਰੇ ਹਿੰਦੂ ਮਿਥਿਹਾਸ ਨਾਲ ਸਬੰਧਿਤ ਹਨ।

ਜਨਮ ਸਾਖੀਆਂ ਤੋਂ ਗੁਰੂ ਨਾਨਕ ਸਾਹਿਬ ਦੇ ਸਮੇਂ ਦਾ ਸਮਾਜਿਕ ਅਤੇ ਸਭਿਆਚਾਰਕ ਚਿੱਤਰ ਸਾਡੇ ਸਾਹਮਣੇ ਉਸਰਦਾ ਹੈ। ਗੁਰੂ ਜੀ ਦਾ ਵਾਹ ਆਮ ਕਰਕੇ ਹਿੰਦੂਆਂ ਅਤੇ ਤੁਰਕਾਂ ਨਾਲ ਪੈਂਦਾ ਹੈ। ਉਹ ਜਦੋਂ ਕਿਸੇ ਹਿੰਦੂ ਨੂੰ ਮਿਲਦੇ ਹਨ ਤਾਂ ਉਸ ਦੀ ਜਾਤ ਦੇ ਸੰਦਰਭ ਵਿਚ ਹੀ ਮਿਲਦੇ ਹਨ; ਵੈਰਾਗੀ, ਵੈਸ਼ਨਵ, ਉਦਾਸੀ ਆਦਿ ਹਿੰਦੂ ਸਮਾਜ ਦੀਆਂ ਹੀ ਉਪ-ਵੰਡਾਂ ਸਨ। ਹਿੰਦੂ ਇਲਾਕਿਆਂ ਵਿਚ ਰਾਜੇ ਹਿੰਦੂ ਸਨ ਤੇ ਮੁਸਲਮਾਨ ਇਲਾਕਿਆਂ ਵਿਚ ਹਾਕਮ ਆਮ ਕਰਕੇ ਮੁਸਲਮਾਨ ਸਨ। ਜਦੋਂ ਗੁਰੂ ਜੀ ਕਿਸੇ ਇਲਾਕੇ ਵਿਚ ਵਿਚਰਦੇ ਸਨ ਤਾਂ ਕਿਸੇ ਪ੍ਰਕਾਰ ਦੀ ਫਿਰਕੂ ਜਾਂ ਧਾਰਮਿਕ ਖਿਚੋਤਾਣ ਨਹੀਂ। ਜੀਵਨ ਵਿਚ ਅਨਿਸਚਿਤਤਾ ਆਮ ਸੀ ਤੇ ਅੰਧ-ਵਿਸ਼ਵਾਸਾਂ ਦੇ ਵਸ ਪਏ ਲੋਕ ਸਾਧੂ-ਸੰਤਾਂ ਦੇ ਸਰਾਪ ਜਾਂ ਬੋਲੀ ਤੋਂ ਡਰਦੇ ਉਹਨਾਂ ਨੂੰ ਦਾਨ ਪੁੰਨ ਦੇ ਕੇ ਖੁਸ਼ ਕਰਨ ਦਾ ਯਤਨ ਕਰਦੇ ਪ੍ਰਤੀਤ ਹੁੰਦੇ ਹਨ। ਸਾਧੂ ਸੰਤਾਂ ਤੋਂ ਤਾਂ ਰਾਜੇ ਵੀ ਡਰਦੇ ਸਨ। ਇਸ ਸਮੇਂ ਸੂਫੀ ਅਤੇ ਭਗਤੀ ਲਹਿਰ ਪ੍ਰਤੱਖ ਤੌਰ ਉੱਤੇ ਸਥਿਤ ਹੋ ਰਹੀਆਂ ਸਨ।




ਸੂਫੀ ਲਹਿਰ ਭਾਰਤ ਵਿਚ ਮੁਸਲਮਾਨਾਂ ਵਲੋਂ ਹਿੰਦੂ ਧਰਮ ਨਾਲ ਸਮਝੌਤੇ ਦੀ ਉਪਜ ਸੀ ਜਦੋਂ ਕਿ ਭਗਤੀ ਲਹਿਰ ਹਿੰਦੂ ਧਰਮ ਦੀ ਇਸਲਾਮ ਨਾਲ ਸਮਝੌਤੇ ਵਿਚੋਂ ਉਪਜੀ ਸੀ। ਸੂਫੀ ਲਹਿਰ ਵਿਚ ਮੁੱਖ ਸੁਰ ਮੁਸਲਮਾਨੀ ਹੈ ਜਦੋਂ ਕਿ ਭਗਤੀ ਲਹਿਰ ਦੀ ਮੁੱਖ ਸੁਰ ਹਿੰਦੂ ਧਰਮ ਉੱਤੇ ਆਧਾਰਿਤ ਹੈ। ਨਾਥ ਜੋਗੀ ਨਵੇਂ ਵਿਚਾਰਾਂ ਦਾ ਡਟ ਕੇ ਵਿਰੋਧ ਕਰ ਰਹੇ ਸਨ। ਇਹ ਪ੍ਰਵਿਰਤੀ ਇਸ ਗੱਲ ਦਾ ਪ੍ਰਮਾਣ ਹੈ ਕਿ ਨਾਥਾਂ ਜੋਗੀਆਂ ਦੀ ਸਥਿਤੀ ਪਤਨ ਵਾਲੀ ਸੀ। ਉਸ ਸਮੇਂ ਭ੍ਰਮਣ ਕਰਨ ਨੂੰ ਉਦਾਸੀ ਕਿਹਾ ਜਾਂਦਾ ਸੀ। ਜਦੋਂ ਗੁਰੂ ਜੀ ਉਦਾਸੀ ਉੱਤੇ ਜਾਂਦੇ ਸਨ ਤਾਂ ਉਹ ਇਕੱਲੇ ਹੀ ਜਾਂਦੇ ਸਨ। ਉਂਜ ਗ੍ਰਹਿਸਥੀ ਉਦਾਸੀ ਨਹੀਂ ਹੁੰਦੇ ਸਨ, ਪਰ ਉਦਾਸੀ ਸਮੇਂ ਗੁਰੂ ਸਾਹਿਬ ਗ੍ਰਹਿਸਤੀ ਨਾ ਰਹਿ ਕੇ ਇਕ ਪਰੰਪਰਾ ਨੂੰ ਹੀ ਪਾਲ ਰਹੇ ਸਨ, ਕਿਉਂਕਿ ਇਹ ਜਨਮ-ਸਾਖੀਆਂ ਗੁਰੂ ਨਾਨਕ ਸਾਹਿਬ ਦੇ ਜੀਵਨ ਬਾਰੇ ਹਨ। ਖੇਤੀ, ਵਪਾਰ, ਸੌਦਾਗਰੀ ਅਤੇ ਨੌਕਰੀ ਆਦਿ ਕਿਤਿਆਂ ਦਾ ਹੀ ਜ਼ਿਕਰ ਕੀਤਾ ਗਿਆ ਹੈ। ਕਈਆਂ ਲਿਖਾਰੀਆਂ ਨੇ ਮਹਿਤਾ ਕਾਲੂ ਦਾ ਕਿੱਤਾ ਪਟਵਾਰ ਲਿਖਿਆ ਹੈ। ਗੁਰੂ ਸਾਹਿਬ ਨੇ ਆਪ ਸੁਲਤਾਨਪੁਰ ਦੇ ਨਵਾਬ ਪਾਸ ਮੋਦੀਖਾਨੇ ਵਿਚ ਨੌਕਰੀ ਕੀਤੀ। ਜਨਮ ਸੰਬੰਧੀ ਪ੍ਰਗਟਾਈਆਂ ਗਈਆਂ ਰਸਮਾਂ ਹਿੰਦੂ ਪਰਿਵਾਰ ਵਾਲੀਆਂ ਹਨ। ਵਪਾਰ ਕਰਨ ਦੀ ਵਪਾਰ ਲਿਪੀ ਲੰਡੇ ਸੀ। 'ਪੁਰਾਤਨ ਜਨਮ ਸਾਖੀ' ਦੀ ਸਾਖੀ ਦੂਜੀ ਅਤੇ 'ਸੱਚਖੰਡ ਪੋਥੀ' ਦੀ ਗੋਸ਼ਟੀ ਛੇਵੀਂ ਵਿਚ ਉਸ ਸਮੇਂ ਪੜ੍ਹਨ ਪੜ੍ਹਾਉਣ ਦਾ ਉਲੇਖ ਕੀਤਾ ਗਿਆ ਹੈ। ਸਿਖਿਆ ਦੇਣ ਦਾ ਕੰਮ ਦੋਹਾਂ ਮੁੱਖ ਧਰਮਾਂ ਦੀ ਪੁਜਾਰੀ ਜਮਾਤ ਦੇ ਜ਼ਿੰਮੇ ਸੀ। ਜਨਮ ਸਾਖੀਆਂ ਜਗੀਰਦਾਰੀ ਆਰਥਿਕ ਪ੍ਰਣਾਲੀ ਨੂੰ ਬੜੀ ਸੁਹਿਰਦਤਾ ਨਾਲ ਪੇਸ਼ ਕਰਦੀਆਂ ਸਨ। ਰਾਜਾ ਸਾਰੀ ਸ਼ਕਤੀ ਦਾ ਮਾਲਕ ਹੁੰਦਾ ਸੀ। ਸਾਧਾਰਣ ਲੋਕ ਸਾਦਾ, ਸਿੱਧਾ ਤੇ ਮੁਸ਼ਕਲਾਂ ਭਰਿਆ ਜੀਵਨ ਗੁਜ਼ਾਰਦੇ ਸਨ। ਭਾਵੇਂ ਸਾਖੀਕਾਰਾਂ ਨੇ ਸੁਚੇਤ ਤੌਰ 'ਤੇ ਸਮਕਾਲੀ ਸਮਾਜ ਤੇ ਸਭਿਆਚਾਰ ਨੂੰ ਉਲੀਕਣ ਦਾ ਕੋਈ ਉਪਰਾਲਾ ਨਹੀਂ ਕੀਤਾ ਪਰ ਅਚੇਤ ਹੀ ਉਹ ਬੜੀ ਲਾਹੇਵੰਦੀ ਜਾਣਕਾਰੀ ਪ੍ਰਦਾਨ ਕਰ ਦਿੰਦੇ ਸਨ। ਹਰ ਇਕ ਸਾਖੀਕਾਰ ਨੇ ਆਪਣੀ ਵਿੱਤ ਤੇ ਉਦੇਸ਼ ਅਨੁਸਾਰ ਗੁਰੂ ਜੀ ਦੇ ਸਰੂਪ ਨੂੰ ਘਟਾਇਆ ਵਧਾਇਆ ਹੈ। 'ਪੁਰਾਤਨ ਜਨਮ ਸਾਖੀ' ਦੀ ਸਾਖੀ 53 ਵਿਚ ਦੁਰਗਾ ਨੂੰ ਗੁਰੂ ਨਾਨਕ ਦੇ ਪੈਰ ਦਬਾਉਂਦੀ ਵਿਖਾਇਆ ਹੈ ਜਦੋਂ ਕਿ ਸਾਖੀ 37 ਵਿਚ ਦੁਨੀ ਚੰਦ ਆਪਣੇ ਪਿਤਾ ਦਾ ਸਰਾਧ ਕਰਦਾ ਹੈ ਤਾਂ ਗੁਰੂ ਜੀ ਉਸ ਨੂੰ ਦੱਸਦੇ ਹਨ ਕਿ ਉਸ ਦਾ ਪਿਤਾ ਬਘਿਆੜ ਦੀ ਜੂਨੀ ਵਿਚ ਹੈ ਤੇ ਉਹ ਤਿੰਨਾਂ ਦਿਨਾਂ ਦਾ ਭੁੱਖਾ ਹੈ। ਦੁਨੀ ਚੰਦ ਪ੍ਰਸ਼ਾਦ ਲੈ ਕੇ ਜੰਗਲ ਵਿਚ ਜਾਂਦਾ ਹੈ ਤੇ ਬਘਿਆੜ ਨਾਲ ਗੱਲਬਾਤ ਕਰਕੇ ਮੁੜਦਾ ਹੈ। ਬਘਿਆੜ ਨਾਲ ਗੱਲਬਾਤ ਤੋਂ ਪਤਾ ਲੱਗਦਾ ਹੈ ਕਿ ਜੀਵ ਆਪਣੀਆਂ ਵਾਸ਼ਨਾਵਾਂ ਕਰਕੇ ਵੱਖ-ਵੱਖ ਜੂਨੀਆਂ ਵਿਚ ਭਟ ਰਹੇ ਹਨ। ਬਘਿਆੜ ਨੂੰ ਗੱਲਾਂ ਕਰਦੇ ਵਿਖਾ ਕੇ ਪੌਰਾਣਿਕ ਰੁਚੀ ਦਾ ਪ੍ਰਮਾਣ ਦਿੱਤਾ ਗਿਆ ਹੈ। ਸਪੱਸ਼ਟ ਹੈ ਕਿ ਜਨਮ ਸਾਖੀਆਂ ਗੁਰੂ ਜੀ ਦੇ ਸਮਕਾਲੀ ਸਮਾਜ ਤੇ ਸਭਿਆਚਾਰ ਦਾ ਬਹੁ-ਪੱਖੀ ਚਿਤਰ ਪੇਸ਼ ਕਰਦੀਆਂ ਹਨ।

ਜਨਮ ਸਾਖੀਆਂ ਨੂੰ ਵਿਭਿੰਨ ਪੱਖਾਂ ਤੋਂ ਵਾਚਿਆ ਗਿਆ ਹੈ। ਵਾਚਣ ਵਾਲਿਆਂ ਵਿਚ ਵਿਦੇਸ਼ੀ ਲਿਖਾਰੀ ਤੇ ਆਲੋਚਕ ਵੀ ਹਨ ਜਿਹਨਾਂ ਵਿਚੋਂ ਡਬਲਊ. ਐਚ. ਮੈਕਲਓਡ ਨੇ ਮਹੱਤਵਪੂਰਨ ਤੱਥ ਪੇਸ਼ ਕੀਤੇ ਹਨ। ਮੈਕਲਓਡ ਅਨੁਸਾਰ 'ਜਨਮ ਸਾਖੀਆਂ' ਜੀਵਨੀਆਂ ਨਹੀਂ ਹਨ, ਇਹਨਾਂ ਨੂੰ ਸੰਤ ਗਾਥਾਵਾਂ ਕਿਹਾ ਜਾ ਸਕਦਾ ਹੈ। ਇਸ ਤੱਥ ਨੂੰ ਧਿਆਨ ਵਿਚ ਰੱਖ ਕੇ ਹੀ ਇਹਨਾਂ ਦਾ ਠੀਕ ਦ੍ਰਿਸ਼ਟੀਕੋਣ ਤੋਂ ਅਧਿਐਨ ਹੋ ਸਕਦਾ ਹੈ।

ਕਰਾਮਾਤ ਲਗਭਗ ਹਰ ਇਕ ਸਾਖੀ ਵਿਚ ਵਿਦਮਾਨ ਹੈ। ਕਰਾਮਾਤ ਇਕ ਅਜਿਹੀ ਸ਼ਕਤੀ ਵਜੋਂ ਪੇਸ਼ ਕੀਤੀ ਗਈ ਹੈ ਜਿਸ ਨਾਲ ਹਰ ਸੰਕਟ ਟਲ ਜਾਂਦਾ ਹੈ ਤੇ ਹਰ ਮੁਸ਼ਕਲ ਹੱਲ ਹੋ ਜਾਂਦੀ ਹੈ। ਗੁਰੂ ਸਾਹਿਬ ਨੂੰ ਕਰਾਮਾਤੀ ਦੱਸ ਕੇ ਉਹਨਾਂ ਦੀ ਪ੍ਰਾਥਮਿਕਤਾ ਨੂੰ ਹੀ ਦ੍ਰਿੜ੍ਹ ਕਰਵਾਇਆ ਗਿਆ ਹੈ ਤੇ ਇਸ ਤਰ੍ਹਾਂ ਸਾਖੀਆਂ ਆਪਣੇ ਨਾਇਕ ਨੂੰ ਵਿਲੱਖਣ ਬਣਾ ਕੇ ਉਸ ਨੂੰ ਦੈਵੀ-ਗੁਣਾਂ ਦਾ ਧਾਰਨੀ ਬਣਾ ਕੇ ਪੇਸ਼ ਕਰਦੀਆਂ ਹਨ। ਕਰਾਮਾਤ ਦੇ ਆਧਾਰ ਉੱਤੇ ਗੁਰੂ ਜੀ ਦੀ ਹਰ ਮੈਦਾਨ ਫਤਹਿ ਹੁੰਦੀ ਹੈ। ਬਾਣੀ ਨੂੰ ਵੀ ਕਰਾਮਾਤ ਦੇ ਰੂਪ ਵਿਚ ਹੀ ਪੇਸ਼ ਕੀਤਾ ਗਿਆ ਹੈ। ਹਰ ਸਾਖੀ ਕਿਸੇ ਨਾ ਕਿਸੇ ਘਟਨਾ ਨੂੰ ਬਿਆਨ ਕਰਦੀ ਤੇ ਕਿਸੇ ਸੰਕਟ ਦਾ ਸਮਾਧਾਨ ਕਰਦੀ ਵਿਖਾਈ ਗਈ ਹੈ। ਇਸ ਤਰ੍ਹਾਂ ਯਥਾਰਥ ਨੂੰ ਪਰਮਾਰਥ ਰੂਪ ਵਿਚ ਪੇਸ਼ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਗੁਰੂ ਸਾਹਿਬ ਨਾਲ ਜੋੜੀਆਂ ਘਟਨਾਵਾਂ ਸਾਖੀਕਾਰਾਂ ਦੇ ਸਮਕਾਲੀ ਸਮਾਜ ਦੀਆਂ ਸਭਿਆਚਾਰਕ, ਸਾਮਾਜਿਕ, ਆਰਥਿਕ ਤੇ ਧਾਰਮਿਕ ਵਿਰੋਧਤਾਵਾਂ ਅਤੇ ਇਹਨਾਂ ਵਿਰੋਧਤਾਵਾਂ ਵਿਚੋਂ ਉਪਜਣ ਵਾਲੀਆਂ ਸਮੱਸਿਆਵਾਂ ਦਾ ਉਲੇਖ ਵੀ ਕਰ ਜਾਂਦੀਆਂ ਹਨ। ਉਹ ਸਮਾਜ ਵਿਚ ਕਿਸ ਪ੍ਰਕਾਰ ਦੀਆਂ ਸਮੱਸਿਆਵਾਂ ਉਪਜਦੀਆਂ ਸਨ ਤੇ ਉਹਨਾਂ ਦਾ ਹੱਲ ਕੌਣ ਤੇ ਕਿਵੇਂ ਕਰਦੇ ਸਨ ਇਸ ਦਾ ਗਿਆਨ ਵੀ ਸਾਨੂੰ ਸਾਖੀਆਂ ਤੋਂ ਪ੍ਰਾਪਤ ਹੁੰਦਾ ਹੈ। ਇਕ ਗੱਲ ਪੂਰਨ-ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਉਸ ਸਮੇਂ ਦਾ ਸਮਾਜ ਜਾਤਾਂ-ਪਾਤਾਂ ਵਿਚ ਵੰਡਿਆ ਹੋਇਆ ਸੀ ਤੇ ਲਗਭਗ ਸਾਰੇ ਲੋਕ ਪਿਤਾ ਪੁਰਖੀ ਰਵਾਇਤਾਂ ਪਾਲਣ ਦੇ ਕਾਰਜ ਵਿਚ ਰੁਝੇ ਹੋਏ ਸਨ।

ਗੁਰੂ ਜੀ ਜਦੋਂ ਵੀ ਕਿਸੇ ਸਮੱਸਿਆ ਦਾ ਹੱਲ ਕਰਦੇ ਹਨ ਤਾਂ ਸਾਰੇ ਹੈਰਾਨ ਰਹਿ ਜਾਂਦੇ ਸਨ। ਗੁਰੂ ਸਾਹਿਬ ਦਾ ਸਹਿਯੋਗੀ ਮਰਦਾਨਾ ਕਈ ਕੌਤਕ ਵੇਖਣ ਦੇ ਬਾਵਜੂਦ ਗੁਰੂ ਜੀ ਦੇ ਹਰ ਨਵੇਂ ਅਲੌਕਿਕ ਹੱਲ ਤੋਂ ਹੈਰਾਨ ਹੋ ਜਾਂਦਾ ਹੈ। ਮਰਦਾਨਾ ਆਮ ਸਾਧਾਰਨ ਭੋਲੀ ਭਾਲੀ ਸਿੱਧੜ ਜਿਹੀ ਜਨਤਾ ਦਾ ਪ੍ਰਤੀਕ ਹੈ ਜਦੋਂ ਕਿ ਗੁਰੂ ਜੀ ਦੈਵੀ ਸ਼ਕਤੀਆਂ ਦੇ ਪ੍ਰਤੀਕ ਹਨ।

(ਧੰਨਵਾਦ ਸਹਿਤ : ਪੁਸਤਕ 'ਗੁਰੂ ਨਾਨਕ ਸਾਹਿਬ ਦਾ ਧਰਮ ਯੁੱਧ' ਵਿਚੋਂ)

## ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਕੈਨੇਡਾ ਤੇ ਅਮਰੀਕਾ ਵਿਚ 11 ਸਮਾਗਮ ਆਯੋਜਿਤ ਕਰੇਗੀ : ਬਾਵਾ

**ਨਿਊਯਾਰਕ/ਰਾਜ ਗੋਗਨਾ :** ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾਉਣ ਲਈ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਪੰਜਾਬ ਸਰਕਾਰ ਨੂੰ ਪੂਰਨ ਸਹਿਯੋਗ ਦੇਵੇਗੀ।ਇਹ ਪ੍ਰਗਟਾਵਾ ਕਰਦਿਆਂ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਅਤੇ ਪੀ.ਐਸ.ਆਈ.ਡੀ.ਸੀ. ਦੇ ਨਵ-ਨਿਯੁਕਤ ਚੇਅਰਮੈਨ ਸ੍ਰੀ ਕ੍ਰਿਸ਼ਨ ਕੁਮਾਰ ਬਾਵਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ, ਪੰਜਾਬ ਵੱਲੋਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਦਿਹਾੜਾ ਮਨਾਉਣ ਲਈ ਦੇਸ਼ ਵਿਦੇਸ਼ ਅੰਦਰ ਕੀਤੇ ਜਾ ਰਹੇ ਉਪਰਾਲੇ ਸ਼ਲਾਘਾਯੋਗ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਦੁਨੀਆ ਦੇ ਕੋਨੇ-ਕੋਨੇ ਤਕ ਪਹੁੰਚਾਉਣ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਕੈਨੇਡਾ ਤੇ ਅਮਰੀਕਾ ਵਿਚ 11 ਸਮਾਗਮ ਆਯੋਜਿਤ ਕਰੇਗੀ, ਜਿਸ ਦੀ ਜ਼ਿੰਮੇਵਾਰੀ ਫਾਊਂਡੇਸ਼ਨ ਦੇ ਅਮਰੀਕਾ ਦੇ ਪ੍ਰਧਾਨ ਗੁਰਮੀਤ ਸਿੰਘ ਗਿੱਲ ਮੁੱਲਾਂਪੁਰ, ਕੈਨੇਡਾ ਦੇ ਪ੍ਰਧਾਨ ਹਰਬੰਤ ਸਿੰਘ ਦਿਉਲ, ਚੇਅਰਮੈਨ ਫਾਊਂਡੇਸ਼ਨ ਅਸ਼ੋਕ ਕੁਮਾਰ ਬਾਵਾ ਅਤੇ ਰਿਟਾਇਰਡ ਬ੍ਰਿਗੇਡੀਅਰ ਨਵਾਬ ਸਿੰਘ ਹੀਰ ਮੁੱਖ ਸਰਪ੍ਰਸਤ ਨਿਭਾਉਣਗੇ।ਬਾਵਾ ਨੇ ਦੱਸਿਆ ਕਿ ਕੈਥਲ (ਹਰਿਆਣਾ) ਵਿਚ ਉਮਰਾਓ ਸਿੰਘ ਪ੍ਰਧਾਨ ਫਾਊਂਡੇਸ਼ਨ ਹਰਿਆਣਾ ਸਮਾਗਮ ਆਯੋਜਿਤ ਕਰ ਰਹੇ ਹਨ ਅਤੇ ਕਲਕੱਤਾ ਵਿਚ ਮੇਘ ਸਿੰਘ ਸਿੱਧੂ ਸਮਾਗਮ ਆਯੋਜਿਤ ਕਰਨਗੇ। ਇਸੇ ਤਰ੍ਹਾਂ ਬੰਬਈ ਵਿਚ ਸੁਖਵਿੰਦਰ ਸਿੰਘ ਗਿੱਲ ਅਤੇ ਹਰਚੰਦ ਸਿੰਘ ਸੱਗੂ ਵੱਲੋਂ ਸਮਾਗਮ ਆਯੋਜਿਤ ਕੀਤਾ ਜਾਵੇਗਾ।

## ਸੈਨ ਫਰਾਂਸਿਸਕੋ ਮੈਰਾਥਨ ਦੌੜ ਵਿਚ ਸਿੱਖਾਂ ਦੀ ਭਰਵੀਂ ਹਾਜ਼ਰੀ

**ਸੈਨ ਫਰਾਂਸਿਸਕੋ/ਹੁਸਨ ਲੜੋਆ ਬੰਗਾ :** ਸਿੱਖਸ ਫਾਰ ਹਿਊਮੈਨਿਟੀ ਨਾਂ ਦੀ ਜਥੇਬੰਦੀ ਵੱਲੋਂ ਲਗਾਤਾਰ ਦੂਜੇ ਸਾਲ ਇਤਿਹਾਸਿਕ ਮੈਰਾਥਨ ਦੌਰਾਨ ਦੌੜਾਕਾਂ ਵਾਸਤੇ ਪਾਣੀ ਅਤੇ ਇਲੈਕਟ੍ਰੋਲਾਈਟ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਜਥੇਬੰਦੀ ਦੇ ਸੇਵਾਦਾਰਾਂ ਵਿਚ ਬੱਚੇ, ਬੀਬੀਆਂ, ਬਜ਼ੁਰਗਾਂ ਅਤੇ ਨੌਜਵਾਨ ਸ਼ਾਮਿਲ ਸਨ। ਪਾਣੀ ਦੇ ਸਟਾਲ ਦਾ ਪ੍ਰਬੰਧ ਸਿੱਖਸ ਫਾਰ ਹਿਊਮੈਨਿਟੀ ਦੇ ਸੇਵਾਦਾਰ ਪਰਮਜੋਤ ਸਿੰਘ ਭਾਟੀਆ ਦੁਆਰਾ ਮੈਰਾਥਨ ਕਮੇਟੀ ਦੇ ਸਹਿਯੋਗ ਨਾਲ ਕੀਤਾ ਗਿਆ। ਪਾਣੀ ਦੀ ਸੇਵਾ ਦੇ ਨਾਲ-ਨਾਲ ਸਿੱਖਾਂ ਨੇ ਦੌੜਾਕਾਂ ਦੀ ਹੌਸਲਾ-ਅਫ਼ਜ਼ਾਈ ਵੀ ਕੀਤੀ ਜਿਸ ਦੀ ਮੈਰਾਥਨ ਕਮੇਟੀ ਅਤੇ ਦੌੜਾਕਾਂ ਨੇ ਭਰਪੂਰ ਸ਼ਲਾਘਾ ਕੀਤੀ। ਆਪਣੇ ਲੋਕਾਂ ਵਿਚ ਸਿਹਤ ਪੱਖੋਂ ਜਾਗਰੂਕਤਾ ਲਿਆਉਣ ਲਈ ਸੰਸਥਾ ਨਾਲ ਸਬੰਧਿਤ ਦੌੜਾਕ ਨਰਿੰਦਰ ਕੌਰ ਸੇਖੋਂ,




ਹਰਸਿਮਰਨਪ੍ਰੀਤ ਕੌਰ ਮਾਂਗਟ, ਰਾਜਿੰਦਰ ਸਿੰਘ ਸੇਖੋਂ, ਕਮਲਜੀਤ ਸਿੰਘ ਬੈਨੀਪਾਲ, ਮਨਜੋਤ ਸਿੰਘ ਬੈਨੀਪਾਲ, ਨਵਿੰਦਰ ਸਿੰਘ ਟਾਂਡਾ, ਬਲਜੀਤ ਸਿੰਘ, ਸੁਖਵਿੰਦਰ ਸਿੰਘ , ਪਰਮਿੰਦਰਪਾਲ ਸਿੰਘ , ਚਰਨਜੀਤ ਸਿੰਘ ਧਾਲੀਵਾਲ , ਅਵੀ ਸਿੰਘ ਅਤੇ ਅਜਮੇਰ ਸਿੰਘ ਪੁਰੇਵਾਲ ਨੇ ਵੀ ਇਸ ਦੌੜ ਵਿਚ ਹਿੱਸਾ ਲਿਆ। ਸੰਸਥਾ ਦਾ ਮੰਨਣਾ ਹੈ ਕਿ ਅਜਿਹੇ ਕਮਿਊਨਿਟੀ ਦੇ ਸਾਂਝੇ ਕਾਰਜਾਂ ਵਿਚ ਹਿੱਸਾ ਲੈਣ ਨਾਲ ਜਿਥੇ ਹੋਰਨਾਂ ਕਮਿਊਨਿਟੀਆਂ ਦੇ ਲੋਕਾਂ ਨਾਲ ਸਿੱਖਾਂ ਦੀ ਭਾਈਚਾਰਕ ਸਾਂਝ ਵਧਦੀ ਹੈ, ਉਥੇ ਸਾਡੇ ਦਸਤਾਰਧਾਰੀਆਂ ਦੀ ਪਛਾਣ ਇਕ ਚੰਗੇ ਸ਼ਹਿਰੀ ਵੱਜੋਂ ਸਥਾਪਿਤ ਕਰਨ ਵਿਚ ਵੀ ਸਹਾਈ ਹੁੰਦੀ ਹੈ।




# ਪਾਠਕਾਂ ਦਾ ਨਜ਼ਰੀਆ

## ਭਾਰਤ ਦੀਆਂ ਕੁਪੋਸ਼ਣ ਦੀਆਂ ਰਿਪੋਰਟਾਂ

ਕਈ ਅੰਤਰਰਾਸ਼ਟਰੀ ਸੰਸਥਾਵਾਂ, ਜਿਵੇਂ ਆਰਥਿਕਤਾ ਦੇ ਪੈਮਾਨਿਆਂ ਦੀਆਂ ਰਿਪੋਰਟਾਂ ਪੇਸ਼ ਕਰਦੀਆਂ ਹਨ, ਇਸੇ ਤਰ੍ਹਾਂ ਭੁੱਖਮਰੀ, ਕੁਪੋਸ਼ਣ ਅਤੇ ਹੋਰ ਅਨੇਕਾਂ ਸਮਾਜਿਕ ਸਥਿਤੀਆਂ ਬਾਰੇ ਵੀ ਆਪਣੀਆਂ ਰਿਪੋਰਟਾਂ ਜਾਰੀ ਕਰਦੀਆਂ ਹਨ। ਇੱਥੇ ਹੀ ਇੱਕ ਰਿਪੋਰਟ ਹੈ ਕਿ 2017 ਵਿੱਚ ਭੁੱਖਮਰੀ ਦੀ ਦਰ ਮੁਤਾਬਕ ਭਾਰਤ ਦੁਨੀਆ ਦੇ 100 ਵੇਂ ਥਾਂ 'ਤੇ ਸੀ ਅਤੇ 2018 ਵਿਚ ਖਿਸਕ ਕੇ 103ਵੇਂ ਥਾਂ 'ਤੇ ਆ ਗਿਆ।ਅਜਿਹੇ ਅੰਕੜੇ ਆਉਣ 'ਤੇ ਭਾਰਤ ਦੀ ਸੰਸਦ, ਜ਼ਿਆਦਾ ਤਾਂ ਚੁੱਪ ਰਹਿੰਦੀ ਹੈ, ਪਰ ਜੇਕਰ ਸੋਸ਼ਲ ਮੀਡੀਆ ਉੱਤੇ ਰੌਲਾ ਪੈ ਜਾਵੇ ਤਾਂ ਫਿਰ ਸੱਤਾ ਧਿਰ ਤਾਂ ਇਨ੍ਹਾਂ ਮਾਪਦੰਡਾਂ ਉੱਤੇ ਸਵਾਲ ਖੜ੍ਹੇ ਕਰਨ ਲੱਗ ਪੈਂਦੀ ਹੈ। ਉਹ ਮਨਮਰਜ਼ੀ ਦੀ ਰਿਪੋਰਟ ਚੁਣਨ ਵਿੱਚ ਵਿਸ਼ਵਾਸ ਕਰਦੇ ਹਨ, ਜੋ ਦੇਸ਼ ਦੀ ਸੁਨਹਿਰੀ ਤਸਵੀਰ ਦਿਖਾਵੇ। ਜੇਕਰ ਕੁਪੋਸ਼ਣ ਦੀਆਂ ਰਿਪੋਰਟਾਂ ਦਾ ਜਾਇਜ਼ਾ ਲਈਏ ਤਾਂ ਪੰਜ ਸਾਲ ਤੋਂ ਘੱਟ ਉਮਰ ਦੇ 44 ਫੀਸਦੀ ਬੱਚੇ, ਆਪਣੀ ਉਮਰ ਮੁਤਾਬਕ ਲੋੜੀਦੇ ਭਾਰ ਤੋਂ ਘੱਟ ਹਨ ਅਤੇ 38 ਫੀਸਦੀ ਬੱਚੇ ਲੰਬਾਈ ਵਿੱਚ ਘੱਟ ਹਨ, ਭਾਵ ਗਿੱਠੇ ਹਨ। ਇਸੇ ਤਰ੍ਹਾਂ 72 ਫੀਸਦੀ ਛੋਟੇ ਬੱਚੇ ਅਤੇ 52 ਫੀਸਦੀ ਔਰਤਾਂ ਵਿੱਚ ਘੱਟੋ ਘੱਟ ਲੋੜੀਂਦੇ ਖ਼ੂਨ ਦੀ ਘਾਟ ਹੈ। ਇਹ ਸਰਵੇਖਣ, ਸਰਕਾਰੀ ਸੰਸਥਾਵਾਂ, ਸਿਖਲਾਈ ਸ਼ੁਦਾ ਸਿਹਤ ਕਾਮਿਆਂ ਵੱਲੋਂ, ਨਿਰਧਾਰਿਤ ਟੈਸਟਾਂ ਅਤੇ ਮਸ਼ੀਨਾਂ ਰਾਹੀਂ ਹੁੰਦਾ ਹੈ। ਇਹ ਕੁਪੋਸ਼ਣ ਦੀਆਂ ਰਿਪੋਰਟਾਂ, ਅਸਿੱਧੇ ਤੌਰ 'ਤੇ ਭੁੱਖਮਰੀ ਦੀ ਹਾਲਤ ਦਾ ਹੀ ਪ੍ਰਗਟਾਵਾ ਹਨ।

ਅੰਤਰਰਾਸ਼ਟਰੀ ਫੋਰਮ ਤੋਂ ਇਹ ਰਿਪੋਰਟ ਆਉਂਦੀ ਹੈ ਕਿ ਦੁਨੀਆ ਭਰ ਦੇ ਕੁੱਲ ਕੁਪੋਸ਼ਣ ਬੱਚਿਆਂ ਵਿੱਚੋਂ, ਇੱਕ ਤਿਹਾਈ ਬੱਚੇ ਸਾਡੇ ਮੁਲਕ ਵਿੱਚ ਹਨ ਜੋ ਕਿ ਤਕਰੀਬਨ ਪੰਜ ਕਰੋੜ ਬਣਦੇ ਹਨ। ਇਹ ਰਿਪੋਰਟ ਸੰਸਦ ਵਿੱਚ ਕਿਉਂ ਨਹੀਂ ਪੇਸ਼ ਹੁੰਦੀ ? ਇਸ ਰਿਪੋਰਟ 'ਤੇ ਦੇਸ਼ ਦੇ ਸਾਰੇ ਸਾਂਸਦ, ਚੁਣੇ ਹੋਏ ਨੁਮਾਇੰਦੇ, ਜੋ ਇਨ੍ਹਾਂ ਬੱਚਿਆਂ ਦੇ ਮਾਂ ਪਿਓ ਤੋਂ, ਇਨ੍ਹਾਂ ਅਨੀਮੀਆ ਵਾਲੀਆਂ ਔਰਤਾਂ ਅਤੇ ਇਨਾਂ ਦੇ ਪਰਿਵਾਰਾਂ ਤੋਂ, ਘਰ ਘਰ ਜਾ ਕੇ ਵੋਟ ਮੰਗਦੇ ਹਨ। ਕੀ ਇਨ੍ਹਾਂ ਨੂੰ ਸੰਸਦ ਵਿੱਚ ਸ਼ਰਮਸਾਰ ਨਹੀਂ ਹੋਣਾ ਚਾਹੀਦਾ? ਕੀ ਇਹ ਮਤਾ ਨਹੀਂ ਪਾਉਣਾ ਚਾਹੁੰਦੇ ਕਿ ਦੇਸ਼ ਦੀ ਇਹ ਹਾਲਤ ਬਰਦਾਸ਼ਤ ਤੋਂ ਬਾਹਰ ਹੈ।

ਸੱਚੀ-ਮੁੱਚੀ ਕੁਪੋਸ਼ਣ ਦਾ ਹੋਣਾ, ਮੈਡੀਕਲ ਵਿਗਿਆਨ ਦੇ ਵਿਦਿਆਰਥੀ ਹੋਣ ਦੇ ਨਾਤੇ, ਬਰਦਾਸ਼ਤ ਤੋਂ ਬਾਹਰ ਹੈ, ਕਿਉਂਕਿ ਕੁਪੋਸ਼ਣ ਕਿਉਂ ਹੁੰਦਾ ਹੈ, ਸਾਡੇ ਕੋਲ ਇਸਦੀ ਜਾਣਕਾਰੀ ਹੈ ਤੇ ਕਿਵੇਂ ਠੀਕ ਹੋ ਸਕਦਾ ਹੈ, ਇਸਦੀ ਸਮਰੱਥਾ ਵੀ ਹੈ। ਦੇਸ਼ ਦੀ ਆਜਾਦੀ ਤੋਂ ਬਾਅਦ ਸੰਨ 1975 ਵਿੱਚ ਪੂਰੇ ਦੇਸ਼ ਵਿੱਚ ਆਂਗਣਵਾੜੀ ਪ੍ਰੋਗਰਾਮ ਸ਼ੁਰੂ ਹੋਇਆ, ਜਿਸਦਾ ਮੁੱਖ ਮਕਸਦ ਕੁਪੋਸ਼ਣ ਉੱਤੇ ਮਾਰ ਕਰਨਾ ਸੀ। ਇਸ ਤੋਂ ਬਾਅਦ, ਸਾਲ ਦਰ ਸਾਲ, ਪੰਜ ਸਾਲਾ ਯੋਜਨਾਵਾਂ ਤਹਿਤ ਮਿਡ ਡੇ ਮੀਲ, ਗਰਭਵਤੀ ਮਾਵਾਂ ਲਈ ਆਯਰਨ ਦੀਆਂ ਸੌ ਗੋਲੀਆਂ ਦਾ ਕੋਰਸ, ਕਿਸ਼ੋਰੀ ਸ਼ਕਤੀ, ਜਨਨੀ ਸੁਰੱਖਿਆ ਅਤੇ ਗਰਭ ਦੌਰਾਨ, ਸਿਰਫ ਖੁਰਾਕ ਲਈ ਛੇ ਹਜ਼ਾਰ ਰੁਪਏ ਦੀ ਯੋਜਨਾ। ਅਸੀਂ ਕਰੋੜਾਂ ਨਹੀਂ, ਅਰਬਾਂ ਰੁਪਏ ਇਨਾਂ ਯੋਜਨਾਵਾਂ ਤੇ ਲਗਾ ਚੁੱਕੇ ਹਨ। ਖੁਰਾਕ ਦਾ ਪਬਲਿਕ ਵੰਡ ਪ੍ਰਣਾਲੀ (ਡਿਪੂ) ਅਤੇ ਖੁਰਾਕ ਸੁਰੱਖਿਆ ਕਾਨੂੰਨ ਰਾਹੀਂ ਸਸਤਾ ਅਨਾਜ। ਪਰ ਸਵਾਲ ਫਿਰ ਉਹੀ ਹੈ ਕਿ ਦੇਸ਼ ਵਿੱਚ ਅਨਾਜ ਪੈਦਾਵਾਰੀ ਰਿਕਾਰਡ ਤੋੜ ਰਹੀ ਹੋਵੇ, ਸਾਲ ਦਰ ਸਾਲ ਨਵੇਂ ਤੋਂ ਨਵੇਂ ਪ੍ਰੋਗਰਾਮ ਬਣ ਰਹੇ ਹੋਣ ਤੇ ਸਥਿਤੀ ਹੂਬਹੂ ਬਣੀ ਰਹੇ। ਕੁਪੋਸ਼ਣ ਦੇ ਆਂਕੜੇ ਵੀ ਬਿਲਕੁਲ ਤਾਜ਼ਾ ਰਿਪੋਰਟਾਂ ਉੱਤੇ ਆਧਾਰਿਤ ਹਨ।

ਦੇਸ਼ ਤਰੱਕੀ ਕਰ ਰਿਹਾ ਹੈ। ਵਿਕਾਸ ਹੋ ਰਿਹਾ ਹੈ। ਸਾਲ 1991 ਤੋਂ ਹੁਣ ਤਕ ਦੇਸ਼ ਦੀ ਜੀ.ਡੀ.ਪੀ. ਵਿੱਚ 50 ਫੀਸਦੀ ਦਾ ਵਾਧਾ ਹੋਇਆ ਹੈ। ਅਸੀਂ ਔਸਤਨ ਆਮਦਨ ਦਰ ਦੇ ਹਿਸਾਬ ਨਾਲ ਹੁਣ ਗਰੀਬ ਦੇਸ਼ ਨਹੀਂ ਰਹੇ। ਇਸੇ ਦਾ ਨਤੀਜਾ ਹੈ ਕਿ ਅਸੀਂ ਪੁਲਾੜ ਵਿੱਚ ਵੀ ਦਿਲ ਖੋਲ੍ਹ ਕੇ ਖਰਚ ਰਹੇ ਹਾਂ ਅਤੇ ਦੇਸ਼ ਦੀ ਸੁਰੱਖਿਆ ਲਈ ਵੀ। ਪਰ ਗੱਲ ਫਿਰ ਉੱਥੇ ਆਉਂਦੀ ਹੈ ਕਿ ਕਿਤੇ ਯੋਜਨਾਵਾਂ ਦੀ ਰੂਪ ਰੇਖਾ ਬਣਨ ਵੇਲੇ, ਜਾਂ ਉਸ ਤੋਂ ਵੱਧ, ਉਸ ਨੂੰ ਜਮੀਨੀ ਪੱਧਰ ਉੱਤੇ ਪਹੁੰਚਾਉਣ ਵੇਲੇ, ਦੇਸ਼ ਦੀ ਥਲੜੀ ਤਕਰੀਬਨ 70 ਫੀਸਦੀ ਆਬਾਦੀ ਬੇਮਤਲਬ ਹੋ ਜਾਂਦੀ ਹੈ। ਦੇਸ਼ ਦੀ ਇੱਕ ਹੋਰ ਸਥਿਤੀ ਇਸ ਸੱਚ ਨੂੰ ਬਿਆਨ ਕਰਦੀ ਹੈ ਕਿ ਦੇਸ਼ ਵਿੱਚ ਅਮੀਰੀ ਗਰੀਬੀ ਦੇ ਪਾੜੇ ਮੁਤਾਬਿਕ, ਅਸੀਂ ਉਸ ਸੂਚੀ ਵਿੱਚ, ਥੱਲੇ ਤੋਂ ਤੀਸਰੇ ਥਾਂ 'ਤੇ ਹਾਂ। ਇਸ ਅਸਮਾਨਤਾ ਸੂਚਕ ਅੰਕ ਵਿੱਚ ਭਾਰਤ ਤੋਂ ਸਿਰਫ਼ ਪਾਕਿਸਤਾਨ ਅਤੇ ਅਫਗਾਨਿਸਤਾਨ ਹੀ ਥੱਲੇ ਹਨ।

ਇਸ ਰਿਪੋਰਟ 'ਤੇ ਵੀ ਕਿੰਤੂ ਹੋ ਸਕਦਾ ਹੈ, ਪਰ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ 39 ਪ੍ਰਤੀ ਹਜ਼ਾਰ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਕਿ ਇਸ ਉਮਰ ਵਿੱਚ ਹੋਣ ਵਾਲੀਆਂ ਮੌਤਾਂ ਦੇ ਸਾਰੇ ਕਾਰਨ, ਬਚਾਅ ਦੇ ਘੇਰੇ ਵਿੱਚ ਆਉਂਦੇ ਹਨ। ਇਨ੍ਹਾਂ ਵਿੱਚ ਅੱਧੀਆਂ ਮੌਤਾਂ ਪਿੱਛੇ ਕਾਰਨ ਕੁਪੋਸ਼ਣ ਹੈ ਤੇ ਦੂਸਰਾ ਅਸੀਂ ਟੀਕਾਕਰਨ ਨੂੰ 100 ਫੀਸਦੀ ਕਰਕੇ ਵੀ ਕਾਫੀ ਬੱਚੇ ਹੋਰ ਬਚਾ ਸਕਦੇ ਹਾਂ। ਕੀ ਇਹ ਦੋ ਮੁੱਖ ਤਰੀਕੇ, ਲੋੜੀਂਦੀ ਖੁਰਾਕ ਅਤੇ ਟੀਕਾਕਰਨ ਦੀ ਸਭ ਤਕ ਪਹੁੰਚ, ਸਾਡੀ ਸਮਰੱਥਾ ਤੋਂ ਬਾਹਰ ਹਨ ? ਸਵਾਲ ਹੈ ਕਿ ਜੇਕਰ ਨੀਅਤ ਦੀ ਦਿਸ਼ਾ ਹੋਰ ਹੋਵੇਗੀ ਤਾਂ ਨੀਤੀਆਂ ਬਣਾਉਣ ਅਤੇ ਜਮੀਨ ਤਕ ਪਹੁੰਚਾਉਣ ਵੇਲੇ ਝੋਲ ਤਾਂ ਪਵੇਗਾ ਹੀ।

**-ਡਾ. ਸ਼ਿਆਮ ਸੁੰਦਰ ਦੀਪਤੀ**

## ਪੰਜਾਬੀਆਂ ਵਿਚ ਪੱਛਮੀ ਦੇਸ਼ਾਂ 'ਚ ਵਸਣ ਅਤੇ ਯਾਤਰਾ ਕਰਨ ਦੀ ਜਬਰਦਸਤ ਇੱਛਾ

ਪੰਜਾਬੀਆਂ ਵਿੱਚ ਪੱਛਮੀ ਦੇਸ਼ਾਂ ਵਿੱਚ ਵਸਣ ਅਤੇ ਯਾਤਰਾ ਕਰਨ ਦੀ ਜਬਰਦਸਤ ਇੱਛਾ ਪਾਈ ਜਾਂਦੀ ਹੈ। ਹਰ ਕੋਈ ਚਾਹੁੰਦਾ ਹੈ ਕਿ ਜ਼ਿੰਦਗੀ ਵਿੱਚ ਇੱਕ ਅੱਧੀ ਵਾਰ ਤਾਂ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਆਦਿ ਦੀ ਯਾਤਰਾ ਕਰਨ ਦਾ ਮੌਕਾ ਮਿਲ ਜਾਵੇ। ਅੱਜਕਲ੍ਹ ਸਾਰੇ ਰੌਲਾ ਪਾਈ ਜਾਂਦੇ ਹਨ ਕਿ ਪੰਜਾਬ ਦੀ ਜਵਾਨੀ ਆਸਟਰੇਲੀਆ, ਕੈਨੇਡਾ ਵੱਲ ਪਲਾਇਨ ਰਹੀ ਹੈ, ਪਰ ਨੌਜਵਾਨ ਇੱਥੇ ਕਰਨ ਵੀ ਕੀ ? ਜੇ ਕਰ ਪਲੱਸ ਟੂ ਕਰਨ ਤੋਂ ਬਾਅਦ ਬੰਦੇ ਦਾ ਵਧੀਆ ਕੈਰੀਅਰ ਬਣਦਾ ਹੋਵੇ ਤਾਂ ਔਖੇ ਪ੍ਰੋਫੈਸ਼ਨਲ ਕੋਰਸ ਕਰ ਕੇ ਅੱਖਾਂ ਅੰਨ੍ਹੀਆਂ ਕਰਨ ਦੀ ਕੀ ਜ਼ਰੂਰਤ ਹੈ, ਜਿਹਨਾਂ ਤੋਂ ਬਾਅਦ ਵੀ ਨੌਕਰੀ ਮਿਲਣ ਦੀ ਕੋਈ ਗਰੰਟੀ ਨਹੀਂ ਹੈ। ਇਸ ਤੋਂ ਇਲਾਵਾ ਭਾਰਤ ਅਤੇ ਖਾਸ ਤੌਰ 'ਤੇ ਪੰਜਾਬ ਦੇ ਕੁਦਰਤੀ, ਪ੍ਰਸ਼ਾਸਨਿਕ ਅਤੇ ਰਾਜਨੀਤਕ ਵਾਤਾਵਰਣ ਦੀ ਜੋ ਬੁਰੀ ਹਾਲਤ ਹੋ ਰਹੀ ਹੈ, ਉਹ ਸਭ ਦੇ ਸਾਹਮਣੇ ਹੈ। ਦਰਿਆਵਾਂ ਵਿੱਚ ਪਾਣੀ ਦੀ ਬਜਾਏ ਜ਼ਹਿਰ ਵਹਿ ਰਿਹਾ ਹੈ, ਸਾਹ ਲੈਣ ਲਈ ਸਾਫ ਹਵਾ ਤੱਕ ਨਹੀਂ ਬਚੀ। ਹੁਣ ਵਿਗਿਆਨੀਆਂ ਨੇ ਭਵਿੱਖਬਾਣੀ ਕਰ ਦਿੱਤੀ ਹੈ ਕਿ ਆਉਣ ਵਾਲੇ ਦਸ ਸਾਲਾਂ ਵਿੱਚ ਪੰਜਾਬ ਦਾ ਧਰਤੀ ਹੇਠਲਾ ਪਾਣੀ ਖਤਮ ਹੋ ਜਾਵੇਗਾ। ਛੋਟਾ ਜਿਹਾ ਸਰਕਾਰੀ ਕੰਮ ਕਰਵਾਉਣ ਲਈ ਵੀ ਵੱਡੀ ਤੋਂ ਵੱਡੀ ਸਿਫਾਰਸ਼ ਲੱਭਣੀ ਪੈਂਦੀ ਹੈ। ਇਹਨਾਂ ਕਾਰਨਾਂ ਕਾਰਨ ਹੀ ਹਰੇਕ ਵਿਅਕਤੀ ਵਿਕਸਿਤ ਦੇਸ਼ਾਂ ਵੱਲ ਭੱਜਣ ਦੀ ਤਿਆਰੀ ਵਿੱਚ ਹੈ।

ਕੁਝ ਸਾਲ ਪਹਿਲਾਂ ਮੈਂ ਇੱਕ ਜ਼ਿਲ੍ਹੇ ਵਿੱਚ ਐੱਸ.ਪੀ. ਲੱਗਾ ਹੋਇਆ ਸੀ। ਮੇਰੀ ਵੀ ਕਿਸੇ ਪੱਛਮੀ ਦੇਸ਼ ਦੀ ਯਾਤਰਾ ਕਰਨ ਦੀ ਬਹੁਤ ਚਾਹਤ ਸੀ। ਇਸ ਲਈ ਮੈਨੂੰ ਕਿਸੇ ਦੋਸਤ ਦੇ ਰਿਸ਼ਤੇਦਾਰ ਨੇ ਇੰਗਲੈਂਡ ਤੋਂ ਸਪਾਂਸਰਸ਼ਿਪ ਭੇਜ ਦਿੱਤੀ। ਕਦੇ ਵੀ ਕਿਸੇ ਪੱਛਮੀ ਦੇਸ਼ ਦੇ ਵੀਜ਼ੇ ਲਈ ਅਪਲਾਈ ਕਰਨਾ ਹੋਵੇ ਤਾਂ ਸਪਾਂਸਰਸ਼ਿੱਪ ਕਿਸੇ ਅਜਿਹੇ ਵਿਅਕਤੀ ਤੋਂ ਮੰਗਾਉਣੀ ਚਾਹੀਦੀ ਹੈ, ਜਿਸਦਾ ਉੱਥੇ ਰਿਕਾਰਡ ਸਾਫ ਹੋਵੇ ਤੇ ਸਰਕਾਰ ਨੂੰ ਕਾਫੀ ਟੈਕਸ ਭਰਦਾ ਹੋਵੇ।ਜਦੋਂ ਕਿ ਮੈਨੂੰ ਸਪਾਂਸਰਸ਼ਿੱਪ ਭੇਜਣ ਵਾਲਾ ਹਮਾਤੜ ਵਿਚਾਰਾ ਕਿਸੇ ਆਈਸ ਕਰੀਮ ਫੈਕਟਰੀ ਵਿੱਚ ਮਜ਼ਦੂਰੀ ਕਰਦਾ ਸੀ। ਮੇਰਾ ਵੀਜ਼ਾ ਕਿੱਥੋਂ ਲੱਗਣਾ ਸੀ ? ਦਸਾਂ ਪੰਦਰਾਂ ਦਿਨਾਂ ਬਾਅਦ ਸਾਰੇ ਟੱਬਰ ਦੇ ਪਾਸਪੋਰਟ ਖੋਟੀ ਚਵਾਨੀ ਵਾਂਗ ਘਰ ਪਹੁੰਚ ਗਏ। ਵੀਜ਼ੇ ਦਾ ਸਿਸਟਮ ਅਜਿਹਾ ਹੈ ਕਿ ਰਿਜੈਕਟ ਹੋਣ 'ਤੇ ਇਸਦੇ ਖਿਲਾਫ ਕਿਤੇ ਦਾਦ ਫਰਿਆਦ ਨਹੀਂ ਕੀਤੀ ਜਾ ਸਕਦੀ। ਵੀਜ਼ਾ ਲਗਾਉਣਾ ਜਾਂ ਨਾ ਲਗਾਉਣਾ ਸਿਰਫ ਤੇ ਸਿਰਫ ਵੀਜ਼ਾ ਅਫਸਰ ਦੀ ਮਰਜ਼ੀ 'ਤੇ ਨਿਰਭਰ ਕਰਦਾ ਹੈ। ਜੇ ਉਸ ਦਾ ਮੂਡ ਠੀਕ ਹੈ ਤਾਂ ਲੱਗ ਗਿਆ, ਨਹੀਂ ਰਿਜੈਕਟ। ਮੇਰਾ ਮਨ ਬਹੁਤ ਖਰਾਬ ਹੋਇਆ ਕਿ ਸਾਰੀਆਂ ਫਾਰਮੈਲਟੀਆਂ ਪੂਰੀਆਂ ਕਰਨ ਤੋਂ ਬਾਅਦ ਵੀ ਗੱਲ ਨਹੀਂ ਬਣੀ, ਬੱਚੇ ਵੱਖ ਢਿੱਲਾ ਜਿਹਾ ਮੂੰਹ ਬਣਾਈ ਫਿਰਨ।

ਇਸ ਗੱਲ ਤੋਂ ਕੁਝ ਮਹੀਨੇ ਪਹਿਲਾਂ ਲੰਡਨ ਵਿੱਚ ਇੱਕ ਪੰਜਾਬੀ ਪਰਿਵਾਰ ਵਿੱਚ ਇੱਕ ਕਤਲ ਹੋ ਗਿਆ ਸੀ। ਇੰਡੀਆ ਤੋਂ ਗਈ ਸੱਸ ਨੂੰ ਨੂੰਹ ਨੇ ਹੀ ਕਤਲ ਕਰ ਦਿੱਤਾ ਸੀ। ਉਹ ਪਰਿਵਾਰ ਮੇਰੀ ਨੌਕਰੀ ਵਾਲੇ ਜ਼ਿਲ੍ਹੇ ਨਾਲ ਹੀ ਸਬੰਧਿਤ ਸੀ। ਇਸ ਲਈ ਸਕਾਟਲੈਂਡ ਯਾਰਡ ਪੁਲਿਸ ਦੀ ਇੱਕ ਟੁਕੜੀ ਉਸ ਸਬੰਧੀ ਕੋਈ ਤਫਤੀਸ਼ ਕਰਨ ਲਈ ਮੇਰਾ ਕੇਸ ਰਿਜੈਕਟ ਹੋਣ ਤੋਂ 5-6 ਦਿਨ ਬਾਅਦ ਸਾਡੇ ਜ਼ਿਲ੍ਹੇ ਵਿੱਚ ਆ ਗਈ। ਐੱਸ.ਐੱਸ.ਪੀ. ਨੇ ਉਸ ਟੀਮ ਦਾ ਆਪਣੇ ਦਫਤਰ ਬਿਠਾ ਕੇ ਵਧੀਆ ਆਦਰ ਸਨਮਾਨ ਕੀਤਾ। ਭਾਰਤ ਸਰਕਾਰ ਦੇ ਆਗਿਆ ਪੱਤਰ ਅਤੇ ਡੀ.ਜੀ.ਪੀ. ਪੰਜਾਬ ਦੇ ਹੁਕਮ ਵੇਖ ਕੇ ਉਸ ਨੇ ਮੈਨੂੰ ਕਿਹਾ ਕਿ ਤੁਸੀਂ ਸਾਰਾ ਸਮਾਂ ਇਸ ਟੀਮ ਦੇ ਨਾਲ ਰਹੋ ਤੇ ਤਫਤੀਸ਼ ਵਿੱਚ ਮੁਕੰਮਲ ਸਹਿਯੋਗ ਦਿਉ। ਮੈਨੂੰ ਆਪਣਾ ਵੀਜ਼ਾ ਰਿਜੈਕਟ ਹੋਣ ਦੀ ਖਿਝ ਚੜ੍ਹੀ ਹੋਈ ਸੀ। ਹਾਲਾਂਕਿ ਪੁਲਿਸ ਟੀਮ ਦਾ ਵੀਜ਼ੇ ਨਾਲ ਕੋਈ ਸਬੰਧ ਨਹੀਂ ਸੀ, ਪਰ ਮੈਨੂੰ ਸਾਰੇ ਅੰਗਰੇਜ਼ ਇੱਕੋ ਜਿਹੇ ਲੱਗ ਰਹੇ ਸਨ। ਕਾਰਨ ਦੱਸ ਕੇ ਮੈਂ ਐੱਸ.ਐੱਸ. ਪੀ. ਨੂੰ ਕਿਹਾ ਕਿ ਮੈਂ ਇਹਨਾਂ ਨਾਲ ਨਹੀਂ ਜਾਣਾ, ਐਵੇਂ ਮੇਰੇ ਮੂੰਹੋਂ ਕੋਈ ਘੱਟ ਵੱਧ ਗੱਲ ਨਿਕਲ ਜਾਵੇਗੀ। ਐੱਸ. ਐੱਸ.ਪੀ. ਸਿਆਣਾ ਸੀ, ਉਸ ਨੇ ਸੋਚਿਆ ਕਾਹਨੂੰ ਐਵੈਂ ਇੰਟਰਨੈਸ਼ਨਲ ਪੰਗਾ ਪਾਉਣਾ ਹੈ। ਉਸ ਨੇ ਇਲਾਕੇ ਦੇ ਡੀ.ਐੱਸ.ਪੀ. ਦੀ ਡਿਊਟੀ ਲਗਾ ਦਿੱਤੀ।

ਉਸ ਡੀ.ਐੱਸ.ਪੀ. ਨੇ ਪੂਰੀ ਤਨਦੇਹੀ ਨਾਲ 8-10 ਦਿਨ ਨਾਲੇ ਅੰਗਰੇਜ਼ਾਂ ਦੀ ਪੰਜਾਬੀ ਖਾਣਿਆਂ ਤੇ ਪੈੱਗ ਪਿਆਲੇ ਨਾਲ ਸੇਵਾ ਕੀਤੀ ਤੇ ਨਾਲੇ ਤਫਤੀਸ਼ ਮੁਕੰਮਲ ਕਰਵਾਈ। ਜਾਣ ਲੱਗੇ ਉਹ ਡੀ.ਐੱਸ.ਪੀ. ਅਤੇ ਐੱਸ.ਐੱਸ.ਪੀ. ਦਾ ਖਾਸ ਧੰਨਵਾਦ ਕਰ ਕੇ ਗਏ। ਕੁਝ ਦਿਨਾਂ ਬਾਅਦ ਹੀ ਡੀ.ਐੱਸ.ਪੀ. ਨੂੰ ਲੰਡਨ ਤੋਂ ਫੋਨ ਆਇਆ ਕਿ ਜੇ ਉਹ ਇੰਗਲੈਂਡ ਦੀ ਸੈਰ ਕਰਨਾ ਚਾਹੁੰਦਾ ਹੈ ਤਾਂ ਉਸ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਡੀ.ਐੱਸ.ਪੀ. ਵਿਚਾਰਾ ਮੇਰੇ ਵਾਂਗ ਕਦੇ ਦਿੱਲੀ ਤੋਂ ਅੱਗੇ ਨਹੀਂ ਸੀ ਗਿਆ, ਉਸ ਨੇ ਫੌਰਨ ਹਾਮੀ ਭਰ ਦਿੱਤੀ। ਕੁਝ ਦਿਨਾਂ ਦੁਬਾਰਾ ਬਾਅਦ ਫੋਨ ਆਇਆ ਕਿ ਫਲਾਣੀ ਤਾਰੀਖ ਨੂੰ ਆਪਣਾ ਪਾਸਪੋਰਟ ਬ੍ਰਿਟਿਸ਼ ਅੰਬੈਸੀ ਵਿੱਚ ਜਮ੍ਹਾਂ ਕਰਵਾ ਦਿਉ। ਕੁਝ ਦਿਨਾਂ ਬਾਅਦ ਹੀ ਤਿੰਨ ਮਹੀਨੇ ਦਾ ਵੀਜ਼ਾ ਲੱਗ ਕੇ ਪਾਸਪੋਰਟ ਉਸ ਦੇ ਘਰ ਪਹੁੰਚ ਗਿਆ। ਸਾਨੂੰ ਉਸ ਦਿਨ ਪਤਾ ਲੱਗਿਆ ਜਿਸ ਦਿਨ ਉਹ ਪੈਂਟ, ਕੋਟ, ਟਾਈ ਲਗਾ ਕੇ ਦਿੱਲੀ ਜਾਣ ਲਈ ਵਿਦਾਈ ਲੈਣ ਆਇਆ। ਲੰਡਨ ਵਿੱਚ ਉਸ ਦੇ ਦਸ ਦਿਨ ਫਾਈਵ ਸਟਾਰ ਹੋਟਲ ਵਿੱਚ ਰਹਿਣ ਅਤੇ ਘੁੰਮਣ ਫਿਰਨ ਦਾ ਪ੍ਰਬੰਧ ਵੀ ਸਕਾਟਲੈਂਡ ਯਾਰਡ ਨੇ ਕੀਤਾ। ਇੰਗਲੈਂਡ ਦਾ ਵੀਜ਼ਾ ਇੰਨਾ ਕੀਮਤੀ ਮੰਨਿਆ ਜਾਂਦਾ ਹੈ ਕਿ ਇਸ ਤੋਂ ਬਾਅਦ ਕੈਨੇਡਾ ਅਤੇ ਅਮਰੀਕਾ ਦਾ ਵੀਜ਼ਾ ਆਮ ਤੌਰ 'ਤੇ ਲੱਗ ਹੀ ਜਾਂਦਾ ਹੈ। ਉਹ ਵਿਅਕਤੀ ਆਪਣੀ ਸਿਆਣਪ ਅਤੇ ਹਲੀਮੀ ਨਾਲ ਮੁਫਤ ਵਿੱਚ ਇੰਗਲੈਂਡ ਘੁੰਮ ਆਇਆ ਤੇ ਮੈਂ ਆਪਣੀ ਅੜਬੰਗਤਾ ਕਾਰਨ ਰੱਬ ਵੱਲੋਂ ਬਖਸ਼ਿਆ ਸੁਨਹਿਰੀ ਮੌਕਾ ਹੱਥੋਂ ਗਵਾ ਬੈਠਾ, ਜਿਸਦਾ ਮੈਨੂੰ ਅੱਜ ਵੀ ਅਫਸੋਸ ਹੈ।

**-ਬਲਰਾਜ ਸਿੰਘ ਸਿੱਧੂ ਐੱਸ.ਪੀ**

## ਭਾਰਤ ਦੇ ਮੰਦਰਾਂ ਵਿਚ 22000 ਟਨ ਤੋਂ ਵੀ ਵੱਧ ਸੋਨਾ

ਪ੍ਰਾਚੀਨ ਸਭਿਅਤਾ ਦੇ ਦੇਸ਼ ਭਾਰਤ ਨੂੰ ਵਹਿਮਾਂ ਭਰਮਾਂ ਨਾਲ ਲੈਸ ਕਿਹਾ ਜਾਂਦਾ ਹੈ ਜਿੱਥੇ ਗੁਰੂਆਂ ਪੀਰਾਂ ਦੇ ਉਪਦੇਸ਼ਾਂ ਦੇ ਹੁੰਦੇ ਹੋਏ ਵੀ ਅੰਧ ਵਿਸ਼ਵਾਸ ਚਰਮਸੀਮਾ ਉੱਤੇ ਰਿਹਾ ਹੈ। ਅੱਜਕਲ ਇਥੇ ਅਪਰਾਧੀ ਪਿਛੋਕੜ ਵਾਲੇ, ਸਾਧੂ ਸੰਤ, ਗਾਇਕ ਅਤੇ ਐਕਟਰ ਆਪਣੀ ਲੋਕ ਸਭਾ ਵਿੱਚ ਭੇਜਣ ਲੱਗ ਪਏ ਹਨ, ਜਿਨ੍ਹਾਂ ਦਾ ਰਾਜਨੀਤੀ ਨਾਲ ਦੂਰ ਦਾ ਵੀ ਵਾਹ ਵਾਸਤਾ ਨਹੀਂ।ਇਸੇ ਗਿਣਤੀ ਨੇ ਲੋਕਤੰਤਰ ਨੂੰ ਭੀੜਤੰਤਰ ਬਣਾ ਕੇ ਰੱਖ ਦਿੱਤਾ ਹੈ। ਦੁਨੀਆਂ ਦੇ ਲੋਕ ਸਾਇੰਸ ਦੀ ਬਦੌਲਤ ਅੱਗੇ ਵਧ ਰਹੇ ਹਨ ਪਰ ਇਥੇ ਮੰਦਰ ਮਸਜਿਦ ਦੀ ਰਾਜਨੀਤੀ ਹੋ ਰਹੀ ਹੈ। ਮੂਰਤੀ ਪੂਜਾ ਅਤੇ ਪਾਖੰਡ ਹਨ, ਮਨੁੱਖ ਦਾ ਕੀ ਹੈ, ਉਹ ਤਾਂ ਜੰਮਦਾ ਮਰਦਾ ਹੀ ਰਹਿੰਦਾ ਹੈ। ਦੇਸ਼ ਦੇ ਖਜ਼ਾਨੇ ਵਿੱਚ ਕੁਝ ਬਚੇ ਜਾਂ ਨਾ ਪਰ ਮੰਦਰ ਧਨ ਦੌਲਤ ਅਤੇ ਸੋਨੇ ਨਾਲ ਸਰਸ਼ਾਰ ਹੋਣੇ ਚਾਹੀਦੇ ਹਨ।

ਮੋਹ ਮਾਇਆ ਅਤੇ ਮਮਤਾ ਇਨਸਾਨ ਲਈ ਚੰਗੀ ਨਹੀਂ ਹੁੰਦੀ - ਇਹ ਸਭ ਧਾਰਮਿਕ ਨੇਤਾ ਕਹਿੰਦੇ ਹਨ ਪਰ ਧਾਰਮਿਕ ਅਸਥਾਨਾਂ ਉੱਤੇ ਧਨ ਦੌਲਤ ਅਤੇ ਸੋਨੇ ਦੇ ਅੰਬਾਰ ਇਕੱਠੇ ਕਰਨਾ ਵੀ ਤਾਂ ਕੋਈ ਮਨੁੱਖੀ ਉਪਲਬਧੀ ਨਹੀਂ ਹੈ। ਭਾਰਤ ਵਿੱਚ ਅਜਿਹੇ ਧਾਰਮਿਕ ਅਸਥਾਨਾਂ ਦਾ ਬੋਲਬਾਲਾ ਹੈ, ਜਿੱਥੇ ਸੋਨੇ ਦੇ ਅਣਗਿਣਤ ਭੰਡਾਰ ਹਉਮੈ ਦੀ ਤਸੱਲੀ ਲਈ ਅਨਉਤਪਾਦਿਕ ਅਵਸਥਾ ਵਿੱਚ ਪਏ ਹੋਏ ਹਨ। 24 ਮਾਰਚ 2016 ਨੂੰ ਵਿਸ਼ਵ ਗੋਲਡਨ ਸੰਸਥਾ ਨੇ ਅੰਦਾਜ਼ਾ ਲਗਾਇਆ ਸੀ ਕਿ ਭਾਰਤ ਦੇ ਮੰਦਰਾਂ ਵਿੱਚ 22000 ਟਨ ਤੋਂ ਵੀ ਵੱਧ ਸੋਨੇ ਦੇ ਭੰਡਾਰ ਹਨ। ਇਹ ਸਾਡੀ ਫੋਕੀ ਆਸਥਾ ਅਤੇ ਸ਼ੌਹਰਤ ਦੀ ਤਸੱਲੀ ਹੀ ਹੈ, ਵਰਨਾ ਜੇ ਇਹੀ ਸੋਨਾ ਦੇਸ਼ ਦੇ ਖਜ਼ਾਨੇ ਵਿੱਚ ਹੁੰਦਾ ਤਾਂ ਦੇਸ਼ ਦੀ ਅਰਥ ਵਿਵਸਥਾ ਮਜ਼ਬੂਤ ਹੁੰਦੀ। ਡਾਲਰ ਦੇ ਮੁਕਾਬਲੇ ਰੁਪਏ ਦੀ ਕਦਰ ਵਧਦੀ। ਗਰੀਬੀ ਅਤੇ ਬੇਰੁਜ਼ਗਾਰੀ ਖਤਮ ਹੁੰਦੀ। ਜਿਹੜੀ ਨੌਜਵਾਨੀ ਅੱਜ ਵਿਦੇਸ਼ਾਂ ਵਿੱਚ ਧੱਕੇ ਖਾਣ ਨੂੰ ਮਜਬੂਰ ਹੈ, ਉਸ ਨੂੰ ਇੱਥੇ ਹੀ ਰੁਜ਼ਗਾਰ ਮਿਲਦਾ।

ਸੋਨੇ ਦੇ ਭੰਡਾਰਾਂ ਵਾਲੇ ਉਂਜ ਤਾਂ ਇੱਥੇ ਬਹੁਤ ਹੀ ਮੰਦਰ ਹਨ ਪਰ 13 ਮੰਦਰ ਬਹੁਤ ਵੱਡੇ ਹਨ। ਕੁਝ ਮੰਦਰਾਂ ਦਾ ਜ਼ਿਕਰ ਕਰਨਾ ਵਾਜਬ ਲੱਗਦਾ ਹੈ।ਪ੍ਰਮੁੱਖ ਮੰਦਰ ਕੈਰਲਾ ਦਾ ਪਦਮਾਨਾਭਾਸਵਾਮੀ ਮੰਦਰ ਹੈ। ਇਸ ਮੰਦਰ ਵਿੱਚ 100000 ਲੱਖ ਕਰੋੜ ਤੋਂ ਵੀ ਵੱਧ ਸੋਨਾ ਤੇ ਸੋਨੇ ਦੇ ਗਹਿਣਿਆਂ ਦਾ ਭੰਡਾਰ ਦੱਸਿਆ ਜਾਂਦਾ ਹੈ। ਉੱਥੇ 80 ਫੁੱਟ ਉੱਚਾ ਸਾਗਵਾਨ ਦੀ ਲੱਕੜੀ ਦਾ ਥੰਮ੍ਹ ਪੂਰਾ ਸੋਨੇ ਨਾਲ ਢਕਿਆ ਹੋਇਆ ਹੈ ਤੇ 35 ਮੀਟਰ ਉੱਚੇ 7 ਗੁੰਬਦ ਵੀ ਸੋਨੇ ਨਾਲ ਜੜੇ ਹੋਏ ਹਨ। ਉਸ ਮੰਦਰ ਦੇ ਤਹਿਖਾਨੇ ਖੋਹਲਣ ਦੀ ਸ਼ੁਰੂਆਤ ਸੁਪਰੀਮਕੋਰਟ ਦੇ ਅਦੇਸ਼ਾਂ ਨਾਲ ਸ਼ੁਰੂ ਹੋਈ ਸੀ ਜੋ ਬਾਦ ਵਿੱਚ ਰੁਕ ਗਈ। ਏਸੇ ਤਰ੍ਹਾਂ ਤਾਮਿਲ ਨਾਡੂ ਦਾ ਵੈਲੋਰ ਮੰਦਰ ਜਿਹੜਾ 100 ਏਕੜ ਭੂਮੀ ਵਿੱਚ ਫੈਲਿਆ ਹੋਇਆ ਹੈ, ਉੱਥੇ 1500 ਕਿਲੋਗਰਾਮ ਸੋਨਾ ਲੱਗਿਆ ਹੋਇਆ ਦੱਸਿਆ ਜਾਂਦਾ ਹੈ। ਆਂਧਰਾ ਪ੍ਰਦੇਸ਼ ਦਾ ਤ੍ਰਿਪੁਤੀ ਬਾਲਾ ਜੀ ਮੰਦਰ ਤਾਂ ਵਿਸ਼ਵ ਪ੍ਰਸਿੱਧ ਹੈ ਜਿਸਦੀ ਆਮਦਨ 900-1000 ਕਰੋੜ ਦੇ ਇਰਦ ਗਿਰਦ ਦੱਸੀ ਜਾਂਦੀ ਹੈ ਅਤੇ ਉੱਥੇ 14000 ਦੇ ਕਰੀਬ ਮੁਲਾਜ਼ਮ ਸੇਵਾ ਕਰਦੇ ਹਨ। ਨਾਸਿਕ ਸਥਿਤ ਸਿਰੜੀ ਸ਼ਾਈਂ ਬਾਬਾ ਦਾ ਮੰਦਰ ਵੀ ਇਸ ਸਬੰਧ ਵਿੱਚ ਕਾਫੀ ਚਰਚਾ ਵਿੱਚ ਰਿਹਾ ਹੈ। ਕੈਰਲਾ ਦਾ ਮੀਨਾਕਸ਼ੀ ਮੰਦਰ ਮਦੁਰਾਇ ਸਾਬਰੀਮਾਲਾ ਮੰਦਰ ਬੜਾ ਚਰਚਾ ਵਿੱਚ ਰਿਹਾ ਹੈ ਜਿੱਥੇ ਪਹਿਲਾਂ ਔਰਤਾਂ ਨੂੰ ਜਾਣ ਦੀ ਹੀ ਮਨਾਹੀ ਸੀ। ਏਸੇ ਤਰ੍ਹਾਂ ਗੁਜਰਾਤ ਸਥਿਤ ਜਗਨਨਾਥ ਪੁਰੀ ਮੰਦਰ ਜੋ 25711 ਏਕੜ ਭੂਮੀ ਵਿੱਚ ਫੈਲਿਆ ਦੱਸਿਆ ਜਾਂਦਾ ਹੈ ਤੇ 52 ਟਨ ਸੋਨੇ ਨਾਲ ਲਬਰੇਜ਼ ਦੱਸਿਆ ਜਾਂਦਾ ਹੈ ਕਾਫੀ ਮਹੱਤਵਪੂਰਨ ਹੈ। ਪੰਜਾਬ ਦਾ ਦਿਲ ਕਹਾਉਣ ਵਾਲਾ ਅਮ੍ਰਿਤਸਰ ਦਰਬਾਰ ਸਾਹਿਬ ਮਹਾਨ ਤੀਰਥ ਅਸਥਾਨ ਹੈ। ਮਹਾਨ ਸਿੱਖ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਦੁਆਰਾ ਆਪਣੇ ਸ਼ਾਸਨ ਕਾਲ ਦੌਰਾਨ ਇੱਥੇ ਸੋਨੇ ਦੀ ਸੇਵਾ ਕਰਵਾਈ ਸੀ । ਉਂਜ ਇਸ ਸਥਾਨ ਉੱਤੇ ਸੋਨੇ ਦੇ ਕੋਈ ਭੰਡਾਰ ਕਦੇ ਸੁਣਨ ਵਿੱਚ ਨਹੀਂ ਆਏ। ਦੱਖਣ ਭਾਰਤ ਵਿੱਚ ਸਥਿਤ ਮੰਦਰਾਂ ਕੋਲ ਪਏ ਸੋਨੇ ਦੇ ਭੰਡਾਰ ਮਲਕੀਅਤ ਭਾਵੇਂ ਸਬੰਧਿਤ ਮੰਦਰਾਂ ਦੀ ਹੀ ਹਨ, ਜੇ ਉਹ ਸੋਨੇ ਦੇ ਭੰਡਾਰ ਦੇਸ਼ ਦੇ ਖਜ਼ਾਨੇ ਵਿੱਚ ਦੇਸ਼ ਦੇ ਸਰਮਾਏ ਵਜੋਂ ਦਰਸਾ ਕੇ ਅਰਥ ਵਿਵਸਥਾ ਨੂੰ ਹੁਲਾਰਾ ਮਿਲ ਸਕਦਾ ਹੋਵੇ ਤਾਂ ਭਾਰਤ ਦੇ ਸੋਨੇ ਦੀ ਚਿੜੀ ਵਾਲੇ ਖੁਸੇ ਮਾਣ ਦੀ ਮੁੜ ਬਹਾਲੀ ਵੀ ਹੋ ਸਕਦੀ ਹੈ ਤੇ ਦੇਸ਼ ਦੀ ਕਾਇਆ ਕਲਪ ਵੀ ਹੋ ਸਕਦੀ ਹੈ। ਉਂਜ ਵੀ ਤਾਂ ਗੁਰੂ ਪੀਰ ਜਾਂ ਰੱਬ ਖੁਦਾ ਕੁਝ ਵੀ ਹੋਵੇ ਕਦੇ ਰੁਪਏ ਪੈਸੇ ਜਾਂ ਸੋਨੇ ਨਾਲ ਨਹੀਂ ਰੀਝਦਾ ਇਹ ਤਾਂ ਕੇਵਲ ਸਾਡੀ ਸੌੜੀ ਸੋਚ ਅਤੇ ਮਾਨਸਿਕ ਤਸੱਲੀ ਹੀ ਹੁੰਦੀ ਹੈ। ਨਹੀਂ ਤਾਂ ਫਿਰ ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ ਦਾ ਮੁਹਾਵਰਾ ਤਾਂ ਹੈ ਹੀ ਸਭ ਨੂੰ ਸਕੂਨ ਦੇਣ ਲਈ।

**-ਦਰਸ਼ਨ ਸਿੰਘ ਰਿਆੜ**

## ਪੰਜਾਬੀ ਫਿਲਮ 'ਇਸ਼ਕ ਮਾਈ ਰਿਲੀਜ਼ਨ' ਦਾ ਵਿਵਾਦਿਤ ਪੋਸਟਰ

ਅਕਸਰ ਹੀ ਵੇਖਿਆ ਜਾਂਦਾ ਹੈ ਕਿ ਪੰਜਾਬੀ ਸੰਗੀਤ ਅਤੇ ਫ਼ਿਲਮ ਖੇਤਰ ਵਿੱਚ ਸਿੱਖ ਧਰਮ ਦੇ ਧਾਰਮਿਕ ਚਿੰਨ੍ਹਾਂ, ਗੁਰਬਾਣੀ ਦੀਆਂ ਪਵਿੱਤਰ ਪੰਕਤੀਆਂ ਜਾਂ ਫਿਰ ਸਿੱਖੀ ਸਰੂਪ ਵਾਲੇ ਕਿਰਦਾਰਾਂ ਨੂੰ ਲੈ ਕੇ ਭਾਵਨਾਵਾਂ ਨੂੰ ਠੇਸ ਪਹੁੰਚਾਈ ਜਾਂਦੀ ਹੈ। ਬੀਤੇ ਦਿਨੀਂ ਇੱਕ ਐਨ. ਆਰ. ਆਈ. ਫਿਲਮ ਨਿਰਮਾਤਾ ਗੁਰਦੀਪ ਢਿੱਲੋਂ ਵਲੋਂ ਆਪਣੀ 30 ਅਗਸਤ ਨੂੰ ਆ ਰਹੀ ਫਿਲਮ 'ਇਸ਼ਕ ਮਾਈ ਰਿਲੀਜ਼ਨ ' ਦਾ ਪੋਸਟਰ ਰਿਲੀਜ਼ ਕੀਤਾ ਗਿਆ। ਜਿਸ ਵਿੱਚ ਫਿਲਮ ਦਾ ਨਾਇਕ ਬੌਬੀ ਢਿੱਲੋਂ ਤੇ ਨਾਇਕਾ ਸਿਮਰਨ ਸੱਭਰਵਾਲ ਸਿੱਖੀ ਸਰੂਪ ਦੇ ਪਵਿੱਤਰ ਚਿੰਨ੍ਹ 'ਖੰਡੇ' ਦੀ ਅਲੌਕਿਕ ਰੂਹਾਨੀ ਸ਼ਕਤੀ ਦੇ ਚਾਨਣ ਹੇਠ ਇੱਕ ਦੂਜੇ ਨੂੰ ਆਪਣੀਆਂ ਬਾਹਾਂ ਵਿੱਚ ਸਮੇਟੀ ਪਿਆਰ 'ਚ ਭਿੱਜੇ ਖੜ੍ਹੇ ਹਨ। ਇਨ੍ਹਾਂ ਦੇ ਕਦਮਾਂ ਵਿੱਚ ਮੁਸਲਮ ਭਾਈਚਾਰੇ ਦਾ ਧਾਰਮਿਕ ਚਿੰਨ੍ਹ ਵੀ ਵਿਖਾਇਆ ਗਿਆ ਹੈ। ਫਿਲਮ ਦੇ ਰਿਲੀਜ਼ ਹੋਏ ਟਰੇਲਰ 'ਚ ਪਿਆਰ ਦੇ ਬਦਲੇ ਸਿੱਖ ਨਾਇਕ ਨੂੰ ਮੁਸਲਮਾਨ ਮਜ਼ਹਬ ਦੀ ਕੁੜੀ ਨਾਲ ਵਿਆਹ ਕਰਵਾਉਣ ਲਈ ਧਰਮ ਪਰਿਵਰਤਨ ਦਾ ਜੋਰ ਵੀ ਪਾਇਆ ਜਾਂਦਾ ਹੈ। ਅਜਿਹੇ ਪੋਸਟਰ ਅਤੇ ਟਰੇਲਰ ਵਿਖਾ ਕੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਦੋਂ ਤੱਕ ਹੁੰਦਾ ਰਹੇਗਾ, ਇਸ ਬਾਰੇ ਸੋਚਣ ਦੀ ਜਰੂਰਤ ਹੈ। ਦੇਸ਼ ਦੀਆਂ ਵੱਖ ਵੱਖ ਧਾਰਮਿਕ ਜਥੇਬੰਦੀਆਂ ਨੂੰ ਅਜਿਹੀਆਂ ਫ਼ਿਲਮਾਂ ਅਤੇ ਧਾਰਮਿਕ ਪਵਿੱਤਰਾਂ ਦੀ ਤੌਹੀਨ ਕਰਨ ਵਾਲੇ ਪੋਸਟਰਾਂ ਦੀ ਡਟ ਕੇ ਵਿਰੋਧਤਾ ਕਰਨੀ ਚਾਹੀਦੀ ਹੈ।

**-ਜਸਮੀਤ**

# Sir Speedy Tustin

*Printers to the Community*

## Outdoor 3'x11' Promo Flag

**Only $29/-**

Pole & Spike $55/-

## Outdoor 3'x6' Durable Banner

All weather, durable to sunlight, rain and wear & tear. Text only.

**Only $69/-**

## Receipt Books

Customized with your information and design. 2 part carbonless with numbering and perforation.

**Call for Price**

## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**

## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**

## 11" Printed Balloons

ਲੱਖ ਲੱਖ ਵਧਾਈ

Printed with your logo and info. One color, one location. Min. qty 1000

**19¢ each**

## Your Printed T-Shirts

YOUR LOGO OR MESSAGE PRINTED HERE

White T-Shirts, 1 color screen printing in 1 position. Min Qty. 100

**Only $4.99**

## Your Printed Caps

YOUR LOGO HERE

1 color in 1 position. Min Qty. 100

**Only $4.99**

## Trip Envelopes Qty 1000

DAILY TRIP ENVELOPE

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES

*South Asian Wedding Cards*

CALL NOW

## GROOM WANTED

**Beautiful Jatt Sikh young woman, aged 25, slim, 5'9", pursuing a career in dermatology after completion of her 4th year at medical school, seeking a match with a professional US born Jatt Sikh young man. She comes from a close knit family of doctors, dentists and business owners, well established in the US since early 1960's.**

**Contact: balkar76@gmail.com**


## ਭਾਰਤ 'ਚ ਭਗਵੇਂ ਅੱਤਵਾਦੀਆਂ ਦੀ ਦਹਿਸ਼ਤ

ਬਾਅਦ ਮਸੀਤ ਤੋਂ ਪਰਤ ਰਿਹਾ ਸੀ ਤਾਂ ਉਨ੍ਹਾਂ ਵਿੱਚੋਂ ਇੱਕ ਭਗਵੇਂ ਗੁੰਡੇ ਨੇ ਉਸ ਨੂੰ ਥੱਪੜ ਮਾਰ ਦਿੱਤਾ। "ਉਨ੍ਹਾਂ ਮੈਨੂੰ ਭਾਰਤ ਮਾਤਾ ਦੀ ਜੈ ਅਤੇ ਜੈ ਸ਼੍ਰੀ ਰਾਮ ਦਾ ਜਾਪ ਕਰਨ ਨੂੰ ਕਿਹਾ ਤੇ ਜਦੋਂ ਮੈਂ ਇਨਕਾਰ ਕੀਤਾ ਤਾਂ ਉਨ੍ਹਾਂ ਨੇ ਮੈਨੂੰ ਸੂਰ ਦਾ ਮਾਸ ਖਵਾਉਣ ਦੀ ਧਮਕੀ ਦਿੱਤੀ, ਮੈਨੂੰ ਸੋਟੀ ਨਾਲ਼ ਝੰਬਿਆ ਅਤੇ ਮੇਰੀ ਕਮੀਜ ਪਾੜ ਦਿੱਤੀ"।

ਤੀਜੀ ਘਟਨਾ ਬੜੋਦਰਾ ਜ਼ਿਲ੍ਹੇ ਦੀ ਹੈ ਜਿੱਥੇ ਇੱਕ ਦਲਿਤ ਪਤੀ-ਪਤਨੀ ਨਾਲ਼ ਸਿਰਫ਼ ਇਸ ਲਈ ਦੁਰਵਿਹਾਰ ਕੀਤਾ ਗਿਆ ਕਿਉਂਕਿ ਉਨ੍ਹਾਂ ਨੇ ਆਪਣੀ ਫੇਸਬੁੱਕ ਪੋਸਟ ਵਿੱਚ ਲਿਖਿਆ ਕਿ ਸਥਾਨਕ ਅਧਿਕਾਰੀਆਂ ਨੇ ਦਲਿਤਾਂ ਨੂੰ ਆਪਣੇ ਵਿਆਹ ਲਈ ਮੰਦਰਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਸੀ। ਉਹਨਾਂ ਨੇ ਦੱਸਿਆ ਕਿ ਉਸ ਪੋਸਟ ਦੇ ਪਾਉਣ ਦੇ ਦੂਜੇ ਦਿਨ ਹੀ ਉੱਚ ਜਾਤੀ ਦੀ ਭਗਵੀਂ ਭੀੜ ਵੱਲੋਂ ਹਮਲਾ ਕੀਤਾ ਗਿਆ। ਭੀੜ ਨੇ ਉਨ੍ਹਾਂ ਦੇ ਘਰ 'ਤੇ ਪੱਥਰਬਾਜ਼ੀ ਕੀਤੀ, ਭੰਨ-ਫੋੜ ਕੀਤੀ, ਬੰਦੇ ਨੂੰ ਸੋਟੀ ਅਤੇ ਪਾਈਪ ਨਾਲ਼ ਝੰਬਿਆ ਅਤੇ ਉਸ ਦੀ ਪਤਨੀ ਨੂੰ ਵੀ ਥੱਪੜ ਮਾਰੇ।

ਚੌਥੀ ਘਟਨਾ ਸਿਓਨੀ ਜ਼ਿਲ੍ਹੇ ਦੀ ਹੈ ਜਿੱਥੇ ਪੰਜ ਗਊ ਰਾਖਿਆਂ ਦੇ ਇੱਕ ਸਮੂਹ ਨੇ ਗਾਂ ਮਾਸ ਲਿਜਾਣ ਦੇ ਸ਼ੱਕ ਵਿੱਚ ਤਿੰਨ ਮੁਸਲਮਾਨਾਂ (ਦੋ ਪੁਰਸ਼ ਤੇ ਇੱਕ ਔਰਤ) ਉੱਤੇ ਹਮਲਾ ਕੀਤਾ। ਇਸ ਘਟਨਾ ਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਸਾਂਝਾ ਕੀਤਾ ਗਿਆ ਜਿਸ ਵਿੱਚ ਹਮਲਾਵਰ ਪੀੜਤਾਂ ਨੂੰ ਦਰਖ਼ਤ ਨਾਲ ਬੰਨ੍ਹ ਕੇ ਬੇਰਹਿਮੀ ਨਾਲ਼ ਕੁਟਾਪਾ ਚਾੜ੍ਹਦੇ ਹਨ ਅਤੇ ਜੈ ਸ਼੍ਰੀ ਰਾਮ ਕਹਿੰਦੇ ਹੋਏ ਔਰਤ ਨੂੰ ਚੱਪਲਾਂ ਨਾਲ਼ ਮਾਰ ਰਹੇ ਹਨ। ਪੁਲਿਸ ਨੇ ਜਿਸ ਬੰਦੇ ਨੂੰ ਗ੍ਰਿਫਤਾਰ ਕੀਤਾ ਹੈ ਉਹ ਰਾਮਸੈਨਾ ਦਾ ਮੈਂਬਰ ਹੈ।

ਹੁਣੇ ਤਾਜਾ-ਤਾਜਾ ਘਟਨਾ ਤਬਰੇਜ ਅੰਸਾਰੀ ਦੀ ਹੈ ਜਿਸ ਵਿੱਚ ਅੰਸਾਰੀ ਨੂੰ ਇੱਕ ਦਰਖ਼ਤ ਨਾਲ਼ ਬੰਨ੍ਹ ਕੇ 7 ਘੰਟੇ ਤੱਕ ਲਗਾਤਾਰ ਕੁੱਟਿਆ ਗਿਆ ਅਤੇ ਜੈ ਸ਼੍ਰੀ ਰਾਮ ਜੈ ਹਨੂੰਮਾਨ ਬੁਲਵਾਇਆ ਗਿਆ। ਉਸ ਨੂੰ ਤਦ ਤੱਕ ਕੁੱਟਿਆ ਗਿਆ ਜਦੋਂ ਤੱਕ ਕਿ ਉਸ ਦੀ ਜਾਨ ਨਹੀਂ ਚਲੀ ਗਈ।

ਦਿੱਲੀ ਵਿੱਚ ਪੈਦਲ ਜਾ ਰਹੇ ਇੱਕ ਬੰਦੇ ਨਾਲ਼ ਕਿਸੇ ਦੀ ਕਾਰ ਲੱਗ ਗਈ। ਕਾਰ ਵਾਲ਼ੇ ਨੇ ਉਸ ਨੂੰ ਸੱਦ ਕੇ ਪੁੱਛਿਆ ਕਿ ਕੁੱਝ ਹੋਇਆ ਤਾਂ ਨਹੀਂ ? ਸਭ ਠੀਕ ਹੈ ? ਪਰ ਜਿਵੇਂ ਹੀ ਉਸ ਨੇ ਕਿਹਾ ਕਿ ਅੱਲਾ ਦਾ ਸ਼ੁਕਰ ਹੈ, ਉਸ ਨੂੰ ਮਾਰਨ ਲੱਗੇ ਅਤੇ ਜੈ ਸ਼੍ਰੀ ਰਾਮ ਕਹਿਣ ਦਾ ਦਬਾਅ ਬਣਾਉਣ ਲੱਗੇ। ਉਸ ਨੂੰ ਗਾਲ਼ਾਂ ਕੱਢੀਆਂ ਅਤੇ ਦੁਬਾਰਾ ਕਾਰ ਲਿਆ ਕੇ ਉਸ ਨੂੰ ਟੱਕਰ ਮਾਰ ਦਿੱਤੀ।

ਸੰਘ ਪਰਿਵਾਰ ਵਲੋਂ ਇਕ ਸਾਜ਼ਿਸ਼ ਤਹਿਤ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਲਈ ਹਿੰਦੂ ਭਾਈਚਾਰੇ ਦੇ ਮਨ ਵਿੱਚ ਲਗਾਤਾਰ ਇਹ ਨਫ਼ਰਤ ਫੈਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਮੁਸਲਮਾਨ ਬਹੁਤ ਮਾੜੇ ਹੁੰਦੇ ਹਨ, ਸਾਰੇ ਜੁਰਮ, ਅਪਰਾਧ-ਬਲਾਤਕਾਰ ਵਰਗੀਆਂ ਘਟਨਾਵਾਂ ਵੀ ਮੁਸਲਮਾਨ ਹੀ ਕਰਦੇ ਹਨ। ਜਦੋਂ ਨਫ਼ਰਤ ਭਿਆਨਕ ਰੂਪ ਧਾਰਨ ਕਰ ਲੈਂਦੀ ਹੈ ਤਾਂ ਭੀੜ ਲਈ ਮਾਰਨਾ ਸੌਖਾ ਹੋ ਜਾਂਦਾ ਹੈ।

ਉਂਜ ਤਾਂ ਮੋਦੀ ਸਰਕਾਰ 2014 ਤੋਂ ਪੂਰੇ ਦੇਸ਼ ਵਿੱਚ ਹਿੰਦੁਤਵਵਾਦੀ ਏਜੰਡਾ ਫੈਲਾਉਣ ਲਈ ਲਵ ਜਿਹਾਦ ਤੋਂ ਲੈ ਕੇ ਬੀਫ-ਪਬੰਦੀ, ਗਾਂ ਰੱਖਿਆ ਜਿਹੇ ਮੁੱਦਿਆਂ ਦੇ ਨਾਮ 'ਤੇ ਘੱਟ ਗਿਣਤੀਆਂ, ਦਲਿਤਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਹਿੰਦੂ ਧਰਮ ਦੀ ਰਾਖੀ ਦੇ ਨਾਮ 'ਤੇ ਮੁਸਲਮਾਨ ਅਬਾਦੀ ਨੂੰ ਦੁਸ਼ਮਣ ਐਲਾਨ ਕੇ, ਉਨ੍ਹਾਂ ਨੂੰ ਨਫ਼ਰਤ ਦੇ ਲਾਇਕ ਦੱਸ ਕੇ ਲੋਕਾਂ ਦੀ ਭੀੜ ਇਕੱਠੀ ਕੀਤੀ ਜਾ ਰਹੀ ਹੈ। ਸਾਲ 2017 ਵਿੱਚ ਫ਼ਿਰਕੂ ਹਿੰਸਾ ਦੇ 822 ਮਾਮਲੇ ਸਾਹਮਣੇ ਆਏ ਜਿਨ੍ਹਾਂ ਵਿੱਚ 111 ਲੋਕਾਂ ਦੀ ਮੌਤ ਹੋ ਗਈ ਅਤੇ 2384 ਲੋਕ ਜ਼ਖ਼ਮੀ ਹੋਏ।

ਪਿਛਲੇ ਪੰਜ ਸਾਲਾਂ ਤੋਂ ਇਹਨਾਂ ਬੰਦੇ-ਖਾਣੇ ਅਤੇ ਦੰਗਈਆਂ ਵੱਲੋਂ ਆਦਮਖ਼ੋਰ ਸਮਾਜ ਬਣਾਉਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਕਦੇ ਗਾਂ ਰੱਖਿਆ ਦੇ ਨਾਮ 'ਤੇ ਤਾਂ ਕਦੇ ਜੈ ਸ਼੍ਰੀ ਰਾਮ ਬੁਲਵਾਉਣ ਦੇ ਨਾਮ 'ਤੇ ਮੁਸਲਮਾਨਾਂ ਅਤੇ ਦਲਿਤਾਂ ਨਾਲ਼ ਜੋ ਜ਼ੁਲਮ ਹੋ ਰਿਹਾ ਹੈ।

### ਫ਼ੌਜ ਦੇ ਸੇਵਾਮੁਕਤ ਕੈਪਟਨ ਦੀ ਕੁੱਟ-ਕੁੱਟ ਕੇ ਹੱਤਿਆ-

ਉੱਤਰ ਪ੍ਰਦੇਸ਼ ਦੇ ਅਮੇਠੀ ਜ਼ਿਲ੍ਹੇ ਵਿਚ ਭਗਵੇਂ ਅੱਤਵਾਦੀਆਂ ਨੇ ਇਕ 64 ਸਾਲਾ ਸੇਵਾਮੁਕਤ ਫ਼ੌਜੀ ਕੈਪਟਨ ਦੀ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ। ਇਹ ਘਟਨਾ ਗੌੜੀਆਂ ਕਾ ਪੂਰਬਾ ਪਿੰਡ ਵਿਚ ਵਾਪਰੀ ਹੈ। ਮ੍ਰਿਤਕ ਦੀ ਸ਼ਨਾਖ਼ਤ ਸੇਵਾਮੁਕਤ ਫ਼ੌਜੀ ਕੈਪਟਨ ਅਮਾਨਉੱਲ੍ਹਾ ਵੱਜੋਂ ਹੋਈ ਹੈ। ਮ੍ਰਿਤਕ ਦੇ ਪੁੱਤਰ ਨੇ ਦੱਸਿਆ ਕਿ ਹਮਲਾਵਰ ਉਨ੍ਹਾਂ ਦੇ ਘਰ ਵਿਚ ਦਾਖ਼ਲ ਹੋ ਗਏ ਤੇ ਡੰਡਿਆਂ ਨਾਲ ਪਿਤਾ ਤੇ ਮਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਤੇ ਜੈ ਸ੍ਰੀ ਰਾਮ ਦੇ ਨਾਅਰੇ ਲਗਾਏ। ਹਮਲਾਵਰਾਂ ਨੇ ਅਮਾਨਉੱਲ੍ਹਾ ਦੇ ਸਿਰ ਵਿਚ ਕਈ ਵਾਰ ਕੀਤੇ ਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਏਐੱਸਪੀ ਦਯਾਰਾਮ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

### ਭਾਜਪਾ ਆਗੂ ਵੱਲੋਂ ਮੁਸਲਮਾਨਾਂ ਤੋਂ ਗਾਂਵਾਂ ਖੋਹਣ ਦੀ ਵਕਾਲਤ-

ਬਾਰਾਬੰਕੀ ਨਗਰ ਪਾਲਿਕਾ ਲਖਨਊ ਦੇ ਸਾਬਕਾ ਚੇਅਰਮੈਨ ਰਣਜੀਤ ਸ੍ਰੀਵਾਸਤਵ ਨੇ ਕਿਹਾ ਹੈ, 'ਗਾਂ ਸਾਡੀ ਮਾਤਾ ਹੈ, ਅਸੀਂ ਆਪਣੀ ਮਾਤਾ ਦਾ ਦਾਹ ਸੰਸਕਾਰ ਕਫਨ ਪਾ ਕੇ ਤੇ ਅਗਨੀ ਦਿਖਾ ਕੇ ਕਰਦੇ ਹਾਂ, ਉਸੇ ਤਰ੍ਹਾਂ ਗਊ ਮਾਤਾ ਦਾ ਵੀ ਕਰਨਾ ਚਾਹੀਦਾ ਹੈ।' ਉਨ੍ਹਾ ਇਹ ਵੀ ਕਿਹਾ ਕਿ ਮੁਸਲਮਾਨਾਂ ਤੋਂ ਗਾਂਵਾਂ ਖੋਹ ਲੈਣੀਆਂ ਚਾਹੀਦੀਆਂ ਹਨ। ਜਿਵੇਂ ਅਸੀਂ ਆਪਣੀਆਂ ਕੁੜੀਆਂ ਦੇ ਮੁਸਲਮਾਨਾਂ ਦੇ ਘਰ ਜਾਣ ਨੂੰ ਲਵ ਜਿਹਾਦ ਕਹਿੰਦੇ ਹਾਂ, ਉਸੇ ਤਰ੍ਹਾਂ ਗਾਂਵਾਂ ਬਾਰੇ ਸੋਚਣਾ ਚਾਹੀਦਾ ਹੈ।

### ਭਾਜਪਾਈ ਤਾਕਤ ਦੇ ਨਸ਼ੇ 'ਚ-

ਮੌਬ ਲਿੰਚਿੰਗ ਨੂੰ ਲੈ ਕੇ ਉੱਘੀਆਂ ਹਸਤੀਆਂ ਵੱਲੋਂ ਪ੍ਰਧਾਨ ਮੰਤਰੀ ਨੂੰ ਲਿਖੇ ਗਏ ਪੱਤਰ 'ਤੇ ਕੇਰਲਾ ਭਾਜਪਾ ਦੇ ਬੁਲਾਰੇ ਬੀ ਗੋਪਾਲਾਕ੍ਰਿਸ਼ਨਨ ਦੇ ਇਸ ਬਿਆਨ ਕਿ ਜੇ ਜੈ ਸ੍ਰੀ ਰਾਮ ਦੇ ਜੈਕਾਰੇ ਬਰਦਾਸ਼ਤ ਨਹੀਂ ਹੁੰਦੇ ਤਾਂ ਉਹ ਚੰਨ ਜਾਂ ਕਿਸੇ ਦੂਜੇ ਗ੍ਰਹਿ 'ਤੇ ਜਾਣ ਲਈ ਆਜ਼ਾਦ ਹਨ, ਦਾ ਠੋਕਵਾਂ ਜਵਾਬ ਦਿੰਦਿਆਂ ਮਸ਼ਹੂਰ ਫਿਲਮਸਾਜ਼ ਗੋਪਾਲਾਕ੍ਰਿਸ਼ਨਨ ਨੇ ਕਿਹਾ ਹੈ, 'ਭਾਜਪਾ ਦੇ ਦੋਸਤ ਦਾ ਸੁਝਾਅ ਚੰਗਾ ਹੈ। ਮੈਂ ਚੰਨ 'ਤੇ ਚਲਾ ਜਾਵਾਂਗਾ, ਜੇ ਉਹ ਮੇਰੇ ਲਈ ਟਿਕਟ ਤੇ ਉਥੇ ਰਹਿਣ ਲਈ ਰੂਮ ਬੁਕ ਕਰਵਾ ਦੇਣ।'

### ਦੇਸ ਦੀ 49 ਹਸਤੀਆਂ ਵਲੋਂ ਮੋਦੀ ਨੂੰ ਪੱਤਰ-

ਦੇਸ਼ ਦੀਆਂ 49 ਮੰਨੀਆਂ-ਪ੍ਰਮੰਨੀਆਂ ਹਸਤੀਆਂ ਨੇ ਮੋਦੀ ਨੂੰ ਪੱਤਰ ਲਿਖ ਕੇ ਪੁੱਛਿਆ ਸੀ ਕਿ ਮੌਬ ਲਿੰਚਿੰਗ ਦੇ ਅਪਰਾਧੀਆਂ ਖਿਲਾਫ ਕੀ ਐਕਸ਼ਨ ਲਿਆ ਗਿਆ ਹੈ। ਉਨ੍ਹਾਂ ਕਿਹਾ ਸੀ ਕਿ ਜੈ ਸ੍ਰੀ ਰਾਮ ਦੇ ਨਾਅਰੇ ਨੂੰ ਉਕਸਾਉਣ ਵਾਲਾ ਬਣਾ ਦਿੱਤਾ ਗਿਆ ਹੈ। ਇਨ੍ਹਾਂ ਹਸਤੀਆਂ ਵਿੱਚ ਫ਼ਿਲਮ ਨਿਰਮਾਤਾ ਅਨੁਰਾਗ ਕਸ਼ੱਯਪ, ਮਨੀਰਤਨਮ, ਅਰਪਣਾ ਸੇਨ ਤੇ ਇਤਿਹਾਸਕਾਰ ਰਾਮਚੰਦਰ ਗੂਹਾ ਆਦਿ ਸ਼ਾਮਲ ਹਨ, ਨੇ ਲਗਾਤਾਰ ਹੋ ਰਹੀਆਂ ਭੀੜਤੰਤਰੀ ਘਟਨਾਵਾਂ ਅਤੇ ਜੈ ਸ੍ਰੀ ਰਾਮ ਨਾਅਰੇ ਦੀ ਦੁਰਵਰਤੋਂ ਉੱਤੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਹੈ ਕਿ ਕਾਨੂੰਨ ਤੇ ਵਿਵਸਥਾ ਨੂੰ ਤੋੜਨ ਤੇ ਬਹੁਤ ਵਾਰੀ ਭੀੜਤੰਤਰੀ ਹਿੰਸਾ ਸਮੇਂ ਵੀ ਇਸੇ ਨਾਅਰੇ ਦੀ ਵਰਤੋਂ ਕੀਤੀ ਜਾ ਰਹੀ ਹੈ। ਰਾਮ ਦੇ ਨਾਂਅ ਉੱਤੇ ਕੀਤੇ ਜਾ ਰਹੇ ਅਜਿਹੇ ਅਪਰਾਧਾਂ ਉੱਤੇ ਲਗਾਮ ਲੱਗਣੀ ਚਾਹੀਦੀ ਹੈ।

ਦੂਸਰੇ ਪਾਸੇ ਕੇਂਦਰੀ ਮੰਤਰੀ ਗਿਰੀਰਾਜ ਨੇ ਸਿੱਧੇ ਤੌਰ ਉੱਤੇ ਕਹਿ ਦਿੱਤਾ ਸੀ ਕਿ ਲਿਚਿੰਗ ਵਿਚਿੰਗ ਤਾਂ ਸਿਰਫ਼ ਧਰਮ ਨਿਰਪੱਖਤਾ ਵਾਲਿਆਂ ਵੱਲੋਂ ਘੜੇ ਗਏ ਸ਼ਬਦ ਹਨ ਭਾਵ ਇਸ ਦੀ ਜ਼ਮੀਨੀ ਸੱਚਾਈ ਕੁਝ ਨਹੀਂ ਹੈ। ਇਸੇ ਤਰ੍ਹਾਂ ਹੀ ਕੇਂਦਰੀ ਮੰਤਰੀ ਮੁਖਤਿਆਰ ਅਬਾਸ ਨਕਵੀ ਨੇ ਵੀ ਭੀੜਤੰਤਰੀ ਹਿੰਸਾ ਦੀ ਸੱਚਾਈ ਤੋਂ ਇਨਕਾਰ ਕਰਦਿਆਂ ਕਹਿ ਦਿੱਤਾ ਹੈ ਕਿ ਅਜਿਹੀਆਂ ਬਹੁਤੀਆਂ ਘਟਨਾਵਾਂ ਜਾਂਚ ਤੋਂ ਬਾਅਦ ਝੂਠੀਆਂ ਸਾਬਤ ਹੁੰਦੀਆਂ ਹਨ।

ਅਜਿਹੇ ਵਿੱਚ ਪ੍ਰਧਾਨ ਮੰਤਰੀ ਕੋਲੋਂ ਇਹ ਆਸ ਰੱਖਣੀ ਨਿਰਾਰਥਕ ਹੈ ਕਿ ਉਹ ਅਜਿਹਾ ਕਾਨੂੰਨ ਘੜਨ ਵਿੱਚ ਪਹਿਲ-ਕਦਮੀ ਕਰਨਗੇ, ਜਿਹੜਾ ਭੀੜਤੰਤਰੀ ਹਿੰਸਾ ਨੂੰ ਕਾਬੂ ਕਰ ਸਕੇ।

### ਬੁੱਧੀਜੀਵੀਆਂ ਖਿਲਾਫ਼ 61 ਭਗਵੀਂ ਹਸਤੀਆਂ ਨੇ ਖੋਲ੍ਹਿਆਂ ਮੋਰਚਾ-

ਭਾਰਤ ਵਿਚ ਵਧ ਰਹੇ ਘੱਟ ਗਿਣਤੀਆਂ ਦੇ ਹਜੂਮੀ ਕਤਲਾਂ ਅਤੇ ਨਫਰਤੀ ਅਪਰਾਧਾਂ ਨੂੰ ਲੈ ਕੇ 49 ਹਸਤੀਆਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਨੂੰ ਲਿਖੇ ਪੱਤਰ ਦੇ ਜਵਾਬ ਵਿੱਚ 61 ਹਸਤੀਆਂ ਨੇ ਬਿਆਨ ਜਾਰੀ ਕਰਕੇ ਇਸ ਦਾ ਵਿਰੋਧ ਕੀਤਾ ਹੈ।

ਭਾਰਤੀ ਫਿਲਮ ਸਰਟੀਫਿਕੇਟ ਬੋਰਡ ਦੇ ਮੁਖੀ ਪ੍ਰਸੂਨ ਜੋਸ਼ੀ, ਬੌਲੀਵੁੱਡ ਅਦਾਕਾਰਾ ਕੰਗਣਾ ਰਣੌਤ, ਫਿਲਮਸਾਜ਼ ਮਧੁਰ ਭੰਡਾਰਕਰ, ਵਿਵੇਕ ਅਗਨੀਹੋਤਰੀ, ਨ੍ਰਿਤਕੀ ਸੋਨਲ ਮਾਨਸਿੰਘ ਸਮੇਤ 61 ਹਸਤੀਆਂ ਨੇ ਬਿਆਨ ਜਾਰੀ ਕਰਦਿਆਂ ਕਿਹਾ, '23 ਜੁਲਾਈ ਨੂੰ ਕੁਝ ਆਪੂੰ ਬਣੇ ਰੱਖਿਅਕਾਂ ਤੇ ਸਮਝਦਾਰ ਲੋਕਾਂ ਨੇ ਚੋਣਵੀਆਂ ਗੱਲਾਂ 'ਤੇ ਫਿਕਰ ਜ਼ਾਹਿਰ ਕੀਤਾ ਅਤੇ ਉਨ੍ਹਾਂ ਨੇ ਸਿਆਸੀ ਨਜ਼ਰੀਏ ਤੋਂ ਪੱਖਪਾਤ ਵਾਲਾ ਰਵੱਈਆ ਦਿਖਾਇਆ।' ਉਨ੍ਹਾਂ ਕਿਹਾ, '23 ਜੁਲਾਈ ਨੂੰ ਲਿਖੇ ਪੱਤਰ ਦਾ ਮਕਸਦ ਭਾਰਤ ਦੇ ਕੌਮਾਂਤਰੀ ਅਕਸ ਨੂੰ ਢਾਹ ਲਾਉਣਾ ਅਤੇ ਭਾਰਤੀ ਦਾ ਮੂਲ ਸਮਝੇ ਜਾਣ ਵਾਲੇ ਸਕਾਰਾਤਮਕ ਰਾਸ਼ਟਰਵਾਦ ਤੇ ਮਾਨਵਵਾਦ ਦੀ ਨੀਂਹ 'ਤੇ ਸ਼ਾਸਨ ਕਰਨ ਦੀਆਂ ਪ੍ਰਧਾਨ ਮੰਤਰੀ ਦੀਆਂ ਕੋਸ਼ਿਸ਼ਾਂ ਨੂੰ ਨਕਾਰਾਤਮਕ ਢੰਗ ਨਾ ਪੇਸ਼ ਕਰਨਾ ਹੈ।' ਉਨ੍ਹਾਂ ਕਿਹਾ ਕਿ ਉਸ ਪੱਤਰ ਵਿਚ ਕੁਝ ਚੋਣਵੀਆਂ ਗੱਲਾਂ 'ਤੇ ਰੋਸ ਜਤਾਇਆ ਗਿਆ ਹੈ ਜੋ, 'ਇੱਕ ਰਾਸ਼ਟਰ ਅਤੇ ਲੋਕਾਂ ਦੇ ਰੂਪ ਵਿਚ ਸਾਡੀ ਸਾਂਝੀ ਕਾਰਜਪ੍ਰਣਾਲੀ ਦੇ ਲੋਕਤੰਤਰਿਕ ਸੁਭਾਅ ਤੇ ਮਾਪ-ਦੰਡਾਂ ਨੂੰ ਬਦਨਾਮ ਕਰਨ ਦੇ ਇਰਾਦੇ ਨਾਲ ਝੂਠੇ ਕਿਸਮ ਦਾ ਪ੍ਰਚਾਰ ਕਰਨ ਦੀ ਕੋਸ਼ਿਸ਼ ਸੀ।'

### ਹਜੂਮੀ ਹਿੰਸਾ ਬਾਰੇ ਸੁਪਰੀਮ ਕੋਰਟ ਵਲੋਂ ਨੋਟਿਸ-

ਸੁਪਰੀਮ ਕੋਰਟ ਨੇ ਪਿਛਲੇ ਸਾਲ ਹਜੂਮੀ ਹਿੰਸਾ ਦੀਆਂ ਘਟਨਾਵਾਂ 'ਤੇ ਨੱਥ ਪਾਉਣ ਲਈ ਜਾਰੀ ਕੀਤੇ ਗਏ ਨਿਰਦੇਸ਼ਾਂ ਨੂੰ ਲਾਗੂ ਨਾ ਕਰਨ ਦੇ ਲਾਏ ਗਏ ਦੋਸ਼ਾਂ ਮਗਰੋਂ ਕੇਂਦਰ ਸਰਕਾਰ ਤੋਂ ਜਵਾਬ ਮੰਗਿਆ ਹੈ। ਚੀਫ਼ ਜਸਟਿਸ ਰੰਜਨ ਗੋਗੋਈ ਅਤੇ ਜਸਟਿਸ ਦੀਪਕ 'ਤੇ ਆਧਾਰਿਤ ਬੈਂਚ ਨੇ ਇੰਡੀਆ ਟਰੱਸਟ ਦੀ ਭ੍ਰਿਸ਼ਟਾਚਾਰ ਵਿਰੋਧੀ ਪ੍ਰੀਸ਼ਦ ਜਥੇਬੰਦੀ ਵੱਲੋਂ ਦਾਖ਼ਲ ਪਟੀਸ਼ਨ 'ਤੇ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਸੂਬਾ ਸਰਕਾਰਾਂ ਨੂੰ ਨੋਟਿਸ ਜਾਰੀ ਕਰ ਦਿੱਤੇ। ਟਰੱਸਟ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਅਨੁਕੂਲ ਚੰਦਰ ਨੇ ਕਿਹਾ ਕਿ ਹਜੂਮੀ ਹਿੰਸਾ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ ਅਤੇ ਸੁਪਰੀਮ ਕੋਰਟ ਦੀਆਂ ਹਦਾਇਤਾਂ ਨੂੰ ਲਾਗੂ ਕਰਨ ਲਈ ਕੋਈ ਕਦਮ ਨਹੀਂ ਉਠਾਏ ਜਾ ਰਹੇ ਹਨ। ਟਰੱਸਟ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ 17 ਜੁਲਾਈ 2018 ਨੂੰ ਪਾਸ ਕੀਤੇ ਗਏ ਨਿਰਦੇਸ਼ਾਂ ਨੂੰ ਲਾਗੂ ਨਹੀਂ ਕੀਤਾ ਗਿਆ ਹੈ। ਹਜੂਮੀ ਹਿੰਸਾ ਵਰਗੇ ਜੁਰਮਾਂ ਦੀ 'ਰੋਕਥਾਮ, ਉਪਾਅ ਅਤੇ ਸਖ਼ਤ ਸਜ਼ਾਵਾਂ' ਜਿਹੇ ਕਦਮ ਉਠਾਉਣ ਲਈ ਸਰਕਾਰ ਨੂੰ ਨਿਰਦੇਸ਼ ਦਿੱਤੇ ਗਏ ਸਨ। ਇਹ ਨਿਰਦੇਸ਼ ਕਾਂਗਰਸ ਕਾਰਕੁਨ ਤਹਿਸੀਨ ਪੂਨਾਵਾਲਾ ਵੱਲੋਂ ਦਾਖ਼ਲ ਜਨਹਿੱਤ ਪਟੀਸ਼ਨ 'ਤੇ ਜਾਰੀ ਕੀਤੇ ਗਏ ਸਨ। ਸੁਪਰੀਮ ਕੋਰਟ ਨੇ ਸੰਸਦ ਨੂੰ ਕਿਹਾ ਸੀ ਕਿ ਉਹ ਹਜੂਮੀ ਹਿੰਸਾ ਅਤੇ ਗਊ ਰੱਖਿਅਕਾਂ ਨਾਲ ਕਰੜੇ ਹੱਥੀਂ ਨਜਿੱਠਣ ਲਈ ਨਵਾਂ ਕਾਨੂੰਨ ਬਣਾਉਣ ਬਾਰੇ ਵਿਚਾਰ ਕਰੇ। ਸੁਪਰੀਮ ਕੋਰਟ ਨੇ ਕਿਹਾ ਸੀ ਕਿ ਸਾਰੇ ਸੂਬਿਆਂ ਦਾ ਫਰਜ਼ ਬਣਦਾ ਹੈ ਕਿ ਉਹ ਲੋਕਾਂ ਵਿਚਕਾਰ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ।

## ਭਾਜਪਾ ਲਾਗੂ ਕਰ ਰਹੀ ਹੈ ਆਰਐਸਐਸ ਦਾ ਏਜੰਡਾ

ਦੇ ਬਾਨੀਆਂ ਵਿੱਚੋਂ ਇੱਕ ਸਨ। ਸੰਨ 1939 ਵਿੱਚ ਹੇਡਗੇਵਾਰ ਨੇ ਗੁਰੂ ਗੋਲਵਲਕਰ ਨੂੰ ਆਪਣਾ ਵਾਰਸ ਨਿਯੁਕਤ ਕੀਤਾ। ਸੰਨ 1940 ਤੋਂ ਸੰਨ 1973 ਤੱਕ ਗੋਲਵਲਕਰ ਆਰਐਸਐਸ ਦੇ ਸੁਪਰੀਮੋ ਰਹੇ। ਸਾਵਰਕਰ, ਮੁੰਜੇ ਅਤੇ ਹੇਡਗੇਵਾਰ ਨੇ ਲਗਾਤਾਰ ਕਈ ਲੇਖ ਲਿਖ ਕੇ ਮੁਸੋਲਿਨੀ ਤੇ ਹਿਟਲਰ ਦੀਆਂ ਅੰਨ੍ਹੀਆਂ-ਕੌਮਵਾਦੀ ਨੀਤੀਆਂ ਦੀ ਬਹੁਤ ਸ਼ਲਾਘਾ ਕੀਤੀ ਸੀ ਤੇ ਨਾਜ਼ੀਆਂ ਦੁਆਰਾ ਯਹੂਦੀਆਂ ਦੇ ਸਫ਼ਾਏ ਨੂੰ ਠੀਕ ਮੰਨਦੇ ਹੋਏ ਭਾਰਤ ਵਿੱਚ ਵੀ ਮੁਸਲਮਾਨਾਂ ਦੀ "ਸਮੱਸਿਆ" ਦੇ ਹੱਲ ਲਈ ਇਹੀ ਰਾਹ ਸੁਝਾਇਆ। ਬਾਅਦ ਵਿੱਚ ਗੋਲਵਲਕਰ ਨੇ ਵੀ ਆਪਣੀਆਂ ਕਿਤਾਬਾਂ 'ਵੂਈ, ਆਰ ਅਵਰ ਨੇਸ਼ਨਹੁਡ ਡਿਫਾਇੰਡ' ਅਤੇ 'ਬੰਚ ਆਫ਼ ਥਾਟਸ' ਵਿੱਚ ਅਜਿਹੇ ਹੀ ਵਿਚਾਰ ਰੱਖੇ। ਆਰਐਸਐਸ ਨੇ ਅੰਗਰੇਜ਼ਾਂ ਦੇ ਵਿਰੁੱਧ ਕਿਸੇ ਵੀ ਘੋਲ਼ ਵਿੱਚ ਕਦੇ ਵੀ ਹਿੱਸਾ ਨਹੀਂ ਲਿਆ। ਉਲਟਾ ਇਸਦੇ ਆਗੂਆਂ ਦੁਆਰਾ ਮੁਖਬਰੀ ਅਤੇ ਮਾਫ਼ੀਨਾਮਿਆਂ ਦਾ ਲੰਬਾ ਕਾਲ਼ਾ ਇਤਿਹਾਸ ਮੌਜੂਦ ਹੈ। ਹਮੇਸ਼ਾਂ ਇਹਨਾਂ ਦੇ ਨਿਸ਼ਾਨੇ 'ਤੇ ਮੁਸਲਮਾਨ, ਈਸਾਈ ਅਤੇ ਕਮਿਊਨਿਸਟ ਰਹੇ ਹਨ।

ਵਿਸ਼ਵ ਹਿੰਦੂ ਪ੍ਰੀਸ਼ਦ, ਸ਼ਿਵ ਸੈਨਾ ਅਤੇ ਬਜਰੰਗ ਦਲ ਵਰਗੀਆਂ ਸੰਘ ਦੀਆਂ ਸਹਾਇਕ ਜਥੇਬੰਦੀਆਂ ਹਨ, ਜੋ ਭਗਵਾਂ ਅੱਤਵਾਦ ਉਤਸ਼ਾਹਿਤ ਕਰ ਰਹੀਆਂ ਹਨ। ਪ੍ਰਚਾਰ-ਤੰਤਰ ਦੀ ਯੋਜਨਾਬੱਧ ਵਰਤੋਂ ਵਿੱਚ ਭਾਰਤੀ ਫਾਸ਼ੀਵਾਦੀ ਵੀ ਆਪਣੇ ਜਰਮਨ ਅਤੇ ਇਤਾਲਵੀ ਰਾਹ-ਦਸੇਰਿਆਂ ਦੇ ਢੰਗ-ਤਰੀਕਿਆਂ ਦੀ ਹੀ ਵਰਤੋਂ ਕਰਦੇ ਹਨ।

'ਗੁਜਰਾਤ - 2002' ਵਰਗਾ ਨਸਲਕੁਸ਼ੀ ਕਾਂਡ ਜਰਮਨ ਵਿਚ ਹਿਟਲਰ ਰਾਜ ਦੌਰਾਨ ਯਹੂਦੀਆਂ ਦੇ ਸਫਾਏ ਵਰਗਾ ਵਾਪਰਿਆ ਕਾਂਡ ਹੈ, ਜੋ ਮੋਦੀ ਰਾਜ ਦੌਰਾਨ ਵਾਪਰਿਆ। ਹੁਣ ਘੱਟ ਗਿਣਤੀਆਂ, ਦਲਿਤਾਂ ਤੇ ਲਗਾਤਾਰ ਹਮਲੇ ਹੋ ਰਹੇ ਹਨ ਤੇ ਕਾਲੇ ਕਾਨੂੰਨ ਬਣਾਏ ਜਾ ਰਹੇ ਹਨ। ਭਾਜਪਾ ਸਰਕਾਰ ਸੰਘ ਪਰਿਵਾਰ ਦੀ ਹਿਟਲਰਸ਼ਾਹੀ ਫਿਲਾਸਫੀ ਹੀ ਲਾਗੂ ਕਰ ਰਹੀ ਹੈ।

## ਅਮਰੀਕੀ ਨਾਗਰਿਕਤਾ ਲੈਣੀ ਹੋ ਜਾਵੇਗੀ ਔਖੀ

ਐਂਡ ਪਲੈਨਿੰਗ ਕੌਂਸਲ ਦੇ ਕਾਰਜਕਾਰੀ ਡਾਇਰੈਕਟਰ ਮੰਜੂ ਕੁਲਕਰਨੀ ਨੇ ਕਿਹਾ ਹੈ ਕਿ ਬਿਨਾ ਸ਼ੱਕ ਟਰੰਪ ਪ੍ਰਸ਼ਾਸਨ ਲੋਕਾਂ ਲਈ ਅਮਰੀਕਾ ਆਉਣ ਤੇ ਅਮਰੀਕਾ ਆ ਕੇ ਇਥੋਂ ਦੀ ਨਾਗਰਿਕਤਾ ਲੈਣ ਦੀ ਪ੍ਰਕ੍ਰਿਆ ਨੂੰ ਸਖਤ ਕਰ ਰਿਹਾ ਹੈ। ਉਨਾਂ ਕਿਹਾ ਕਿ ਟਰੰਪ ਪ੍ਰਸ਼ਾਸਨ ਦਾ ਇਹ ਕਦਮ ਪ੍ਰਵਾਸੀਆਂ ਉਪਰ ਨਿਰੰਤਰ ਹਮਲਿਆਂ ਦੀ ਨੀਤੀ ਦਾ ਹੀ ਹਿੱਸਾ ਹੈ। ਕੁਲਕਰਨੀ ਨੇ ਇਸ ਸਬੰਧ ਵਿਚ ਟਰੰਪ ਵੱਲੋਂ ਕੀਤੇ ਤਾਜ਼ਾ ਟਵੀਟ ਦਾ ਵੀ ਹਵਾਲਾ ਦਿੱਤਾ ਹੈ ਜਿਨ੍ਹਾਂ ਵਿਚ ਉਸ ਨੇ 4 ਨਵੇਂ ਡੈਮੋਟਕਰੈਟਿਕ ਕਾਂਗਰਸ ਮੈਂਬਰਾਂ ਨੂੰ ਉਥੇ ਵਾਪਿਸ ਜਾਣ ਲਈ ਕਿਹਾ ਹੈ ਜਿਥੋਂ ਉਹ ਆਏ ਹਨ। ਟਰੰਪ ਨੇ ਕਿਹਾ ਹੈ ਕਿ ਉਥੇ ਉਨਾਂ ਦੀ ਵਧੇਰੇ ਲੋੜ ਹੈ। ਇਨ੍ਹਾਂ ਵਿਚੋਂ ਤਿੰਨ ਕਾਂਗਰਸ ਮੈਂਬਰ ਅਮਰੀਕਾ ਵਿਚ ਹੀ ਜੰਮੇ ਤੇ ਵੱਡੇ ਹੋਏ ਹਨ ਜਦ ਕਿ ਇਨ੍ਹਾਂ ਵਿਚੋਂ ਇਕ ਸੋਮਾਲੀਆ ਵਿਚ ਜੰਮਿਆ ਸੀ ਤੇ 12 ਸਾਲ ਦੀ ਉਮਰ ਵਿਚ ਉਹ ਅਮਰੀਕਾ ਆ ਗਿਆ ਸੀ। ਕੁਲਕਰਨੀ ਨੇ ਜ਼ੋਰ ਦੇ ਕੇ ਕਿਹਾ ਹੈ ਕਿ "ਇਹ ਸਾਡਾ ਦੇਸ਼ ਹੈ। ਇਹ ਦਿਲ ਤੋੜ ਦੇਣ ਵਾਲਾ ਵਰਤਾਰਾ ਹੈ ਕਿ ਪ੍ਰਸ਼ਾਸਨ ਤੁਹਾਡੇ ਖਿਲਾਫ ਹੈ ਤੇ ਉਹ ਕਹਿ ਰਿਹਾ ਹੈ ਕਿ ਤੁਹਾਡੀ ਇਥੇ ਲੋੜ ਨਹੀਂ ਹੈ।" ਕੋਈ ਦਹਾਕੇ ਤੋਂ ਵੀ ਵੱਧ ਸਮੇਂ ਵਿਚ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਨਾਗਰਿਕਤਾ ਟੈਸਟ ਨੂੰ ਨਵੇਂ ਸਿਰੇ ਤੋਂ ਤਿਆਰ ਕੀਤਾ ਜਾ ਰਿਹਾ ਹੈ। ਇਹ ਟੈਸਟ ਪਾਸ ਕਰਨ ਲਈ ਸੰਭਾਵੀ ਸ਼ਹਿਰੀ ਨੂੰ 10 ਵਿਚੋਂ 6 ਪ੍ਰਸ਼ਨਾਂ ਦੇ ਸਹੀ ਜਵਾਬ ਦੇਣੇ ਪੈਣਗੇ। ਇਹ 10 ਸਵਾਲ ਕੁੱਲ 100 ਸਵਾਲਾਂ ਵਿਚੋਂ ਪੁੱਛੇ ਜਾਣਗੇ।

## ਗੁਰੂ ਨਗਰੀ 'ਚ ਅੰਤਰਰਾਸ਼ਟਰੀ ਨਗਰ ਕੀਰਤਨ ਦੀ ਧੂਮ

ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਹੈੱਡ ਗ੍ਰੰਥੀ, ਸ. ਮਨਜਿੰਦਰ ਸਿੰਘ ਸਿਰਸਾ, ਬਾਬਾ ਬਲਬੀਰ ਸਿੰਘ ਨਿਹੰਗ ਮੁਖੀ ਦਾ ਸਵਾਗਤ ਕੀਤਾ ਗਿਆ।

ਸੰਗਤਾਂ ਦੇ ਸਵਾਗਤ ਲਈ ਫੁੱਲਾਂ ਦੀ ਭਰਵੀਂ ਵਰਖਾ ਕੀਤੀ ਗਈ। ਇਸੇ ਦੌਰਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਸਿੰਘ ਸਾਹਿਬਾਨ ਅਤੇ ਸੰਗਤਾਂ ਨੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਥੇ ਸੰਗਤ ਦੀ ਆਮਦ 'ਤੇ ਸਥਾਨਕ ਸਿੱਖ ਸੰਗਤ ਵੱਲੋਂ ਗੁਰਦੁਆਰਾ ਸਾਹਿਬ ਵਿਚ ਠੰਡੇ ਮਿੱਠੇ ਜਲ ਦੀ ਛਬੀਲ ਲਾਈ ਹੋਈ ਸੀ।

## ਅਣਖ ਖਾਤਿਰ ਪਰਿਵਾਰ ਦੇ ਤਿੰਨ ਜੀਆਂ ਦੀ ਹੱਤਿਆ

ਵਿਅਕਤੀ ਉਨ੍ਹਾਂ ਦਾ ਪਿੱਛਾ ਕਰਦੇ ਹੋਏ ਰਾਤ ਸਮੇਂ ਉਨ੍ਹਾਂ ਦੇ ਘਰ ਆਏ ਜਿਥੋਂ ਉਹ ਪਹਿਲਾਂ ਹੀ ਜਾ ਚੁੱਕੇ ਸੀ।

ਹਰਮਨਜੀਤ ਨੇ ਦੱਸਿਆ ਕਿ ਜਦੋਂ ਅਸੀਂ ਉਨ੍ਹਾਂ ਨੂੰ ਘਰ ਨਾ ਮਿਲੇ ਤਾਂ ਉਨ੍ਹਾਂ ਨੇ ਮੇਰੇ ਪਿਤਾ ਜੋਗਿੰਦਰ ਸਿੰਘ, ਭਰਾ ਪਵਨਦੀਪ ਸਿੰਘ (16 ਸਾਲ) ਅਤੇ ਭੈਣ ਪ੍ਰਭਜੀਤ ਕੌਰ (20 ਸਾਲ) ਦਾ ਬੜੀ ਬੇਰਿਹਮੀ ਨਾਲ ਕਤਲ ਕਰ ਦਿੱਤਾ। ਘਟਨਾ ਦਾ ਪਤਾ ਚਲਦਿਆਂ ਹੀ ਐਸ.ਪੀ. ਹਰਜੀਤ ਸਿੰਘ, ਡੀ.ਐਸ.ਪੀ. ਕੰਵਲਜੀਤ ਸਿੰਘ ਅਤੇ ਥਾਣਾ ਮੁਖੀ ਰਣਜੀਤ ਸਿੰਘ ਪੁਲਿਸ ਫ਼ੋਰਸ ਸਮੇਤ ਮੌਕੇ 'ਤੇ ਪਹੁੰਚੇ ਅਤੇ ਲਾਸ਼ਾਂ ਨੂੰ ਕਬਜ਼ੇ ਵਿਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ।

ਪੁਲਿਸ ਨੇ ਹਰਮਨਜੀਤ ਸਿੰਘ ਦੇ ਬਿਆਨਾਂ 'ਤੇ ਥਾਣਾ ਸਰਾਏ ਅਮਾਨਤ ਖਾਂ ਵਿਚ ਲੜਕੀ ਦੇ ਪਿਤਾ ਬੀਰ ਸਿੰਘ ਪੁੱਤਰ ਗੁਰਮੇਜ ਸਿੰਘ, ਭਰਾ ਸੁੱਖਾ ਸਿੰਘ, ਅਰਸ਼ਦੀਪ ਸਿੰਘ, ਵਰਦੀਪ ਸਿੰਘ, ਹੈਪੀ, ਗੋਬਿੰਦ ਅਤੇ ਮਨੀ ਤੋ ਇਲਾਵਾਂ 5/6 ਅਣਪਛਾਤੇ ਵਿਆਕਤੀਆਂ ਵਿਰੁਧ ਧਾਰਾ ਕੇਸ ਦਰਜ ਕਰ ਲਿਆ ਹੈ।

# ਹੜ੍ਹ ਪੀੜਤਾਂ ਲਈ ਡਟਿਆ ਖ਼ਾਲਸਾ ਏਡ



**ਚੰਡੀਗੜ੍ਹ/ਏਟੀ ਨਿਊਜ਼ :** ਪਰਉਪਕਾਰੀ ਸੰਸਥਾ ਖ਼ਾਲਸਾ ਏਡ ਨੇ ਇੱਕ ਵਾਰ ਫਿਰ ਲੋਕਾਂ ਦਾ ਦਿਲ ਜਿੱਤਿਆ ਹੈ। ਖ਼ਾਲਸਾ ਏਡ ਨੇ ਹੜ੍ਹਾਂ ਦੀ ਮਾਰ ਝੱਲ ਰਹੇ ਰਾਜ ਅਸਾਮ ਵਿੱਚ ਲੰਗਰ ਦੇ ਨਾਲ-ਨਾਲ ਚਾਰ ਹਜ਼ਾਰ ਤੋਂ ਵੱਧ ਪੀੜਤਾਂ ਤਕ ਰਾਸ਼ਨ ਪਹੁੰਚਾਇਆ ਹੈ। ਇਹ ਪਹਿਲੀ ਵਾਰ ਨਹੀਂ ਕਿ ਖ਼ਾਲਸਾ ਏਡ ਨੇ ਕੁਦਰਤੀ ਆਫ਼ਤਾਂ ਕਾਰਨ ਮੁਸ਼ਕਲ ਵਿੱਚ ਫਸੇ ਲੋਕਾਂ ਦੀ ਮਦਦ ਕੀਤੀ ਹੋਵੇ। ਇਸ ਤੋਂ ਪਹਿਲਾਂ ਸੰਸਥਾ ਨੇ ਮਹਾਰਾਸ਼ਟਰ ਦੇ ਸੋਕਾ ਪੀੜਤ ਇਲਾਕੇ ਵਿੱਚ ਪਾਣੀ ਪਹੁੰਚਾਇਆ ਸੀ ਤੇ ਓਡੀਸ਼ਾ ਦੇ ਫਾਨੀ ਤੂਫਾਨ ਤੋਂ ਪੀੜਤ ਲੋਕਾਂ ਦੀ ਵੀ ਮਦਦ ਕੀਤੀ ਸੀ।

ਸੰਸਥਾ ਨੇ ਸੀਰੀਆ ਤੋਂ ਲੈ ਕੇ ਇਰਾਕ ਤੇ ਮਿਆਂਮਾਰ ਜਿਹੇ ਦੇਸ਼ਾਂ ਵਿੱਚ ਵੀ ਪਰਉਪਕਾਰੀ ਮਿਸ਼ਨ ਚਲਾਏ ਹਨ। ਹੁਣ ਖ਼ਾਲਸਾ ਏਡ ਅਸਾਮ ਵਿੱਚ ਕੰਮ ਕਰ ਰਹੀ ਹੈ। ਸੂਬੇ ਦੇ 33 ਵਿੱਚੋਂ 27 ਜ਼ਿਲ੍ਹੇ ਭਾਰੀ ਮੀਂਹ ਕਾਰਨ ਹੜ੍ਹਾਂ ਦੀ ਮਾਰ ਹੇਠ ਹਨ। ਇਸ ਕੁਦਰਤੀ ਆਫ਼ਤ ਕਾਰਨ ਤਕਰੀਬਨ 49 ਲੱਖ ਲੋਕ ਆਪਣੇ ਘਰਾਂ ਤੋਂ ਦੂਰ ਸੁਰੱਖਿਅਤ ਥਾਵਾਂ 'ਤੇ ਪਹੁੰਚਾਏ ਗਏ ਹਨ।

# ਪੰਜਾਬੀ ਸਾਹਿਤ ਸਭਾ ਵੱਲੋਂ ਲੇਖਕ ਹਰਮੀਤ ਸਿੰਘ ਅਟਵਾਲ ਦਾ ਸਨਮਾਨ

**ਯੂਬਾਸਿਟੀ/ਏਟੀ ਨਿਊਜ਼ :** ਅਮਰੀਕਾ ਦੀ ਪਲੇਠੀ ਸਹਿਤਕ ਸੰਸਥਾ, ਸਾਹਿਤ ਸਭਾ ਯੂਬਾ ਸਿਟੀ, (ਕੈਲੀਫੋਰਨੀਆ) ਵੱਲੋਂ ਸ਼ਹਿਰ ਵਿਚ ਇਕ ਖਾਸ ਪਰੋਗਰਾਮ ਆਯੋਜਿਤ ਕਰਕੇ , ਸਾਹਿਤਕਾਰ ਹਰਮੀਤ ਸਿੰਘ ਅਟਵਾਲ ਨੂੰ ਉਹਨਾਂ ਦੀਆਂ ਸਹਿਤਕ ਪਰਾਪਤੀਆਂ ਨੂੰ ਮੱਦੇਨਜ਼ਰ ਰੱਖਦੇ ਹੋਏ, ਸਨਮਾਨਿਤ ਕੀਤਾ ਗਿਆ। ਸਭਾ ਦੇ ਸੀਨੀਅਰ ਮੈਂਬਰ ਹਰਬੰਸ ਸਿੰਘ ਜਗਿਆਸੂ ਨੇ ਹਰਮੀਤ ਸਿੰਘ ਅਟਵਾਲ ਦਾ ਕਸ਼ਮੀਰੀ ਸ਼ਾਲ ਪਹਿਨਾਕੇ ਸਨਮਾਨ ਕੀਤਾ। ਲੇਖਕ ਬੌਬੀ ਗੋਸਲ ਨੇ ਸ੍ਰੀ ਅਟਵਾਲ ਨੂੰ ਸਭਾ ਵਲੋਂ ਮੈਡਲ ਪਹਿਨਾਇਆ ਤੇ ਸਭਾ ਦੇ ਮੈਂਬਰਾਂ ਨੇ ਅਟਵਾਲ ਦੀ ਸਹਿਤਕ ਦੇਣ ਬਾਰੇ ਆਪਣੇ ਵਿਚਾਰ ਦੱਸੇ। ਉਪਰੰਤ ਸਭਾ ਦੀ ਰੂਹ-ਏ-ਰਵਾਂ ਇਕਵਿੰਦਰ ਸਿੰਘ ਦੀਆਂ ਦੋ ਨਵੀਆਂ ਪੁਸਤਕਾਂ "ਜ਼ੁਬਾਨ ਫੁੱਲਾਂ ਦੀ" ਅਤੇ "ਜ਼ਿੰਦਗੀ ਨੇ ਪੈਲ ਪਾਈ" ਰਲੀਜ਼ ਕੀਤੀਆਂ ਗਈਆਂ। ਇਸ ਸਮੇਂ ਪੰਜਾਬੀ ਸਾਹਿਤ ਸਭਾ ਯੂਬਾਸਿਟੀ ਦੇ



ਫਾਊਂਡਰ ਸਰਦਾਰ ਜਸਪਾਲ ਸੂਸ ਜੀ ਖਾਸ ਤੌਰ 'ਤੇ ਪਹੁੰਚੇ ਹੋਏ ਸਨ। ਉਹਨਾਂ ਨੇ ਸਭਾ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤਕ ਦੇ ਕੌੜੇ-ਮਿੱਠੇ ਸਫਰ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਇਸ ਮੌਕੇ ਰਣਜੀਤ ਸਿੰਘ ਜੌਹਲ, ਰਮਣੀਕ ਸਿੰਘ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਉੱਤੇ ਪੰਜਾਬ ਦੀ ਚਰਚਿਤ ਪੰਜਾਬੀ ਸਾਹਿਤ ਸਭਾ ਜਲੰਧਰ ਛਾਉਣੀ ਨੇ ਵੀ ਪੰਜਾਬੀ ਸਾਹਿਤ ਸਭਾ ਯੂਬਾ ਯੂਬਾ ਸਿਟੀ ਨਾਲ ਜੁੜਨ ਦਾ ਫੈਸਲਾ ਕੀਤਾ ਜਿਸ ਦਾ ਸਭਾ ਦੇ ਸਮੂਹ ਮੈਂਬਰਾਂ ਨੇ ਮੇਜ਼ ਥਪਥਪਾ ਕੇ ਸਵਾਗਤ ਕੀਤਾ। ਇਸ ਦੌਰਾਨ ਸਰਬ ਸੰਮਤੀ ਨਾਲ ਇਹ ਫੈਸਲਾ ਵੀ ਕੀਤਾ ਗਿਆ ਕਿ ਭਵਿਖ ਵਿੱਚ ਬਹੁਤ ਜਲਦੀ ਵਿਸ਼ਵ ਕਾਨਫਰੰਸਾਂ ਦੀ ਲੜੀ ਚਲਾਈ ਜਾਵੇਗੀ, ਜਿਸ ਵਿੱਚ ਵਿਸ਼ਵ ਭਰ ਦੇ ਪਰਿਪੱਕ ਪੰਜਾਬੀ ਸਾਹਿਤਕਾਰ ਭਾਗ ਲੈਣਗੇ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਇਹ ਵੀ ਦੱਸਿਆ ਗਿਆ ਕਿ ਪੰਜਾਬੀ ਸਾਹਿਤ ਸਭਾ ਯੂਬਾ ਸਿਟੀ ਦੀ ਕੋਈ ਵੀ ਹੋਰ ਸ਼ਾਖਾ ਨਹੀਂ ਹੈ।

# ਲੋਕ-ਗਾਇਕ ਹਰਭਜਨ ਮਾਨ ਦੇ ਨਵੇਂ ਗੀਤ ਦੀਆਂ ਚੁਫੇਰਿਓਂ ਸਿਫਤਾਂ

**ਜੀਤ ਹਰਜੀਤ**

ਪੰਜਾਬੀ ਗਾਇਕੀ ਵਿਚ ਆ ਰਹੇ ਨਿਘਾਰ ਦੇ ਦੌਰ ਵਿਚ ਵੀ ਕਈ ਗਾਇਕ ਅਜਿਹੇ ਹਨ ਜਿਨ੍ਹਾਂ ਨੇ ਹਾਲੇ ਵੀ ਪੰਜਾਬੀ ਦਾ ਸਿਰ ਉੱਚਾ ਰੱਖਿਆ ਹੋਇਆ ਹੈ। ਅਜਿਹਾ ਹੀ ਇਕ ਕਲਾਕਾਰ ਹੈ ਹਰਭਜਨ ਮਾਨ। ਉਸ ਦੇ ਹਰ ਗੀਤ ਦਾ ਵਿਸ਼ਾ ਸੱਭਿਆਚਾਰ ਦੀ ਤਰਜਮਾਨੀ ਕਰਦਾ ਹੈ, ਸ਼ਾਇਦ ਇਸ ਲਈ ਹੀ 'ਚਿੱਠੀਏ ਨੀ ਚਿੱਠੀਏ' ਤੋਂ ਸ਼ੁਰੂ ਹੋਇਆ ਸਫ਼ਰ ਅੱਜ ਵੀ ਜਾਰੀ ਹੈ। ਉਸ ਦੀ ਇਹ ਸਿਫਤ ਹੈ ਕਿ ਉਸ ਨੇ ਆਪਣੇ ਉਸਤਾਦ ਕਰਨੈਲ ਸਿੰਘ ਪਾਰਸ ਦੇ ਨਾਂ ਨੂੰ ਦਾਗ ਨਹੀਂ ਲੱਗਣ ਦਿੱਤਾ। ਹਾਲ ਹੀ ਵਿਚ ਰਿਲੀਜ਼ ਹੋਏ ਹਰਭਜਨ ਮਾਨ ਦੇ ਪਰਿਵਾਰਕ ਗੀਤ 'ਤੇਰੇ ਪਿੰਡ ਗਈ ਸਾਂ ਵੀਰਾ ਵੇ' ਦੀ ਬਹੁਤ ਸ਼ਲਾਘਾ ਹੋ ਰਹੀ ਹੈ। ਇਸ ਗੀਤ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਮੌਜੂਦਾ ਸਮੇਂ ਵਿਚ ਤਿੜਕ ਰਹੇ ਰਿਸ਼ਤਿਆਂ 'ਤੇ ਵਿਅੰਗ ਕਰਦਾ ਹੈ। ਅਜੋਕੇ ਦੌਰ ਵਿਚ ਰਿਸ਼ਤਿਆਂ ਦੀਆਂ ਟੁੱਟ ਰਹੀਆਂ ਤੰਦਾਂ ਨੂੰ ਮਜ਼ਬੂਤੀ ਦਿੰਦੇ ਇਸ ਗੀਤ ਦੇ ਬੋਲ ਆਪਸੀ ਮੋਹ ਪਿਆਰ ਬਰਕਰਾਰ ਰੱਖਣ ਦੀ ਸਲਾਹ ਦਿੰਦੇ ਹਨ। ਇਹ ਗੀਤ ਬਾਬੂ ਸਿੰਘ ਮਾਨ ਨੇ ਲਿਖਿਆ ਹੈ। ਗੀਤ ਵਿਚ ਇਕ



ਭੈਣ ਆਪਣੀ ਪੇਕਿਆਂ ਨਾਲ ਸਾਂਝ ਦਾ ਹੇਰਵਾ ਪ੍ਰਗਟਾਉਂਦੀ ਨਜ਼ਰ ਆਉਂਦੀ ਹੈ। ਇਕ ਕੁੜੀ ਕਿਵੇਂ ਮਾਂ, ਪਿਓ ਦੇ ਜਿਉਂਦਿਆਂ ਤਕ ਖ਼ੁਸ਼ੀ-ਖ਼ੁਸ਼ੀ ਪੇਕਿਆਂ ਨੂੰ ਭੱਜਦੀ ਹੈ, ਪਰ ਉਨ੍ਹਾਂ ਦੇ ਚਲੇ ਜਾਣ ਪਿੱਛੋਂ ਉਹ ਇਹ ਦੋਵੇਂ ਰਿਸ਼ਤੇ ਆਪਣੇ ਹਮਸ਼ੀਰਾਂ ਵਿਚੋਂ ਲੱਭਦੀ ਹੈ। ਜਿਨ੍ਹਾਂ ਬਦਕਿਸਮਤ ਕੁੜੀਆਂ ਕੋਲ ਪੇਕਿਆਂ ਦਾ ਕੋਈ ਵੀ ਸਕਾ ਸਬੰਧੀ ਜਿਉਂਦਾ ਨਹੀਂ ਰਹਿੰਦਾ, ਉਨ੍ਹਾਂ ਲਈ ਪੇਕਾ ਸ਼ਬਦ ਦੇ ਅਰਥ ਹੀ ਖ਼ਤਮ ਹੋ ਜਾਂਦੇ ਹਨ। ਪਰ ਉਨ੍ਹਾਂ ਦਾ ਅੰਦਰਲਾ ਮਨ ਉਨ੍ਹਾਂ ਨੂੰ ਫਿਰ ਵੀ ਪੇਕਿਆਂ ਦੀ ਜੂਹ ਤਕ ਖਿੱਚ ਕੇ ਲੈ ਆਉਂਦਾ ਹੈ, ਜਿੱਥੋਂ ਉਹ ਪਿਛਲਾ ਸਭ ਕੁਝ ਚੇਤੇ ਕਰ ਭਰੇ ਮਨ ਨਾਲ ਪਰਤ ਆਉਂਦੀਆਂ ਹਨ। ਹਰਭਜਨ ਮਾਨ ਨੇ ਆਪਣੀ ਗਾਇਕੀ ਅਤੇ ਅਦਾਕਾਰੀ ਜ਼ਰੀਏ ਪੰਜਾਬੀ ਮਾਂ ਬੋਲੀ ਦਾ ਝੰਡਾ ਵਿਦੇਸ਼ਾਂ ਵਿਚ ਵੀ ਲਹਿਰਾਇਆ ਹੈ। ਉਸ ਦੀ ਗਾਇਕੀ ਦੀ ਇਕ ਖਾਸੀਅਤ ਇਹ ਹੈ ਕਿ ਉਸ ਦੇ ਗੀਤ ਦੇ ਬੋਲ ਠੇਠ ਪੰਜਾਬੀ ਅਤੇ ਸਾਦੇ ਹੁੰਦੇ ਹਨ ਜੋ ਮੱਲੋ-ਮੱਲੀ ਹਰ ਪੰਜਾਬੀ ਦੀ ਜ਼ੁਬਾਨ 'ਤੇ ਚੜ੍ਹ ਜਾਂਦੇ ਹਨ ਅਤੇ ਦੂਸਰੀ ਖਾਸੀਅਤ ਇਹ ਹੈ ਕਿ ਉਸ ਨੇ ਹਮੇਸ਼ਾਂ ਆਮ ਲੋਕਾਂ ਨਾਲ ਜੁੜੇ ਵਿਸ਼ਿਆਂ ਨੂੰ ਗੀਤਾਂ ਵਿਚ ਕਹਿਣ ਦੀ ਕੋਸ਼ਿਸ਼ ਕੀਤੀ ਹੈ ਜਿਸ ਕਰਕੇ ਉਸ ਨੂੰ ਅਥਾਹ ਪਿਆਰ ਮਿਲਿਆ ਹੈ।

# ਸਿੱਖ-ਖੇਡਾਂ ਨਿਊਜਰਸੀ ਦਾ ਤਿੰਨ ਦਹਾਕਿਆਂ ਦਾ ਸ਼ਾਨਾਮੱਤਾ ਸਫਰ

**ਯਾਦਵਿੰਦਰ ਸਿੰਘ**

ਚੇਅਰਮੈਨ, ਟਰੱਸਟੀ ਬੋਰਡ, ਸ੍ਰੀ ਗੁਰੂ ਸਿੰਘ ਸਭਾ ਗਲੇਨ ਰਾਕ, ਨਿਊਜਰਸੀ।

ਸਰੀਰ ਅਤੇ ਮਨ ਸਾਡੇ ਸਰੀਰ ਦੇ ਦੋ ਮੂਲ ਤੱਤ ਮੰਨੇ ਗਏ ਹਨ ਅਤੇ ਸਾਡੇ ਲਈ ਦੋਹਾਂ ਨੂੰ ਸਿਹਤਮੰਦ ਰੱਖਣਾ ਮਹੱਤਵਪੂਰਨ ਹੈ। ਸਰੀਰਕ ਅਤੇ ਮਾਨਸਿਕ ਤੰਦਰੁਸਤੀ ਦਾ ਇਹ ਸੰਤੁਲਨ ਸਾਡੇ ਲਈ ਸਿਹਤਮੰਦ ਅਤੇ ਖੁਸ਼ਹਾਲ ਜ਼ਿੰਦਗੀ ਜੀਉਣ ਲਈ ਬਹੁਤ ਮਹੱਤਵਪੂਰਨ ਹੈ। ਭਾਵੇਂ ਸਿੱਖ ਜੀਵਨ ਜਾਚ ਵਿਚ ਸਿਰਫ ਸਰੀਰ ਅਤੇ ਮਨ ਦਾ ਸੰਤੁਲਨ ਹੀ ਚੰਗੇ ਜੀਵਨ ਦਾ ਅਧਾਰ ਨਹੀਂ ਹੈ ਪਰ ਸਾਡੇ ਗੁਰੂਆਂ ਨੇ ਸਾਨੂੰ ਰੂਹਾਨੀਅਤ ਦੇ ਰਸਤੇ ਨਾਲ ਜੋੜਨ ਲਈ ਇਹਨਾਂ ਦੋਵਾਂ ਨੂੰ ਵੀ ਸਿਹਤਮੰਦ ਰੱਖਣ ਦੀ ਤਾਕੀਦ ਤੇ ਬਖਸ਼ਿਸ਼ ਕੀਤੀ ਹੋਈ ਹੈ।

ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਸਿੱਖਾਂ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਰੂਹਾਨੀ ਸੰਦੇਸ਼ ਨੂੰ ਪਰਚਾਰਨ ਦੇ ਨਾਲ-ਨਾਲ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਨੂੰ ਕਾਇਮ ਰੱਖਣ ਲਈ ਖੇਡਾਂ ਤੇ ਕਸਰਤਾਂ ਦੀ ਸ਼ੁਰੂਆਤ ਕਰਦੇ ਹਨ। ਉਨ੍ਹਾਂ ਨੇ ਕੁਸ਼ਤੀ, ਘੋੜ ਸਵਾਰੀ, ਗੱਤਕਾ (ਸਿੱਖ ਮਾਰਸ਼ਲ ਆਰਟ) ਦੇ ਰੂਪ ਵਿਚ ਆਪਣੇ ਸਿੱਖਾਂ ਲਈ ਖੇਡ ਕਾਰਜਾਂ ਦੇ ਨਾਲ-ਨਾਲ ਵੱਡੀ ਪੱਧਰ ਉਤੇ ਸਰਗਰਮੀਆਂ ਕੀਤੀਆਂ। ਗੁਰੂ ਨਾਨਕ ਦੇਵ ਜੀ ਦੁਆਰਾ ਸਿੱਖ ਧਰਮ ਦੀ ਸਥਾਪਨਾ ਤੋਂ ਲੈ ਕੇ ਹੁਣ ਤਕ ਜੀਵੰਤ, ਸੰਤੁਲਿਤ ਰੂਹ ਦੇ ਬੁਨਿਆਦੀ ਵਿਕਾਸ ਲਈ ਕਿਰਤ, ਸੇਵਾ ਅਤੇ ਸਿਮਰਨ ਦੀ ਪਰੰਪਰਾ ਰਹੀ ਹੈ। ਪਰ ਕੀ ਕੋਈ ਗੁਰੂ ਨਾਨਕ ਦੇਵ ਜੀ ਦੀ ਸਰੀਰਕ ਤੰਦਰੁਸਤੀ ਦੀ ਕਲਪਨਾ ਕਰ ਸਕਦਾ ਹੈ ? ਜਦੋਂ ਤੁਸੀਂ ਉਨ੍ਹਾਂ ਦੀਆਂ ਪੰਜ ਉਦਾਸੀਆਂ ਬਾਰੇ ਪੜ੍ਹਦੇ ਹੋ ਤਾਂ ਹੈਰਾਨ ਰਹਿ ਜਾਂਦੇ ਹੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਰੀਰਕ ਤੇ ਮਾਨਸਿਕ ਤੰਦਰੁਸਤੀ ਦਾ ਇਹ ਸੰਤੁਲਨ ਕਾਗਜ਼ਾਂ 'ਤੇ ਕੇਵਲ ਸ਼ਬਦਾਂ ਵਿਚ ਬਿਆਨ ਕਰਨਾ ਮੁਸ਼ਕਲ ਹੈ। ਗੁਰੂ ਸਾਹਿਬ ਨੇ ਪੈਦਲ ਹੀ 18,000 ਮੀਲ ਦੀ ਯਾਤਰਾ ਕੀਤੀ, ਵਾਹਿਗੁਰੂ ਦਾ ਸੰਦੇਸ਼ ਦਿੱਤਾ, ਵਿਸ਼ਵ ਵਿਆਪੀ ਭਾਈਚਾਰਾ ਬਣਾਉਣ ਅਤੇ ਸੰਸਾਰ ਦੇ ਸਿਰਜਣਹਾਰ ਨਾਲ ਆਪਣਾ ਪਿਆਰ ਗੰਢਣ ਦੀ ਜ਼ਰੂਰਤ ਬਾਰੇ ਦੱਸਿਆ। ਇਸ ਪਵਿੱਤਰ ਸੰਦੇਸ਼ ਨੂੰ ਫੈਲਾਉਣ ਲਈ ਹਜ਼ਾਰਾਂ ਮੀਲ ਦੀ ਯਾਤਰਾ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਭਾਵਨਾਤਮਕ ਤਾਕਤ ਅਤੇ ਨਿਮਰਤਾ ਨੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਇਹ ਸਭ ਇਕ ਸੰਗਠਿਤ ਅਭਿਆਸ ਵਿਚ ਲਿਆਉਣ ਅਤੇ ਸਿੱਖ ਕੌਮ ਨੂੰ ਮਜ਼ਬੂਤ ਕਰਨ ਦੀ ਨੀਂਹ ਰੱਖੀ।

ਅਸੀਂ ਇਥੇ ਨਿਊਜਰਸੀ ਦੀਆਂ ਸਿੱਖ ਖੇਡਾਂ ਬਾਬਤ ਗੱਲ ਕਰ ਰਹੇ ਹਾਂ। ਅੱਜ ਇਨ੍ਹਾਂ ਖੇਡਾਂ ਦੀ ਸ਼ੁਰੂਆਤ ਹੋਇਆਂ ਤਿੰਨ ਦਹਾਕਿਆਂ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਸ਼ੁਰੂਆਤ ਵਿਚ ਨਿਊਜਰਸੀ ਦੀ ਗਲੇਨ ਰਾਕ ਗੁਰਦੁਆਰਾ ਸਾਹਿਬ ਦੀ ਸੰਗਤ ਨਿਊਜਰਸੀ ਸਿੱਖ ਖੇਡਾਂ ਦੀ ਮੋਢੀ ਬਣੀ। ਉਸ ਸਮੇਂ ਨਿਊਜਰਸੀ ਦੇ ਗਲੇਨ ਰਾਕ ਗੁਰਦੁਆਰਾ ਸਾਹਿਬ ਦੀ ਸੰਗਤ ਨੇ ਅਮਰੀਕਾ ਵਿਚ ਵਸੇ ਸਿੱਖਾਂ ਦੇ ਬੱਚਿਆਂ ਲਈ ਇਕ ਭਾਈਚਾਰਕ ਸਮਾਗਮ ਕਰਵਾਉਣ ਦੀ ਜ਼ਰੂਰਤ ਮਹਿਸੂਸ ਕੀਤੀ ਸੀ ਕਿ ਜਿਥੇ ਸਾਡੇ ਨੌਜਵਾਨ, ਜੋ ਪੱਛਮੀ ਸੰਸਾਰ ਵਿਚ ਇਕੱਲਤਾ ਮਹਿਸੂਸ ਕਰ ਰਹੇ ਸਨ, ਆਪਣਾ ਹੁਨਰ ਤਰਾਸ਼ ਸਕਣ ਤੇ ਖੁਦ ਨੂੰ ਨਵੇਂ ਸੰਸਾਰ ਦੀਆਂ ਚੁਣੌਤੀਆਂ ਨਾਲ ਸਿੱਝਣ ਦੇ ਯੋਗ ਬਣਾ ਸਕਣ।

ਉਸ ਸਮੇਂ ਪੰਜਾਬ ਵਿਚ ਜੂਨ ਅਤੇ ਨਵੰਬਰ 1984 ਦੀਆਂ ਘਟਨਾਵਾਂ ਉਨ੍ਹਾਂ ਦੇ ਦਿਲਾਂ ਅਤੇ ਰੂਹਾਂ ਵਿਚ ਗੂੰਜ ਰਹੀਆਂ ਸਨ ਕਿਉਂਕਿ ਸਿੱਖ ਕੌਮ ਉਤੇ ਭਾਰਤੀ ਹਕੂਮਤ ਵੱਲੋਂ ਜ਼ੁਲਮ ਕੀਤੇ ਜਾ ਰਹੇ ਸੀ। ਸਿੱਖ ਭਾਰਤ ਦੀ ਕੈਦ ਵਿਚੋਂ ਨਿਕਲ ਕੇ ਆਜ਼ਾਦ ਫਿਜ਼ਾ ਵਿਚ ਸਾਹ ਲੈਣ ਲਈ ਬਾਹਰਲੇ ਮੁਲਕਾਂ ਵੱਲ ਪਰਵਾਸ ਕਰ ਰਹੇ ਸਨ। ਪੰਜਾਬ ਦੀ ਜਵਾਨੀ ਨੂੰ ਪੰਜਾਬ ਪੁਲਿਸ ਅਤੇ ਫੌਜੀ ਮਸ਼ੀਨਰੀ ਦੁਆਰਾ ਰੋਜ਼ਾਨਾ ਮਾਰਿਆ ਜਾ ਰਿਹਾ ਸੀ ਤੇ ਸਿੱਖ ਆਪਣੇ ਬੱਚਿਆਂ ਤੇ ਪੂਰੀ ਦੀ ਪੂਰੀ ਪੀੜ੍ਹੀ ਨੂੰ ਉਸ ਜ਼ੁਲਮ ਤੋਂ ਬਚਾਉਣ ਲਈ ਲੜਾਈ ਲੜ ਰਹੇ ਸਨ। ਭਾਰਤੀ ਫੌਜ ਸਿੱਖਾਂ ਨੂੰ ਸਰੀਰਕ ਤੌਰ 'ਤੇ ਖਤਮ ਕਰ ਰਹੀ ਸੀ। ਉਸ ਮੌਕੇ ਭਾਵਨਾਤਮਕ ਤਸ਼ੱਦਦ ਅਤੇ ਧਾਰਮਿਕ ਦਮਨ ਪੰਜਾਬ ਦੇ ਲਗਭਗ ਹਰ ਸਿੱਖ ਪਰਿਵਾਰ ਦੁਆਰਾ ਮਹਿਸੂਸ ਕੀਤਾ ਜਾ ਰਿਹਾ ਸੀ। ਇਸ ਕਰਕੇ ਵੱਡੀ ਗਿਣਤੀ ਵਿਚ ਸਿੱਖ ਆਜ਼ਾਦੀ ਦੀ ਤਾਂਘ ਵਿਚ ਭਾਰਤ ਤੋਂ ਬਾਹਰ ਪਰਵਾਸ ਕਰ ਰਹੇ ਸਨ। ਅਮਰੀਕਾ ਦੀ ਇਸ ਧਰਤੀ 'ਤੇ ਵਸਣ ਆਏ ਇਨ੍ਹਾਂ ਨਵੇਂ ਪਰਵਾਸੀਆਂ ਨੂੰ ਮੁਸ਼ਕਲ ਹਾਲਾਤ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਉਹ ਇਸ ਪੱਛਮੀ ਸਮਾਜ ਲਈ ਨਵੇਂ ਸਨ। ਉਨ੍ਹਾਂ ਦੀ ਵੱਖਰੀ ਪਛਾਣ ਅਕਸਰ ਅਮਰੀਕਨਾਂ ਲਈ ਬੇਚੈਨੀ ਦਾ ਕਾਰਨ ਬਣਦੀ ਸੀ ਅਤੇ ਪਛਾਣ ਦੀ ਗਲਤੀ ਕਾਰਨ ਇਥੇ ਸਿੱਖ ਅਕਸਰ ਨਿਸ਼ਾਨਾ ਵੀ ਬਣਦੇ ਰਹੇ।

ਇਕੱਲੇ ਇਥੇ ਆਏ ਨੌਜਵਾਨ ਸਿੱਖ ਇਸ ਤੋਂ ਵੀ ਮੁਸ਼ਕਲ ਹਾਲਾਤ ਵਿਚ ਸਨ। ਉਨ੍ਹਾਂ ਦਿਨਾਂ ਵਿਚ ਸਿੱਖਾਂ ਨਾਲ ਧੱਕੇਸ਼ਾਹੀ ਅਤੇ ਉਨ੍ਹਾਂ ਨੂੰ ਪ੍ਰੇਸ਼ਾਨ ਕਰਨ ਦੀਆਂ ਘਟਨਾਵਾਂ ਆਮ ਸਨ। ਇਕ ਅਜਿਹੀ ਘਟਨਾ ਹੀ ਸਿੱਖ ਖੇਡਾਂ ਦੀ ਸ਼ੁਰੂਆਤ ਦਾ ਕਾਰਨ ਬਣ ਗਈ। ਜਸਪ੍ਰੀਤ ਸਿੰਘ (16 ਸਾਲ) ਨੇ ਆਪਣੀ ਸਿੱਖ ਪਛਾਣ ਬਣਾਈ ਰੱਖਦੇ ਹੋਏ ਆਪਣੇ ਸਕੂਲ ਵਿਚ ਨਸਲੀ ਪੱਖਪਾਤ ਨਾਲ ਨਜਿੱਠਣ ਲਈ ਇਕ ਸੰਘਰਸ਼ ਦੌਰਾਨ ਆਪਣੀ ਜਾਨ ਦੇ ਦਿੱਤੀ।

ਆਰੰਭ ਵਿਚ ਸਿੱਖ ਖੇਡਾਂ ਵਿਚ ਸਿਰਫ ਪੰਜ ਗੁਰਦੁਆਰੇ (ਬਰਿੱਜਵਾਟਰ, ਮਿਡ ਹਡਸਨ, ਰਿਚਮੰਡ ਹਿੱਲ, ਫਲੈਸ਼ਿੰਗ ਅਤੇ ਗਲੇਨ ਰਾਕ) ਹੀ ਭਾਗ ਲੈਂਦੇ ਸਨ। ਗਲੇਨ ਰਾਕ ਗੁਰਦੁਆਰਾ ਸਾਹਿਬ ਨਿਊਜਰਸੀ ਦੀਆਂ ਸਿੱਖ ਖੇਡਾਂ ਦਾ ਪਹਿਲਾ ਮੇਜ਼ਬਾਨ ਸੀ, ਜਿਸ ਵਿਚ ਉਕਤ ਗੁਰਦੁਆਰਿਆਂ ਵੱਲੋਂ ਤਿਆਰ ਸਿੱਖ ਖਿਡਾਰੀਆਂ ਦੀਆਂ ਟੀਮਾਂ ਨੇ ਭਾਗ ਲਿਆ। ਸ਼ੁਰੂਆਤ ਵਿਚ ਆਮ ਤੌਰ 'ਤੇ ਪੰਜਾਬ ਵਿਚ ਖੇਡੀਆਂ ਜਾਣ ਵਾਲੀਆਂ ਫੁੱਟਬਾਲ, ਵਾਲੀਬਾਲ, ਕਬੱਡੀ ਅਤੇ ਟ੍ਰੈਕ ਐਂਡ ਫੀਲਡ ਖੇਡਾਂ ਹੀ ਖੇਡੀਆਂ ਜਾਂਦੀਆਂ ਸਨ।

ਇਹ ਪਹਿਲੇ ਕੁਝ ਸਾਲਾਂ ਤਕ ਚੱਲਦਾ ਰਿਹਾ ਪਰੰਤੂ ਜਿਵੇਂ ਹੀ ਇਨ੍ਹਾਂ ਖੇਡਾਂ ਵਿਚ ਹੋਰ ਗੁਰਦੁਆਰਾ ਸਾਹਿਬਾਨ ਅਤੇ ਨੌਜਵਾਨਾਂ ਦੀ ਭਾਗੀਦਾਰੀ ਵਧਦੀ ਗਈ, ਸਿੱਖ ਖੇਡਾਂ ਨਿਊਜਰਸੀ ਦਾ ਘੇਰਾ ਵੀ ਵਿਸ਼ਾਲ ਹੁੰਦਾ ਗਿਆ। ਇਨ੍ਹਾਂ ਖੇਡਾਂ ਨੇ ਇਕੋ ਸਮੇਂ ਸਿੱਖ ਅਥਲੈਟਿਕ ਪ੍ਰਤਿਭਾ ਬਚਾਉਣ ਤੇ ਬਣਾਉਣ ਵਿਚ ਮਦਦ ਕਰਦਿਆਂ ਟਰਾਈ ਸਟੇਟ ਖੇਤਰ ਦੇ ਸਿੱਖ ਨੌਜਵਾਨਾਂ ਨੂੰ ਸਿੱਖ ਪੰਥ ਨਾਲ ਜੋੜਨ ਵਿਚ ਵੀ ਸਹਾਇਤਾ ਕੀਤੀ ਹੈ।

ਜਿਵੇਂ-ਜਿਵੇਂ ਖਿਡਾਰੀਆਂ ਦੀ ਗਿਣਤੀ ਵਧ ਰਹੀ ਹੈ, ਤਿਵੇਂ ਹੀ ਹੋਰ ਵਾਧੂ ਖੇਡਾਂ ਜਿਵੇਂ ਬਾਸਕਟਬਾਲ ਆਦਿ ਨੂੰ ਵੀ ਸਿੱਖ ਖੇਡਾਂ ਵਿਚ ਸ਼ਾਮਲ ਕੀਤਾ ਗਿਆ ਹੈ। ਸੰਨ 1997 ਵਿਚ ਗਲੇਨ ਰਾਕ ਗੁਰਦੁਆਰਾ ਸਾਹਿਬ ਦੁਆਰਾ ਸਿੱਖ ਖੇਡਾਂ ਦੀ ਮੇਜ਼ਬਾਨੀ ਕਰਨ ਤੋਂ ਬਾਅਦ ਸਿੱਖ ਖੇਡਾਂ ਨੂੰ ਨਿਊਜਰਸੀ ਵਿਚ ਸਥਾਪਤ ਹੋਰਨਾਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਵੀ ਹੋਸਟਿੰਗ ਦੀਆਂ ਜ਼ਿੰਮੇਵਾਰੀਆਂ ਦੇਣ ਦਾ ਫੈਸਲਾ ਕੀਤਾ ਗਿਆ।

ਹੁਣ ਖੇਡਾਂ ਦੀ ਵਿਸ਼ਾਲਤਾ, ਈਵੈਂਟਸ ਵਿਚ ਵਾਧੇ ਅਤੇ ਪੇਸ਼ੇਵਰ ਅਤੇ ਸੰਗਠਿਤ ਢੰਗ ਨਾਲ ਕਾਰਜਸ਼ੀਲ ਪਹਿਲੂਆਂ ਦੀ ਮੇਜ਼ਬਾਨੀ ਕਰਨ ਅਤੇ ਪ੍ਰਬੰਧਨ ਕਰਨ ਵਿਚ ਮੁਹਾਰਤ ਦੀ ਘਾਟ ਕਾਰਨ ਹੇਠ ਲਿਖੀਆਂ ਸਮੱਸਿਆਵਾਂ ਨੂੰ ਵੀ ਨੋਟ ਕੀਤਾ ਗਿਆ ਹੈ। ਜਿਵੇਂ ਕਿ-

ੳ) ਖੇਡਾਂ ਦੀ ਇਕਸਾਰਤਾ ਅਤੇ ਰਿਕਾਰਡ ਰੱਖਣ ਦੀ ਘਾਟ ਕਿਉਂਕਿ ਇਥੇ ਹਰ ਸਾਲ ਨਵੇਂ ਲੋਕ ਪ੍ਰਬੰਧਨ ਦਾ ਕਾਰਜ ਕਰਦੇ ਹਨ।

ਅ) ਮੇਜ਼ਬਾਨੀ ਲਈ ਸਿਰਫ ਇਕ ਗੁਰਦੁਆਰਾ ਸਾਹਿਬ ਦੇ ਮੈਂਬਰਾਂ ਜਾਂ ਟੀਮ ਦੁਆਰਾ ਪ੍ਰਬੰਧ ਸੰਭਾਲਣ ਦੀ ਮੁਸ਼ਕਲ ਆਉਣੀ, ਕਿਉਂਕਿ ਹੁਣ ਇਨ੍ਹਾਂ ਖੇਡਾਂ ਦੇ ਆਕਾਰ ਅਤੇ ਕਾਰਜ ਦਾ ਘੇਰਾ ਬਹੁਤ ਵੱਡਾ ਹੋ ਚੁੱਕਾ ਹੈ।

ੲ) ਵਿਆਪਕ ਢਾਂਚੇ ਦੀ ਘਾਟ ਅਤੇ ਮੈਦਾਨ ਵਿਚ ਵਿਵਾਦ, ਦੇਰੀ ਅਤੇ ਮੰਦਭਾਗੀਆਂ ਘਟਨਾਵਾਂ ਦਾ ਵਾਪਰਨਾ ਤੇ ਇਸ ਲਈ ਲਿਖਤੀ ਪ੍ਰਕ੍ਰਿਆ ਦਾ ਨਾ ਹੋਣਾ।

ਸ) ਨਵੀਂ ਪੀੜ੍ਹੀ ਦੀ ਖੇਡਾਂ ਦੇ ਸੰਸਥਾਗਤ ਕਾਰਜਾਂ 'ਚੋਂ ਗੈਰ ਹਾਜ਼ਰੀ, ਕਿਉਂਕਿ ਉਹ ਸਿੱਖ ਖੇਡਾਂ ਦੇ ਪ੍ਰਬੰਧਨ ਵਿਚ ਹਿੱਸਾ ਲੈਣ ਲਈ ਤਿਆਰ ਨਹੀਂ ਹੈ।

ਇਸ ਕਰ ਕੇ ਐਨਜੇ ਦੇ ਸਮੂਹ ਗੁਰਦੁਆਰਿਆਂ ਨੇ ਸਰਬਸੰਮਤੀ ਨਾਲ ਸਿੱਖ ਖੇਡਾਂ ਲਈ ਇਕ ਰਸਮੀ ਤੇ ਵਿਆਪਕ ਢਾਂਚਾ ਵਿਕਸਤ ਕਰਨ ਦਾ ਫੈਸਲਾ ਕੀਤਾ ਹੈ, ਤਾਂ ਕਿ ਇਨ੍ਹਾਂ ਖੇਡਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਨਿਊਜਰਸੀ ਸਿੱਖ ਗੇਮਜ਼ਦੇ ਨਾਮ ਤੇ ਇੱਕ ਨਵੀਂ ਗੈਰ-ਮੁਨਾਫਾਕਾਰੀ ਸੰਸਥਾ ਬਣਾਈ ਗਈ ਹੈ। ਐਨਜੇ ਗੁਰਦੁਆਰਾ ਸਾਹਿਬਾਨ ਦੇ ਸਾਰੇ ਮੈਂਬਰ ਤੇ ਪ੍ਰਮੁੱਖ ਇਸ ਸੰਗਠਨ ਦੇ ਟਰੱਸਟੀ ਹਨ ਅਤੇ ਹਰ ਗੁਰਦੁਆਰਾ ਸਾਹਿਬ ਦੀ ਤਰਫੋਂ ਸਿੱਖ ਖੇਡਾਂ ਦੇ ਕਾਰਜਾਂ ਨੂੰ ਚਲਾਉਣ ਲਈ ਕਾਰਜਕਾਰਣੀ ਦੇ ਮੈਂਬਰ (ਮੌਜੂਦਾ ਪ੍ਰਬੰਧਨ ਦੁਆਰਾ ਨਿਯੁਕਤ) ਬਣਾਏ ਹਨ।

ਸਮੂਹ ਗੁਰਦੁਆਰਾ ਪ੍ਰਧਾਨਾਂ ਨੂੰ ਸਿੱਖ ਖੇਡਾਂ ਦੇ ਨੀਤੀਗਤ ਮਾਮਲਿਆਂ ਨੂੰ ਹੱਲ ਕਰਨ ਬਾਰੇ ਨਿਯੁਕਤ ਕੀਤਾ ਹੈ ਜਦੋਂਕਿ ਵਰਕਿੰਗ ਕਮੇਟੀ ਦੇ ਮੈਂਬਰ ਸਿੱਖ ਖੇਡਾਂ ਕਰਵਾਉਣ ਦੀ ਯੋਜਨਾ ਨੂੰ ਅਮਲ ਵਿਚ ਲਿਆਉਣਗੇ। ਇਕਸਾਰਤਾ ਬਣਾਈ ਰੱਖਣ ਲਈ ਵਰਕਿੰਗ ਕਮੇਟੀ ਦੇ ਮੈਂਬਰਾਂ ਨੂੰ ਘੱਟੋ ਘੱਟ ਤਿੰਨ ਸਾਲਾਂ ਲਈ ਨਿਯੁਕਤ ਕੀਤਾ ਗਿਆ ਹੈ।

**ਐਨਜੇ ਸਿੱਖ ਖੇਡਾਂ ਦੇ ਭਵਿੱਖ ਲਈ ਚਿੰਤਾ ਦੇ ਖੇਤਰ:**

1) ਛੋਟੇ ਬੱਚਿਆਂ (14 ਅਤੇ ਇਸ ਤੋਂ ਘੱਟ) 'ਤੇ ਧਿਆਨ ਕੇਂਦਰਤ ਕਰਨ ਦੀ ਘਾਟ।

2) ਤਾਲਮੇਲ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਵਲੰਟੀਅਰਾਂ ਦੀ ਘਾਟ (ਬਾਲਗ ਜੋ ਖੁਦ ਸਿੱਖ ਖੇਡਾਂ ਵਿਚ ਖੇਡਿਆ ਹੈ, ਉਹ ਵਲੰਟੀਅਰੀ ਕਰਨ ਵਿਚ ਦਿਲਚਸਪੀ ਨਹੀਂ ਰੱਖਦਾ)।

3) ਕਮਿਊਨਿਟੀ ਵਿਚ ਨਵੀਂ ਖੇਡ ਪ੍ਰਤਿਭਾ ਦੇ ਵਿਕਾਸ ਲਈ ਦਿਲਚਸਪੀ ਦੀ ਘਾਟ।

4) ਸੰਸਥਾ ਦੀ ਵਿਰਾਸਤ ਅਤੇ ਸੰਭਾਲ ਦੀ ਮਹੱਤਤਾ ਬਾਰੇ ਕਮਿਊਨਿਟੀ ਦੀ ਘੱਟ ਸਮਝ।

ਅੱਜ ਜਦੋਂ ਅਸੀਂ ਨਿਊਜਰਸੀ ਸਿੱਖ ਖੇਡਾਂ ਦੇ 30 ਸਾਲਾਂ ਤੋਂ ਵੱਧ ਹੋਣ ਦੇ ਜਸ਼ਨ ਮਨਾ ਰਹੇ ਹਾਂ, ਤਾਂ ਸਾਡੇ ਲਈ ਇਹ ਮਹੱਤਵਪੂਰਣ ਹੈ ਕਿ ਇਸ ਸਲਾਨਾ ਸਮਾਗਮ ਦੀ ਮਹੱਤਤਾ ਨੂੰ ਇੱਕ ਸਿੱਖ ਵਿਰਾਸਤ ਦੇ ਰੂਪ ਵਿੱਚ ਪਛਾਣਿਆ ਜਾਵੇ, ਤਾਂ ਜੋ ਸਾਡੇ ਬੱਚੇ ਅਤੇ ਸਾਡੇ ਪੋਤੇ-ਪੋਤੀਆਂ ਨੂੰ ਇਨ੍ਹਾਂ ਖੇਡਾਂ ਵਿਚ ਸ਼ਾਮਲ ਹੋਣ ਦੇ ਮੌਕੇ ਮਿਲਦੇ ਰਹਿ ਸਕਣ। ਸਿੱਖ ਕਮਿਊਨਿਟੀ ਇਥੇ ਇਕ ਵੱਡੇ ਅਮਰੀਕੀ ਸਿੱਖ ਭਾਈਚਾਰੇ ਦੇ ਰੂਪ ਵਿਚ ਇਕੱਠੀ ਹੋਵੇ। ਇਹ ਸਾਡੀ ਸੰਗਠਨਾਤਮਕ ਤਾਕਤ ਨੂੰ ਮਜ਼ਬੂਤ ਕਰਨ ਵਿਚ ਸਹਾਇਤਾ ਕਰੇਗਾ ਅਤੇ ਵਿਸ਼ਾਲ ਅਮਰੀਕੀ ਅਦਾਰਿਆਂ ਵਿਚ ਵਧੇਰੇ ਪ੍ਰਭਾਵ ਵੀ ਜਮਾਵੇਗਾ।

ਸੰਗਠਾਨਤਮ ਸੁਧਾਰ ਨਾਲ, ਇਹ ਖੇਡਾਂ ਸਾਨੂੰ ਘੱਟੋ-ਘੱਟ ਇੱਕ ਅਜਿਹਾ ਸਿੱਖ ਐਥਲੀਟ ਵੀ ਦੇ ਸਕਦੀਆਂ ਹਨ ਜੋ ਅੱਗੇ ਜਾ ਕੇ ਅਮਰੀਕੀ ਖੇਡਾਂ ਦੇ ਖੇਤਰ ਵਿਚ ਇੱਕ ਮਸ਼ਹੂਰ ਪ੍ਰਤਿਭਾ ਜਾਂ ਸਟਾਰ ਬਣ ਸਕਦਾ ਹੈ। ਸੰਸਥਾਗਤ ਸ਼ਕਤੀ ਨਾਲ ਹੀ ਅਸੀਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਸਾਏ ਸਿੱਖ ਅਥਲੈਟਿਕਸ ਨੂੰ ਜਿਊਂਦਾ ਰੱਖਣ ਦੇ ਯਤਨਾਂ ਨੂੰ 21ਵੀਂ ਸਦੀ ਅਤੇ ਇਸ ਤੋਂ ਵੀ ਅੱਗੇ ਲਿਜਾਣ ਵਿਚ ਸਹਾਇਤਾ ਕਰ ਸਕਦੇ ਹਾਂ। ਸਾਨੂੰ ਸਾਰਿਆਂ ਨੂੰ ਇੱਕਠੇ ਹੋ ਕੇ ਇਸ ਸੰਸਥਾ ਨੂੰ ਬਣਾਉਣ ਵਿਚ ਸਹਾਇਤਾ ਕਰਨੀ ਚਾਹੀਦੀ ਹੈ ਅਤੇ ਇਸ ਨੂੰ ਵਿਕਾਸ ਅਤੇ ਪ੍ਰਬੰਧਨ ਦੇ ਅਗਲੇ ਪੜਾਅ 'ਤੇ ਲੈ ਜਾਣਾ ਚਾਹੀਦਾ ਹੈ।

ਵਾਹਿਗੁਰੂ ਜੀ ਕਾ ਖਾਲਸਾ।।
ਵਾਹਿਗੁਰੂ ਜੀ ਕੀ ਫਤਿਹ।।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

---

Property Sub-typeIndustrial
**Price $1,400,000**
1963 E DR MARTIN LUTHER KING JR BLVD,
STOCKTON, CA 95205
Size5.77 AC

---

2081 E Dr Martin Luther King Jr Blvd
8,000 SF Specialty Building
**Offered at $1,700,000**
5.5% Cap Rate in Stockton, CA

---

2101 East Martin Luther king
Jr Blvd,,Stockton
Truck Repair Shop
**Price 1,800,000**



Ranjit Singh
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit Singh

Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com


SHER® ROTI
SOFT
SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM